ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਸਾਵਣ-ਭਾਦੋਂ, ਸੰਮਤ ਨਾਨਕਸ਼ਾਹੀ ੫੫੨ ਅਗਸਤ 2020

ਜਿਲਦ ੬੪ (Vol. 64) ਅੰਕ ੫ (Issue 5)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | |
| ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ | -ਸਤਵਿੰਦਰ ਸਿੰਘ ਫੂਲਪੁਰ | ੯ |
| ਗੁਰਮਤਿ ਤੇ ਕਲਿਜੁਗ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੨ |
| ਬੁੱਢਾ ਸਾਹਿਬ ਖੋਲਹੁ ਗ੍ਰੰਥ. . . | -ਡਾ. ਤੇਜਿੰਦਰ ਪਾਲ ਸਿੰਘ | ੨੦ |
| ਗੁਰੂ-ਕਾਲ ਵਿਚ ਗੁਰਬਾਣੀ ਵਿਆਖਿਆਕਾਰੀ. . . | -ਡਾ. ਤਰਸੇਮ ਸਿੰਘ ਲੱਡਾ | ੨੯ |
| ਗੁਰਬਾਣੀ ਵਿਆਖਿਆਕਾਰੀ. . . | -ਡਾ. ਅਜੈਪਾਲ ਸਿੰਘ | ੩੭ |
| ਸਦ-ਜਾਗਤ ਸ਼ਖ਼ਸੀਅਤ : ਭਾਈ ਕਾਨ੍ਹ ਸਿੰਘ ਨਾਭਾ | -ਡਾ. ਰੂਪ ਸਿੰਘ | ੪੪ |
| ਅਣਕਹੀ ਪੀੜ. . . (ਕਵਿਤਾ) | -ਸ. ਹਰਪ੍ਰੀਤ ਸਿੰਘ ਨਿਰਗੁਨ | ੪੯ |
| ਗੁਰਬਾਣੀ ਵਿਚ ਸੇਵਾ ਦਾ ਸੰਕਲਪ | -ਡਾ. ਸੁਰਿੰਦਰ ਸਿੰਘ ਕੈਥਲ | ੫੦ |
| ਥਾਲ ਵਿਚਿ ਤਿੰਨਿ ਵਸਤੂ ਪਈਓ. . . | -ਡਾ. ਮਨਜੀਤ ਕੌਰ | ੫੪ |
| ਗੁਰੂ ਕੇ ਬਾਗ਼ ਦਾ ਮੋਰਚਾ | -ਸ. ਦਲਜੀਤ ਸਿੰਘ ਗਲਾਲੀਪੁਰ | ੬੦ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਣੀ ਪ੍ਰਵਚਨ. . . | -ਡਾ. ਚਮਕੌਰ ਸਿੰਘ | ੬੪ |
| ਸ. ਤੇਜਾ ਸਿੰਘ ਸਮੁੰਦਰੀ : ਸ਼ਖ਼ਸੀ ਅਤੇ ਪੰਥਕ ਜੀਵਨ | -ਡਾ. ਹਰਪ੍ਰੀਤ ਕੌਰ | ੭੫ |
| ਪੁਸਤਕ 'ਗੁਰੂ ਤੇਗ ਬਹਾਦਰ ਜੀ ਦੀ ਬਾਣੀ'. . . | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੮੪ |
| ਵਿਦਵਤਾ ਦੇ ਅੰਬਰਾਂ ਦਾ ਸੂਰਜ. . . (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੮੯ |
| ਧੁਰ ਕੀ ਬਾਣੀ (ਕਵਿਤਾ) | -ਸ. ਰਣਧੀਰ ਸਿੰਘ | ੯੧ |
| ਖ਼ਬਰਨਾਮਾ | | ੯੨ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

## ਗੁਰਬਾਣੀ ਵਿਚਾਰ

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਅੰਦਰ ਭਾਦਰੋਂ ਦੇ ਮਹੀਨੇ ਦੀ ਸਖ਼ਤ ਤੇ ਮੌਸਮੀ ਮੁਸ਼ਕਲਾਂ ਵਾਲੀ ਰੁੱਤ ਨੂੰ ਪਿੱਠਭੂਮੀ ਵਿਚ ਰੱਖਦੇ ਹੋਏ ਮਨੁੱਖ-ਮਾਤਰ ਨੂੰ ਮੌਤ ਦੀ ਅਟੱਲਤਾ ਅਤੇ ਪਰਵਾਰਿਕ ਰਿਸ਼ਤਿਆਂ ਦੀ ਅਸਾਰਤਾ ਤੇ ਪਰਿਵਰਤਨਸ਼ੀਲਤਾ ਬਾਰੇ ਦੱਸਦਿਆਂ ਪ੍ਰਭੂ-ਨਾਮ ਦੇ ਮੂਲ ਤੱਤ ਨੂੰ ਜਾਣਨ ਤੇ ਪਛਾਣਨ ਵਾਸਤੇ ਪ੍ਰੇਰਨਾ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਸ ਜੀਵ ਇਸਤਰੀ ਤੋਂ ਉਸ ਦਾ ਜੀਵਨ-ਮਾਰਗ ਖੁੰਝ ਗਿਆ, ਉਸ ਦੀ ਹਾਲਤ ਉਹੀ ਹੈ ਜੋ ਭਾਦਰੋਂ ਮਹੀਨੇ ਦੇ ਭਰਮਾਊ ਗੇੜਿਆਂ ਵਿਚ ਫਸ ਜਾਣ ਵਾਲੇ ਮਨੁੱਖ ਦੀ ਹੁੰਦੀ ਹੈ। ਉਸ ਜੀਵ-ਇਸਤਰੀ ਨੇ ਪ੍ਰਭੂ-ਪਤੀ ਨੂੰ ਭੁਲਾ ਕੇ ਦੂਸਰੇ ਨਾਲ ਪਿਆਰ ਪਾ ਲਿਆ। ਫਿਰ ਜੀਵ-ਇਸਤਰੀ ਨੇ ਭਾਵੇਂ ਲੱਖਾਂ ਹਾਰ-ਸ਼ਿੰਗਾਰ ਕੀਤੇ ਪਰ ਉਹ ਕਿਸੇ ਕੰਮ ਨਾ ਆਏ। ਹਾਰ-ਸ਼ਿੰਗਾਰ ਤਾਂ ਪ੍ਰਭੂ-ਪਤੀ ਨੂੰ ਰਿਝਾਉਣ ਵਾਸਤੇ ਕਰਨੇ ਸਨ। ਸੂਖ਼ਮ ਰਮਜ਼ ਹੈ ਕਿ ਹਾਰ-ਸ਼ਿੰਗਾਰ ਮਨੁੱਖ-ਰੂਪੀ ਜੀਵ-ਇਸਤਰੀ ਦੇ ਨਿਰਮਲ ਸੁੰਦਰ ਆਚਰਣਕ ਗੁਣ ਹਨ। ਪ੍ਰਭੂ ਪ੍ਰੀਤਮ ਜੀ ਗੁਣਾਂ-ਰੂਪੀ ਹਾਰ-ਸ਼ਿੰਗਾਰ ਦੁਆਰਾ ਹੀ ਪ੍ਰਸੰਨ ਹੋ ਸਕਦੇ ਹਨ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦਿਨ ਮਨੁੱਖੀ ਸਰੀਰ ਨੇ ਖ਼ਤਮ ਹੋ ਜਾਣਾ ਹੁੰਦਾ ਹੈ, ਇਨਸਾਨ ਨੂੰ ਉਸ ਵੇਲੇ ਹੀ ਇਸ ਦਾ ਪਤਾ ਚੱਲਦਾ ਹੈ। ਸਰੀਰ 'ਚੋਂ ਜੀਵ-ਆਤਮਾ ਨੂੰ ਲੈ ਜਾਣ ਵਾਲੇ ਕਿਸੇ ਨੂੰ ਥਹੁ-ਪਤਾ ਨਹੀਂ ਦੱਸਦੇ ਕਿ ਉਹ ਉਸ ਨੂੰ ਕਿੱਥੇ ਲੈ ਚੱਲੇ ਹਨ। ਵੱਧ ਤੋਂ ਵੱਧ ਮੋਹ-ਪਿਆਰ ਜਤਾਉਣ ਵਾਲੇ ਵੀ ਉਸ ਘੜੀ ਜਾਣ ਵਾਲੇ ਜੀਵ ਦਾ ਸਾਥ ਛੱਡ ਖਲੋਂਦੇ ਹਨ, ਜਿਨ੍ਹਾਂ ਨਾਲ ਉਸ ਜੀਵ ਨੇ ਬੜਾ ਮੋਹ ਲਾ ਲਿਆ ਹੁੰਦਾ ਹੈ। ਜੀਵ ਇਸ ਅੰਤਲੇ ਸਮੇਂ ਰੁਖ਼ਸਤ ਹੋਣ ਵੇਲੇ ਆਪਣੇ ਦੁਆਰਾ, ਹੱਦੋਂ ਵੱਧ ਸੰਸਾਰਿਕ ਮੋਹ ਕਰਕੇ, ਜੀਵਨ ਉਦੇਸ਼ ਪੂਰਾ ਕਰਨ ਵੱਲ ਧਿਆਨ ਨਾ ਦੇਣ ਦਾ ਦੁੱਖ ਮਨਾਉਂਦਾ ਹੈ। ਹੱਥ ਮਰੋੜਦਾ ਹੈ। ਉਸ ਦਾ ਸਾਰਾ ਸਰੀਰ ਕੰਬਦਾ ਹੈ। ਉਸ ਦਾ ਸਾਧਾਰਨ ਰੰਗ ਪਹਿਲਾਂ ਚਿੱਟੇ ਅਤੇ ਫਿਰ ਕਾਲੇ ਵਿਚ ਬਦਲ ਜਾਂਦਾ ਹੈ। ਪਰੰਤੂ ਹੁਣ ਦੁੱਖ ਮਨਾਉਣ ਨਾਲ ਕੀ ਹੋ ਸਕਦਾ ਹੈ? ਪਰਮਾਤਮਾ ਵੱਲੋਂ ਮਿਲਿਆ ਇਹ ਸਰੀਰ ਤਾਂ ਇਨਸਾਨੀ ਕਰਮਾਂ ਨੂੰ ਬੀਜਣ ਅਤੇ ਪਏ ਬੀਜ ਅਨੁਸਾਰ ਹੀ ਵੱਢੀ ਜਾ ਸਕਣ ਵਾਲੀ ਫ਼ਸਲ ਵਾਲਾ ਖੇਤ ਹੈ। ਹੇ ਮਾਲਕ! ਨਾਨਕ ਵੀ ਆਪ ਦੇ ਪਰਮ ਪਵਿੱਤਰ ਕਿਰਪਾਲੂ ਚਰਨਾਂ ਵਿਚ ਆਸਰਾ ਤੱਕ ਕੇ ਆਇਆ ਹੈ। ਆਪ ਦੇ ਚਰਨ ਹੀ ਸੰਸਾਰ-ਸਾਗਰ ਤੋਂ ਪਾਰ ਲਿਜਾਣ ਵਾਲਾ ਜਹਾਜ਼ ਹਨ। ਉਹ ਇਨਸਾਨ ਜੋ ਸੱਚੇ ਰੂਹਾਨੀ ਪੱਥ-ਪ੍ਰਦਰਸ਼ਕ ਦੀ ਅਗਵਾਈ ਮੰਨ ਲੈਂਦੇ ਹਨ, ਉਹ ਭਾਦਰੋਂ ਮਹੀਨੇ ਵਰਗੇ ਨਰਕ ਵਿਚ ਨਹੀਂ ਪਾਏ ਜਾਂਦੇ। ■

ਸੰਪਾਦਕੀ...

# ਦੇਸ਼ ਦੀ ਅਜ਼ਾਦੀ ਦੇ ਅਸਲ ਨਾਇਕ ਸਿੱਖ

*ਕੋਈ ਦੇਸ਼ ਹਜ਼ਾਰਾਂ ਵਰ੍ਹਿਆਂ ਤੋਂ ਗ਼ੁਲਾਮੀ ਦੇ ਜੂਲੇ ਹੇਠ ਨੂੜਿਆ ਆ ਰਿਹਾ ਹੋਵੇ, ਤਾਂ ਉਸੇ ਦੇਸ਼ ਵਿਚ ਲੱਗਭਗ ਦੋ ਸੌ ਚਾਲੀ ਕੁ ਸਾਲ ਦੀ ਆਯੂ ਵਾਲੀ ਕੌਮ ਇਸ ਸਦੀਆਂ ਬੱਧੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਸੁਤੰਤਰ ਰਾਜ ਸਥਾਪਿਤ ਕਰ ਕੇ ਮਹਾਂ-ਇਨਕਲਾਬ ਲੈ ਆਵੇ, ਇਹ ਮਾਣ ਸਿੱਖ ਕੌਮ ਨੂੰ ਹੀ ਹਾਸਲ ਹੋਇਆ ਹੈ। ਸਿੱਖ ਕੌਮ ਦੁਨੀਆ ਦੇ ਇਤਿਹਾਸ ਵਿਚ ਨਿਵੇਕਲੀ ਕੌਮ ਹੈ। ਸਦੀਆਂ ਬੱਧੀ ਗ਼ੁਲਾਮੀ ਭੋਗ ਕੇ ਬੇ-ਗ਼ੈਰਤ ਹੋ ਚੁੱਕੀ ਭਾਰਤੀ ਜਨਤਾ ਅੰਦਰ ਸ੍ਵੈ-ਵਿਸ਼ਵਾਸ ਜਗਾਉਣ ਲਈ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿਰਮਲ ਪੰਥ' ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਜੀਵਨ ਦੀਆਂ ਵਡੇਰੀਆਂ ਕਦਰਾਂ-ਕੀਮਤਾਂ ਨਾਲ ਭਰਪੂਰ ਹਰ ਪੱਖ ਤੋਂ ਸੁਤੰਤਰ ਖਾਲਸਾ-ਪੰਥ ਸਾਜਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ੧੭੧੦ ਈ. ਵਿਚ ਸੁਤੰਤਰ ਖਾਲਸਈ ਰਾਜ ਸਥਾਪਿਤ ਕਰ ਕੇ ਭਾਰਤ-ਵਾਸੀਆਂ ਨੂੰ ਸਦੀਆਂ ਬਾਅਦ ਪਹਿਲੀ ਵਾਰ ਅਜ਼ਾਦੀ ਦੇ ਨਿੱਘ ਦਾ ਅਹਿਸਾਸ ਕਰਵਾਇਆ।*

*੧੯੪੭ ਈ. ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਭਾਰਤ ਦੀ ਅਜ਼ਾਦੀ ਵਿਚ ਵੀ ਸਿੱਖਾਂ ਨੇ ਆਪਣੀ ੨ ਫ਼ੀਸਦੀ ਅਬਾਦੀ ਦੇ ਬਾਵਜੂਦ ੮੦ ਫ਼ੀਸਦੀ ਕੁਰਬਾਨੀਆਂ ਦੇ ਕੇ ਅਜ਼ਾਦੀ ਦਾ ਤੋਹਫ਼ਾ ਭਾਰਤ-ਵਾਸੀਆਂ ਦੀ ਝੋਲੀ ਵਿਚ ਪਾਇਆ। ਅਜ਼ਾਦੀ ਵਿਚ ਸਿੱਖਾਂ ਦੇ ਲਾਸਾਨੀ ਯੋਗਦਾਨ ਨੂੰ ਪੜ੍ਹ-ਸੁਣ ਕੇ ਬੁੱਧੀ ਹੈਰਾਨ ਰਹਿ ਜਾਂਦੀ ਹੈ ਅਤੇ ਇਤਿਹਾਸ ਚਿੰਤਕਾਂ ਦੇ ਮਨ ਅੰਦਰ ਅਜਿਹੀ ਬਹਾਦਰ ਕੌਮ ਦੇ ਧਰਮ ਅਕੀਦਿਆਂ ਤੇ ਇਸ ਦੇ ਲਾਸਾਨੀ ਇਤਿਹਾਸ ਬਾਰੇ ਜਾਣਨ ਦੀ ਇੱਛਾ ਪੈਦਾ ਹੁੰਦੀ ਹੈ। ਸਿੱਖ ਕੌਮ ਦੇ ਇਤਿਹਾਸ ਬਾਰੇ ਅਧਿਐਨ ਕਰ ਕੇ ਸੂਝਵਾਨ ਚਿੰਤਕ ਇਹ ਪ੍ਰਵਾਨ ਕਰਦੇ ਹਨ ਕਿ ਸਿੱਖ ਇਤਿਹਾਸ ਦਾ ਆਧਾਰ ਗੁਰਬਾਣੀ ਹੈ, ਇਸ ਲਈ ਸਿੱਖ ਧਰਮ ਦੀ ਸੂਰਮਗਤੀ ਬਾਰੇ ਜਾਣਨ ਲਈ ਗੁਰਬਾਣੀ, ਗੁਰਮਤਿ ਸਿਧਾਂਤਾਂ ਆਦਿ ਬਾਰੇ ਜਾਣਨਾ ਵੀ ਜ਼ਰੂਰੀ ਹੈ।*

*ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਜਿਹੜੀ ਨਰੋਈ ਜੀਵਨ-ਜਾਚ ਸਿੱਖਾਂ ਨੂੰ ਬਖ਼ਸ਼ਿਸ਼ ਕੀਤੀ ਉਹ ਖੰਨਿਅਹੁ ਤਿਖੀ ਵਾਲਹੁ ਨਿਕੀ ਵਾਲਾ ਮਾਰਗ ਸੀ। ਸਿੱਖ ਪੰਥ ਵਿਚ ਸ਼ਾਮਲ ਹੋਣਾ ਸਿਰੁ ਧਰਿ ਤਲੀ ਗਲੀ ਮੇਰੀ ਆਉ ਵਾਲੇ ਪੂਰਨ ਆਪਾ ਸਮਰਪਣ ਦੀ ਵਚਨ-ਬੱਧਤਾ ਹੈ। ਜੇਕਰ ਕਿਧਰੇ ਦੇਸ਼/ਕੌਮ ਉੱਪਰ ਕੋਈ ਭੀੜ ਬਣ*

ਜਾਵੇ ਤਾਂ ਇਸੇ ਵਚਨ-ਬੱਧਤਾ ਨੂੰ ਨਿਭਾਉਂਦਿਆਂ ਸਿੱਖਾਂ ਨੇ ਦੀਨ ਕੇ ਹੇਤ ਪੁਰਜਾ ਪੁਰਜਾ ਕਟਵਾ ਕੇ ਦੇਸ਼ ਧਰਮ ਦੀ ਲਾਜ ਰੱਖਣੀ ਹੈ ਅਤੇ ਇਤਿਹਾਸ ਗਵਾਹ ਹੈ ਕਿ ਇਹ ਲਾਜ ਰੱਖੀ ਵੀ ਹੈ। ਅਜਿਹੀ ਪ੍ਰਣਧਾਰੀ ਸੂਰਬੀਰ ਕੌਮ ਗ਼ੁਲਾਮੀ ਦੀ ਹਰ ਜ਼ੰਜੀਰ ਨੂੰ ਤੋੜਨ ਦੇ ਸਮਰੱਥ ਹੈ। ਇਸ ਦੇ ਉਲਟ ਅੰਤਰਿ ਪੂਜਾ ਪੜਹਿ ਕਤੇਬਾ ਵਾਲੇ ਦੀਨੀ ਸਮਝੌਤਾਵਾਦੀ ਕੌਮ ਕੋਲੋਂ ਹੋਰ ਹਜ਼ਾਰਾਂ ਸਾਲ ਅਜ਼ਾਦੀ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।

ਬੇ-ਗ਼ੈਰਤ ਜੀਵਨ ਮਾਨਸਿਕ ਗ਼ੁਲਾਮੀ ਪ੍ਰਵਾਨ ਕਰ ਕੇ ਆਪਣੀ ਬੋਲੀ, ਆਪਣੇ ਪਹਿਰਾਵੇ, ਆਪਣੇ ਸੱਭਿਆਚਾਰ ਨੂੰ ਤਿਲਾਂਜਲੀ ਦੇ ਕੇ ਜ਼ਲਾਲਤ ਭਰਪੂਰ ਜ਼ਿੰਦਗੀ ਜਿਊਣ ਲਈ ਰਜ਼ਾਮੰਦ ਹੋ ਜਾਂਦਾ ਹੈ। ਅਜਿਹੀ ਆਤਮਿਕ ਮੌਤ ਬੇਹੱਦ ਬਦਤਰ ਹੁੰਦੀ ਹੈ, ਪਰੰਤੂ ਗੁਰਮਤਿ ਵਿਚਾਰਧਾਰਾ ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਦੇ ਕਥਨ ਅਨੁਸਾਰ ਅਣਖ ਭਰਪੂਰ ਜੀਵਨ ਜਿਊਣ ਦਾ ਉਪਦੇਸ਼ ਦਿੰਦੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਸਿਰਫ਼ ਆਪਣੀ ਪੱਤ ਹੀ ਨਹੀਂ ਸਗੋਂ ਦੂਸਰਿਆਂ ਦੀ ਪੱਤ ਬਚਾਉਣ ਖਾਤਰ ਵੀ ਸਿੱਖਾਂ ਨੇ ਆਪਣੀਆਂ ਜਾਨਾਂ ਹੂਲੀਆਂ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਉਪਦੇਸ਼ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ਸਿੱਖ ਕੌਮ ਦੀ ਅਜ਼ਾਦ ਤਬੀਅਤ ਨੂੰ ਰੂਪਮਾਨ ਕਰਦਾ ਹੈ। ਭਗਤ ਸ਼ੇਖ ਫਰੀਦ ਜੀ ਦਾ ਬਚਨ ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ਵਾਲੀ ਜੀਵਨ-ਜਾਚ ਲਾਚਾਰੀ ਅਤੇ ਮੁਹਥਾਜੀ ਵਾਲਾ ਜੀਵਨ ਪ੍ਰਵਾਨ ਨਹੀਂ ਕਰਦੀ।

ਭਾਰਤ ਦੀ ਸਦੀਆਂ ਦੀ ਦੁਰਦਸ਼ਾ ਅਤੇ ਸਿੱਖ ਇਨਕਲਾਬ ਨੂੰ ਧਰਮ ਦੇ ਭਗਤੀ ਸਰੂਪ ਦੇ ਪੱਖ ਤੋਂ ਵੀ ਵਿਚਾਰਿਆ ਜਾ ਸਕਦਾ ਹੈ। ਧਰਮ-ਸ਼ਾਸਤਰੀ ਇਹ ਗੱਲ ਪ੍ਰਵਾਨ ਕਰਦੇ ਹਨ ਕਿ ਅਧਿਆਤਮਿਕ ਜੀਵਨ ਦੇ ਵਿਗਾਸ ਲਈ ਨਿਰਗੁਣ ਭਗਤੀ ਦਾ ਮਾਰਗ ਜ਼ਿਆਦਾ ਸਫ਼ਲ ਸਾਧਨ ਹੈ। ਇਸ ਦੇ ਵਿਪਰੀਤ ਸਰਗੁਣ ਭਗਤੀ ਆਤਮਿਕ ਵਿਗਾਸ ਦੇ ਮਾਰਗ ਵਿਚ ਖੜੋਤ ਦਾ ਕਾਰਨ ਬਣਦੀ ਹੈ। ਨਿਰਗੁਣ ਭਗਤੀ ਵਿਚ ਸੁਰਤ ਸਬਦ ਵਿਚ ਅਭੇਦ ਹੋ ਕੇ ਤਿਥੈ ਜੋਧ ਮਹਾਬਲ ਸੂਰ ਵਾਲੀ ਪਦਵੀ ਹਾਸਲ ਕਰ ਲੈਂਦੀ ਹੈ। ਸੁਰਤ ਬਲਵਾਨ ਹੋਵੇ ਤਾਂ ਸਰੀਰ ਵੀ ਬਲਸ਼ਾਲੀ ਹੋ ਜਾਂਦਾ ਹੈ। ਬਲੁ ਹੋਆ ਬੰਧਨ ਛੁਟੇ ਦੇ ਪਾਵਨ ਵਾਕ ਅਨੁਸਾਰ ਬਲ ਹੋਵੇ ਤਾਂ ਬੰਧਨ (ਗ਼ੁਲਾਮੀ) ਵੀ ਛੁੱਟ ਜਾਂਦੀ ਹੈ।

ਭਾਈ ਗੁਰਦਾਸ ਜੀ ਦੇ ਕਥਨ ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ ਵਾਲੇ ਹਾਲਾਤ ਦੇਸ਼ ਦੀ ਗ਼ੁਲਾਮੀ ਅਤੇ ਦੁਰਦਸ਼ਾ ਦਾ ਕਾਰਨ ਬਣੇ ਰਹੇ। ਗੁਰੂ ਸਾਹਿਬਾਨ ਦੁਆਰਾ ਦ੍ਰਿੜ੍ਹ ਕਰਵਾਏ ਸੰਗਤ-ਪੰਗਤ ਦੇ ਸਿਧਾਂਤ ਨੇ ਭਾਰਤ

ਅੰਦਰ ਮਜ਼ਬੂਤ ਸਮਾਜਿਕ ਆਧਾਰ ਪ੍ਰਦਾਨ ਕੀਤਾ, ਜੋ ਗ਼ੁਲਾਮੀ ਦੇ ਜੂਲੇ ਨੂੰ ਗ਼ਲੋਂ ਲਾਹੁਣ ਵਿਚ ਸਹਾਈ ਹੋਇਆ।

ਸਿੱਖ ਧਰਮ ਜਿਸ ਖਿੱਤੇ ਵਿਚ ਪੈਦਾ ਹੋਇਆ ਉਸ ਨੂੰ ਭਾਰਤ ਦੀ ਖੜਗ-ਭੁਜਾ ਕਹਿੰਦੇ ਹਨ। ਇਸ ਲਈ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਕਰ ਕਰ ਕੇ ਮੰਝੀ ਹੋਈ ਇਸ ਕੌਮ ਵਿਚ ਅਣਖ ਅਤੇ ਬਹਾਦਰੀ ਦੇ ਗੁਣ ਇਨ੍ਹਾਂ ਦੇ ਰਗ-ਓ-ਰੇਸ਼ੇ ਵਿਚ ਸਮਾਏ ਹੋਏ ਸਨ, ਇਸ ਲਈ ਇਹ ਕੌਮ ਦੇਸ਼ ਨੂੰ ਗ਼ੁਲਾਮੀ ਤੋਂ ਅਜ਼ਾਦ ਕਰਾਉਣ ਦੇ ਸਮਰੱਥ ਸੀ।

ਦੁਨੀਆ ਦੇ ਇਤਿਹਾਸ ਵਿਚ ਸਿੱਖ ਕੌਮ ਇੱਕੋ ਇਕ ਅਜਿਹੀ ਕੌਮ ਹੈ ਜਿਸ ਦੇ ਅਜ਼ਾਦ ਰਹਿਣ ਦੀ ਫ਼ਿਤਰਤ ਕਰਕੇ ਇਸ ਦੇ ਸਿਰਾਂ ਦਾ ਮੁੱਲ ਪੈਂਦਾ ਰਿਹਾ ਹੈ ਪਰ ਅਫ਼ਸੋਸ ਕਿ ਅਜ਼ਾਦੀ ਤੋਂ ਬਾਅਦ ਹਕੂਮਤ ਦਾ ਨਿੱਘ ਮਾਣਨ ਵਾਲੀਆਂ ਸਰਕਾਰਾਂ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਕਦਰ ਕਦੇ ਵੀ ਨਹੀਂ ਪਾਈ।

ਸਿੱਖ ਕੌਮ ਦੁਆਰਾ ਅਥਾਹ ਸ਼ਹਾਦਤਾਂ ਦੇ ਕੇ ਅਜ਼ਾਦ ਕਰਾਏ ਮੁਲਕ ਦੀ ਅੱਜ ਏਕਤਾ-ਅਖੰਡਤਾ ਨੂੰ ਭੰਗ ਕਰ ਕੇ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦੀਆਂ ਕੋਝੀਆਂ ਕਾਰਵਾਈਆਂ ਚੱਲ ਰਹੀਆਂ ਹਨ। ਵੈਸੇ ਤਾਂ ਬਹੁ-ਧਰਮ ਦੇਸ਼ ਅੰਦਰ ਅਜਿਹੀ ਮੰਗ ਕਰਨ ਵਾਲਿਆਂ ਉੱਪਰ ਯੁਆਪਾ (UAPA) ਲੱਗਣਾ ਚਾਹੀਦਾ ਹੈ। ਜੇਕਰ ਦੇਸ਼ ਨੂੰ ਅਜ਼ਾਦ ਕਰਾਉਣ ਵਾਲੀ ਨਿਆਰੀ ਸਿੱਖ ਕੌਮ ਦੇ ਵਾਰਸਾਂ, ਨਿਰਦੋਸ਼ ਸਿੱਖ ਨੌਜੁਆਨਾਂ ਨੂੰ ਤੰਗ ਕਰਨ ਦੀ ਮਨਸ਼ਾ ਨਾਲ ਉਨ੍ਹਾਂ ਉੱਪਰ ਯੁਆਪਾ (UAPA) ਲੱਗ ਸਕਦਾ ਹੈ ਤਾਂ ਹਿੰਦੂ ਰਾਸ਼ਟਰ ਦੀ ਮੰਗ ਕਰ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਤੇ ਸ਼ਾਂਤੀ ਭੰਗ ਕਰਨ ਵਾਲੇ ਅੱਤਵਾਦੀਆਂ ਉੱਪਰ ਯੁਆਪਾ ਕਿਉਂ ਨਹੀਂ ਲਗਾਇਆ ਜਾ ਸਕਦਾ? ਜੇਕਰ ਦੂਸਰਿਆਂ ਦੀਆਂ ਮੰਗਾਂ ਗ਼ੈਰ-ਕਾਨੂੰਨੀ ਹਨ, ਤਾਂ ਹਿੰਦੂ ਰਾਸ਼ਟਰ ਦੀ ਮੰਗ ਗ਼ੈਰ-ਕਾਨੂੰਨੀ ਕਿਉਂ ਨਹੀਂ?

-ਸਤਵਿੰਦਰ ਸਿੰਘ ਫੂਲਪੁਰ
ਮੋ. +੯੧੯੯੧੪੪-੧੯੪੮੪

*ਸੰਪਾਦਕੀ ਲੇਖ*

# ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ

*-ਸਤਵਿੰਦਰ ਸਿੰਘ ਫੂਲਪੁਰ**

ਗੁਰਬਾਣੀ, ਗੁਰਮਤਿ ਸਿਧਾਂਤ ਅਤੇ ਅਮੀਰ ਸਿੱਖ ਪਰੰਪਰਾਵਾਂ ਨਿੱਤ ਨਰੋਈਆਂ ਹਨ। ਇਹ ਰਹਿੰਦੀ ਦੁਨੀਆ ਤਕ ਮਨੁੱਖਤਾ ਦੇ ਵਿਵਹਾਰਕ ਜੀਵਨ ਲਈ ਉਪਯੋਗੀ ਹਨ। ਸਾਡੇ ਬਜ਼ੁਰਗਾਂ ਦੁਆਰਾ ਗੁਰਮਤਿ ਆਸ਼ੇ ਅਨੁਸਾਰ ਰਚੇ ਗਏ 'ਰਹਿਤਨਾਮੇ' ਆਦਰਸ਼ਕ ਜੀਵਨ-ਜਾਚ ਦਾ ਬੜਾ ਅਹਿਮ ਸ੍ਰੋਤ ਹਨ। ਭਾਈ ਸੁੱਖਾ ਸਿੰਘ ਜੀ 'ਗੁਰਬਿਲਾਸ ਪਾਤਸਾਹੀ ੧੦ਵੀਂ' ਵਿਚ ਬਹੁਤ ਖ਼ੂਬਸੂਰਤ ਲਿਖਦੇ ਹਨ ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ। ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ। ਭਾਵ ਕੇਸਾਂ ਅਤੇ ਸ਼ਸਤਰਾਂ ਤੋਂ ਬਗੈਰ ਮਨੁੱਖ ਮਹਿਜ਼ ਇਕ ਭੇਡ ਦੇ ਸਮਾਨ ਹੈ, ਉਸ ਨੂੰ ਕੰਨ ਤੋਂ ਫੜ ਕੇ ਜਿੱਥੇ ਮਰਜ਼ੀ ਧੂਹ ਕੇ ਲੈ ਜਾਵੋ। 'ਰਹਿਤਨਾਮੇ' ਦੇ ਇਸ ਸ਼ਬਦੀ ਭਾਵ ਤੋਂ ਬਿਨਾਂ ਇਤਿਹਾਸ ਨੇ ਬੜੀ ਵਾਰ ਇਸ ਦੀ ਵਿਵਹਾਰਕ ਵਿਆਖਿਆ ਵੀ ਕੀਤੀ ਹੈ। ਗੁਰਮਤਿ ਸਿਧਾਂਤਾਂ ਤੇ ਅਮੀਰ ਗੁਰਮਤਿ ਪਰੰਪਰਾਵਾਂ ਦੀ ਇਤਿਹਾਸ ਸਮੇਂ-ਸਮੇਂ 'ਤੇ ਆਪ ਹੀ ਵਿਆਖਿਆ ਕਰਦਾ ਆਇਆ ਹੈ ਅਤੇ ਇਹ ਰਹਿੰਦੀ ਦੁਨੀਆ ਤਕ ਹੁੰਦੀ ਰਹੇਗੀ।

ਭਾਰਤੀ ਇਤਿਹਾਸ ਦੇ ਸੰਦਰਭ ਵਿਚ ਭੇਡਾਂ ਦੀ ਨਿਆਈਂ ਜੀਵਨ ਜੀਅ ਰਹੀਆਂ ਸ਼ਸਤਰਹੀਣ ਕੌਮਾਂ ਦੇ ਮਰਦ-ਇਸਤਰੀਆਂ ਦੀ ਕਾਬਲ ਦੀਆਂ ਮੰਡੀਆਂ ਵਿਚ ਹੁੰਦੀ ਨਿਲਾਮੀ ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ ਦੀ ਵਿਆਖਿਆ ਹੀ ਸੀ। ਇਸ ਦੇ ਵਿਪਰੀਤ ਸ਼ਸਤਰਧਾਰੀ ਖਾਲਸਾ-ਪੰਥ ਭਾਰਤ ਦੀਆਂ ਬਹੁ-ਬੇਟੀਆਂ ਨੂੰ ਜਾਬਰਾਂ ਕੋਲੋਂ ਛੁਡਾ ਕੇ ਘਰੋਂ-ਘਰੀਂ ਪਹੁੰਚਾਉਂਦਾ ਰਿਹਾ ਹੈ।

ਅੱਜ ਵੀ ਦੇਸ਼ ਦੀਆਂ ਸਰਹੱਦਾਂ ਉੱਪਰ ਜਦੋਂ ਖ਼ਤਰੇ ਦੇ ਬੱਦਲ ਮੰਡਰਾਉਣ ਲੱਗਦੇ ਹਨ ਤਾਂ ਸਿੱਖ ਰੈਜਮੈਂਟ ਨੂੰ ਹੀ ਅੱਗੇ ਕੀਤਾ ਜਾਂਦਾ ਹੈ। ਇਸ ਰੈਜਮੈਂਟ ਨੇ ਪਿਛਲੇ ਦਿਨੀਂ ੧੫ ਜੂਨ, ੨੦੨੦ ਨੂੰ ਸ਼ਸਤਰਧਾਰੀ ਖਾਲਸਾ-ਪੰਥ ਦੇ ਨਿਆਰੇਪਨ ਨੂੰ ਇਤਿਹਾਸ ਨੇ ਇਕ ਵਾਰੀ ਫਿਰ ਦੁਹਰਾਇਆ ਹੈ, ਜਿਸ ਨਾਲ ਦੁਨੀਆ ਭਰ ਵਿਚ ਸਿੱਖੀ ਦਾ ਮਾਣ ਹੋਰ ਵਧਿਆ ਹੈ। ਭਾਰਤ-ਚੀਨ ਸਰਹੱਦ 'ਤੇ ਲੱਦਾਖ ਦੀ ਗਲਵਾਨ ਘਾਟੀ ਵਿਚ ਪਹਿਲਾਂ ਨਿਹੱਥੇ ਗ਼ੈਰ-ਸਿੱਖ ਭਾਰਤੀ ਜਵਾਨਾਂ ਦਾ ਚੀਨੀ ਫ਼ੌਜੀਆਂ ਨੇ ਭਾਰੀ ਨੁਕਸਾਨ ਕੀਤਾ, ਉੱਥੇ ਸਿੱਖ ਰੈਜਮੈਂਟ (III^rd^ Punjab) ਦੇ ਜਵਾਨ ਚੀਨੀ ਫ਼ੌਜੀਆਂ ਉੱਪਰ ਭਾਰੂ ਰਹੇ। ਕਲਗੀਧਰ ਪਿਤਾ ਦੁਆਰਾ ਬਖ਼ਸ਼ਿਸ਼ ਖੰਡੇ-ਬਾਟੇ ਦੀ ਪਾਹੁਲ ਹਾਸਲ, ਸ਼ਸਤਰਧਾਰੀ ਭਾਰਤੀ ਫੌਜ ਦੇ ੨੩-ਸਾਲਾ ਸਿੱਖ

*ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. +੯੧੯੯੧੪੪੧੯੪੯੪

ਸਿਪਾਹੀ ਸ. ਗੁਰਤੇਜ ਸਿੰਘ ਨੇ ਕਲਗੀਧਰ ਪਿਤਾ ਦਾ ਬਖ਼ਸ਼ਿਆ ਖਾਲਸਈ ਜੈਕਾਰਾ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਗਜਾ ਕੇ ਚੀਨੀ ਫ਼ੌਜੀਆਂ ਦਾ ਅੱਧਾ ਕੁ ਸਾਹ-ਸੱਤ ਤਾਂ ਜੈਕਾਰੇ ਨਾਲ ਹੀ ਕੱਢ ਦਿੱਤਾ। ਚਾਰ ਚੀਨੀਆਂ ਨੂੰ ਪਹਾੜੀ ਤੋਂ ਥੱਲੇ ਸੁੱਟ ਕੇ ਮਾਰ ਮੁਕਾਇਆ ਅਤੇ ਫਿਰ ਆਪਣੀ ਸਿਰੀ ਸਾਹਿਬ ਨਾਲ ਇਕ ਚੀਨੀ ਫੌਜੀ ਦਾ ਗਲਾ ਵੱਢ ਕੇ ਉਸ ਦੇ ਹਥਿਆਰ ਨਾਲ ਸੱਤ ਹੋਰ ਚੀਨੀ ਸਿਪਾਹੀਆਂ ਨੂੰ ਮਾਰ ਦਿੱਤਾ। ਇਸ ਦੇ ਨਾਲ ਤਿੰਨ ਹੋਰ ਸਿੱਖ ਫ਼ੌਜੀ— ਨਾਇਬ ਸੂਬੇਦਾਰ ਸਤਨਾਮ ਸਿੰਘ, ਸ. ਮਨਦੀਪ ਸਿੰਘ ਅਤੇ ਸਿਪਾਹੀ ਗੁਰਵਿੰਦਰ ਸਿੰਘ ਨੇ ੨੦ ਭਾਰਤੀ ਫੌਜੀਆਂ ਸਮੇਤ ਚੀਨੀ ਫ਼ੌਜੀਆਂ ਨਾਲ ਟੱਕਰ ਲੈਂਦਿਆਂ ਹੋਇਆਂ ਦੇਸ਼/ਕੌਮ ਲਈ ਸ਼ਹਾਦਤ ਪ੍ਰਾਪਤ ਕੀਤੀ।

ਸ. ਗੁਰਤੇਜ ਸਿੰਘ ਨੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਸ਼ਕਤੀ ਨਾਲ ਕਲਗੀਧਰ ਪਿਤਾ ਦੇ ਆਦਰਸ਼— "ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।" ਨੂੰ ਸਾਕਾਰ ਕਰ ਵਿਖਾਇਆ। ਅੰਮ੍ਰਿਤ ਦੀ ਸ਼ਕਤੀ, ਸਿੱਖੀ ਜਜ਼ਬਾ ਅਤੇ ਫੌਜ ਦੀ ਆਧੁਨਿਕ ਸਿਖਲਾਈ ਇਕੱਠੀਆਂ ਹੋ ਜਾਣ ਤਾਂ ਜਰਨਲ ਜਗਜੀਤ ਸਿੰਘ ਅਰੋੜਾ ਪਾਕਿਸਤਾਨੀ ਫੌਜ ਦੇ ਗੋਡੇ ਟਿਕਾ ਸਕਦਾ ਹੈ, ਜਰਨਲ ਹਰਬਖਸ਼ ਸਿੰਘ ਹਕੂਮਤ ਦੇ ਅੰਮ੍ਰਿਤਸਰ ਨੂੰ ਛੱਡ ਕੇ ਪਿੱਛੇ ਹਟਣ ਵਾਲੇ ਆਦੇਸ਼ ਰੂਪੀ ਕੋਝੇ ਮਨਸੂਬੇ ਨੂੰ ਨਾਕਾਮਯਾਬ ਕਰ ਕੇ ਬਾਰਡਰ ਉੱਪਰ ਹੀ ਪਾਕਿਸਤਾਨੀ ਫੌਜ ਨੂੰ ਠੱਲ ਸਕਦਾ ਹੈ, ਸ. ਗੁਰਤੇਜ ਸਿੰਘ ੧੨ ਚੀਨੀ ਫੌਜੀਆਂ ਦਾ ਇਕੱਲਾ ਹੀ ਮੁਕਾਬਲਾ ਕਰ ਸਕਦਾ ਹੈ।

ਸ. ਗੁਰਤੇਜ ਸਿੰਘ ਦੀ ਸੂਰਬੀਰਤਾ ਭਰੀ ਗਾਥਾ ਨੇ ਉਨ੍ਹਾਂ ਅਭੁੱਲੜ ਲੋਕਾਂ ਨੂੰ ਵੀ ਕਰਾਰਾ ਜਵਾਬ ਦਿੱਤਾ ਹੈ ਜਿਹੜੇ ਕਿਹਾ ਕਰਦੇ ਹਨ ਕਿ ਅੱਜ ਮਾਰੂ ਹਥਿਆਰਾਂ ਦੇ ਯੁੱਗ ਵਿਚ ਸਿਰੀ ਸਾਹਿਬ ਦੀ ਜ਼ਰੂਰਤ ਨਹੀਂ। ਜਿੱਥੇ ਪਹਿਲਾਂ ਵੀ ਖਾਲਸੇ ਦੀ ਕਿਰਪਾਨ ਨੇ ਪਹਿਲਾਂ ਮੁਗ਼ਲਾਂ ਅਤੇ ਫਿਰ ਅੰਗਰੇਜ਼ਾਂ ਤੋਂ ਮੁਲਕ ਨੂੰ ਅਜ਼ਾਦ ਕਰਵਾਇਆ, ਉੱਥੇ ਇਕ ਵਾਰ ਫਿਰ ਦੇਸ਼ ਦੀ ਸਰਹੱਦ ਉੱਪਰ ਦੇਸ਼ ਦੀ ਆਬਰੂ ਨੂੰ ਬਚਾਉਣ ਲਈ ਖਾਲਸੇ ਦੀ ਕਿਰਪਾਨ ਹੀ ਕੰਮ ਆਈ ਹੈ।

ਖਾਲਸੇ ਦੀ ਕਿਰਪਾਨ ਦੀ ਇਸ ਸੂਰਬੀਰਤਾ ਭਰੀ ਗਾਥਾ ਨੇ ਉਨ੍ਹਾਂ ਪੰਥ-ਵਿਰੋਧੀ ਤਾਕਤਾਂ ਨੂੰ ਵੀ ਵੰਗਾਰ ਪਾਈ ਹੈ ਜੋ ਆਏ ਦਿਨ ਸਿੱਖਾਂ ਨੂੰ ਕਿਰਪਾਨ ਪਹਿਨ ਕੇ ਕਦੇ ਪਾਰਲੀਮੈਂਟ, ਕਦੇ ਅਦਾਲਤਾਂ ਵਿਚ ਜਾਣ ਤੋਂ ਰੋਕਦੇ ਹਨ, ਕਦੇ ਕਿਰਪਾਨ ਪਹਿਨ ਕੇ ਜਹਾਜ਼ ਵਿਚ ਚੜ੍ਹਨ ਤੋਂ ਰੋਕਦੇ ਹਨ ਅਤੇ ਕਦੇ ਸਿੱਖ ਬੱਚਿਆਂ ਨੂੰ ਕੜਾ ਅਤੇ ਕਿਰਪਾਨ ਪਹਿਨ ਕੇ ਇਮਤਿਹਾਨਾਂ ਵਿਚ ਬੈਠਣ ਤੋਂ ਰੋਕਦੇ ਹਨ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਸਮੁੱਚੇ ਭਾਰਤ ਵਿਚ ਸਕੂਲੀ ਬੱਚਿਆਂ ਦੇ ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚ ਸ. ਗੁਰਤੇਜ ਸਿੰਘ ਦੀ ਇਸ ਬਹਾਦਰੀ

ਭਰੀ ਗਾਥਾ ਨੂੰ ਸ਼ਾਮਲ ਕੀਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਇਸ ਦੇਸ਼ ਲਈ ਸਿੱਖਾਂ ਅਤੇ ਸਿੱਖਾਂ ਦੀ ਕਿਰਪਾਨ ਦੀ ਤੇ ਉਨ੍ਹਾਂ ਦੇ ਕਕਾਰਾਂ ਦੀ ਕੀ ਮਹੱਤਤਾ ਹੈ। ਜੇਕਰ ਦੇਸ਼ ਦੀ ਅਜ਼ਾਦੀ ਖਾਤਰ ਗੌਣ ਭੂਮਿਕਾ ਨਿਭਾਉਣ ਵਾਲਿਆਂ ਦੀਆਂ ਜੀਵਨੀਆਂ ਸਕੂਲੀ ਬੱਚਿਆਂ ਦੇ ਪਾਠਕ੍ਰਮ (ਸਿਲੇਬਸ) ਵਿਚ ਪੜ੍ਹਾਈਆਂ ਜਾ ਸਕਦੀਆਂ ਹਨ, ਉਨ੍ਹਾਂ ਉੱਪਰ ਫ਼ਿਲਮਾਂ ਬਣ ਸਕਦੀਆਂ ਹਨ ਤਾਂ ਦੇਸ਼ ਨੂੰ ਪਹਿਲਾਂ ਮੁਗ਼ਲਾਂ ਅਤੇ ਫਿਰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਵਾਲੇ ਅਸਲ ਨਾਇਕਾਂ— ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ, ਅਕਾਲੀ ਫੂਲਾ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਗ਼ਦਰੀ ਬਾਬਿਆਂ ਅਤੇ ਅਜ਼ਾਦੀ ਤੋਂ ਬਾਅਦ ਦੇਸ਼ ਦੀ ਰੱਖਿਆ ਕਰਨ ਵਾਲੇ ਜਰਨਲ ਜਗਜੀਤ ਸਿੰਘ ਅਰੋੜਾ, ਜਰਨਲ ਹਰਬਖਸ਼ ਸਿੰਘ ਅਤੇ ਸ. ਗੁਰਤੇਜ ਸਿੰਘ ਆਦਿ ਦੇ ਜੀਵਨ ਬਾਰੇ ਕਿਉਂ ਨਹੀਂ ਪੜ੍ਹਾਇਆ ਜਾ ਸਕਦਾ?

ਸਿੱਖ ਬੱਚਿਆਂ ਨੂੰ ਤਾਂ ਸ. ਗੁਰਤੇਜ ਸਿੰਘ ਉੱਪਰ ਜ਼ਰੂਰ ਮਾਣ ਹੋਣਾ ਚਾਹੀਦਾ ਹੈ। ਸਿੱਖ ਬੱਚਿਆਂ ਨੂੰ ਫ਼ਿਲਮੀ ਕਲਾਕਾਰਾਂ ਅਤੇ ਲੱਚਰ ਗਾਇਕਾਂ ਨੂੰ ਆਪਣਾ ਰੋਲ ਮਾਡਲ ਨਾ ਮੰਨ ਕੇ ਸਾਹਿਬਜ਼ਾਦਿਆਂ, ਸਿੱਖ ਸੂਰਬੀਰਾਂ ਅਤੇ ਸ. ਗੁਰਤੇਜ ਸਿੰਘ ਜਿਹੇ ਸਿੱਖ ਨਾਇਕਾਂ ਨੂੰ ਆਪਣਾ ਰੋਲ ਮਾਡਲ ਸਮਝਣਾ ਚਾਹੀਦਾ ਹੈ। ਪਤਿਤਪੁਣੇ ਦਾ ਤਿਆਗ ਕਰ ਕੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸ਼ਸਤਰਧਾਰੀ ਖਾਲਸਾ ਸੱਜਣਾ ਚਾਹੀਦਾ ਹੈ। ਆਪਣੇ ਨਾਵਾਂ ਦੇ ਨਾਲ ਸਿੰਘ ਅਤੇ ਕੌਰ ਸ਼ਬਦ ਵੀ ਜ਼ਰੂਰ ਲਗਾਉਣਾ ਚਾਹੀਦਾ ਹੈ, ਤਾਂ ਹੀ ਅਸੀਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਹਾਸਲ ਕਰ ਸਕਦੇ ਹਾਂ। ■

# ਕਿਰਤ ਕਰੋ, ਨਾਮ ਜਪੋ, ਵੰਡ ਛਕੋ

# ਗੁਰਮਤਿ ਤੇ ਕਲਿਜੁਗ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਗੁਰਮਤਿ ਦਰਸ਼ਨ ਅਨੁਸਾਰ ਸਤਿਜੁਗ, ਦੁਆਪਰ, ਤ੍ਰੇਤਾ ਅਤੇ ਕਲਿਜੁਗ ਵਿੱਚੋਂ, ਕਲਿਜੁਗ ਵਿਚ ਧਰਮ ਦਾ ਪ੍ਰਭਾਵ ਸਭ ਤੋਂ ਘੱਟ ਹੈ ਅਤੇ ਇਸ ਵਿਚ ਮਾਇਆ ਮੋਹ, ਜ਼ੋਰ-ਜਬਰ, ਦੰਭ, ਕੂੜ, ਕਪਟ, ਛਲ ਅਤੇ ਵਿਸ਼ੇ-ਵਿਕਾਰਾਂ ਦਾ ਜ਼ੋਰ ਸਾਰੇ ਜੁਗਾਂ ਤੋਂ ਵੱਧ ਹੈ। ਸਤਿਜੁਗ ਵਿਚ ਧਰਮ ਦੇ ਚਾਰ ਪੈਰ ਦੱਸੇ ਗਏ ਹਨ। ਤ੍ਰੇਤਾ ਅਤੇ ਦੁਆਪਰ ਵਿਚ ਘੱਟਦੇ ਹੋਏ ਕ੍ਰਮਵਾਰ ਤਿੰਨ ਅਤੇ ਦੋ ਰਹਿ ਗਏ। ਕਲਿਜੁਗ ਵਿਚ ਧਰਮ ਦਾ ਇੱਕ ਹਿੱਸਾ ਹੀ ਰਿਹਾ ਮੰਨਿਆ ਗਿਆ ਹੈ :

*ਕਲਜੁਗਿ ਧਰਮ ਕਲਾ ਇਕ ਰਹਾਏ ॥*
*ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥*
*ਮਾਇਆ ਮੋਹੁ ਅਤਿ ਗੁਬਾਰੁ ॥*
*ਸਤਗੁਰੁ ਭੇਟੈ ਨਾਮਿ ਉਧਾਰੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੮੦)*

ਪਹਿਲੇ ਜੁਗਾਂ ਵਿਚ ਸਥਾਪਿਤ ਕੀਤੇ ਧਰਮ ਕਲਿਜੁਗ ਵਿਚ ਜੀਵਾਂ ਦਾ ਉੱਧਾਰ ਕਰਨ ਦੇ ਯੋਗ ਨਹੀਂ ਸਨ ਰਹੇ। ਇਸ ਕਰਕੇ ਪਰਜਾ ਵਿਚ ਦੁੱਖ ਤੇ ਬੇਚੈਨੀ ਫ਼ੈਲ ਗਈ ਸੀ। ਕਲਿਜੁਗੀ ਜੀਵਾਂ ਦੇ ਉੱਧਾਰ ਦੇ ਵਾਸਤੇ ਪਰਮਾਤਮਾ ਨੇ ਗੁਰਮਤਿ ਦਾ ਗਿਆਨ ਜੀਵਾਂ ਨੂੰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੀ ਕਲਿਜੁਗ ਦੇ ਜੀਵਾਂ ਦੀ ਭਲਾਈ ਲਈ ਹੋਇਆ ਸੀ। ਭਾਈ ਗੁਰਦਾਸ ਜੀ ਲਿਖਦੇ ਹਨ :

*ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ।*
*ਕਲਿ ਤਾਰਣਿ ਗੁਰੁ ਨਾਨਕੁ ਆਇਆ ॥* *(ਵਾਰ ੨੩:੧)*

ਕਲਿਜੁਗ ਵਿਚ ਜੀਵਾਂ ਦੀ ਅਗਿਆਨਤਾ ਅਤੇ ਹਉਮੈਂ ਸਿਰੇ ਦੀ ਹੈ। ਉਨ੍ਹਾਂ ਨੂੰ ਸੱਚ ਦਾ ਕੋਈ ਗਿਆਨ ਨਹੀਂ। ਕੂੜ ਦਾ ਪਸਾਰਾ ਹੀ ਚਾਰੇ ਪਾਸੇ ਹੈ। ਮਨੁੱਖ ਆਤਮਕ ਅਨੰਦ ਦੀ ਥਾਂ ਮਾਇਕ ਪਦਾਰਥਾਂ ਵਿਚ ਲੀਨ ਹਨ। ਉਹ ਵਿਸ਼ੇ-ਵਿਕਾਰਾਂ ਦਾ ਭੋਗ ਕਰ ਕੇ ਰਸ ਮਾਣਦੇ ਅਤੇ ਇਸ ਨੂੰ ਆਪਣੀ ਵਡਿਆਈ ਸਮਝਦੇ ਹਨ ਤੇ ਹੰਕਾਰ ਕਰਦੇ ਹਨ। ਸਮਾਜਿਕ ਕਦਰਾਂ-ਕੀਮਤਾਂ ਨੇਸਤ-ਓ-ਨਾਬੂਦ ਹੋ ਗਈਆਂ ਹਨ। ਜਿੱਥੇ ਲੋਕਾਂ ਵਿਚਲੀ ਆਪਸੀ ਖਿੱਚੋਤਾਣ ਦਾ ਬੋਲਬਾਲਾ ਹੋਵੇਗਾ, ਉੱਥੇ ਨੈਤਿਕ ਕਦਰਾਂ-ਕੀਮਤਾਂ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਆਵੇਗਾ। ਹਉਮੈਂ ਵੱਸ ਲੋਕ ਸਵਾਰਥੀ ਅਤੇ ਸਵੈ-ਕੇਂਦਰਿਤ ਸੁਭਾਅ ਵੱਲ ਰੁਚਿਤ ਹੋਣਗੇ ਅਤੇ ਸਮਾਜ-ਭਲਾਈ ਕੇਵਲ ਦਿਖਾਵੇ ਮਾਤਰ ਹੀ ਹੋਵੇਗੀ। ਇਸ ਬਾਰੇ ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਜੀਵ ਰੂਪੀ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦

ਲੇਲੇ ਨੂੰ ਮਾਇਆ ਨੇ ਵੱਸ ਵਿਚ ਕੀਤਾ ਹੋਇਆ ਹੈ :

*ਐਸੋ ਅਚਰਜੁ ਦੇਖਿਓ ਕਬੀਰ ॥*
*ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥*
*ਹਰੀ ਅੰਗੂਰੀ ਗਦਹਾ ਚਰੈ ॥*
*ਨਿਤ ਉਠਿ ਹਾਸੈ ਹੀਗੈ ਮਰੈ ॥੧॥*
*ਮਾਤਾ ਭੈਸਾ ਅੰਮੁਹਾ ਜਾਇ ॥*
*ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥*
*ਕਹੁ ਕਬੀਰ ਪਰਗਟੁ ਭਈ ਖੇਡ ॥*
*ਲੇਲੇ ਕਉ ਚੂਘੈ ਨਿਤ ਭੇਡ ॥੩॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੬)*

ਰਾਜੇ ਦਾ ਫ਼ਰਜ਼ ਹੁੰਦਾ ਹੈ ਕਿ ਲੋਕਾਂ ਦੇ ਹਿੱਤਾਂ ਦੀ ਰਾਖੀ ਕਰੇ, ਪਰਜਾ ਦੀ ਭਲਾਈ ਦਾ ਖ਼ਿਆਲ ਰੱਖੇ, ਪਰ ਕਲਿਜੁਗ ਵਿਚ ਰਾਜੇ ਤਥਾ ਰਾਜ ਕਰਨ ਵਾਲੇ ਨੇਤਾ ਆਪਣਾ ਫ਼ਰਜ਼ ਪੂਰਾ ਨਹੀਂ ਕਰਦੇ। ਉਹ ਆਪਣੇ ਐਸ਼-ਓ-ਇਸ਼ਰਤ ਤੇ ਖ਼ੁਸ਼ੀ ਨੂੰ ਹੀ ਮੁੱਖ ਰੱਖਦੇ ਹਨ। ਉਹ ਲੋਕਾਂ ਦੇ ਹੱਕਾਂ 'ਤੇ ਛਾਪੇ ਮਾਰਦੇ ਹਨ, ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਨ੍ਹਾਂ ਨੂੰ ਦਬਾ ਕੇ ਰੱਖਣ ਲਈ ਅਨੇਕ ਤਰ੍ਹਾਂ ਦੇ ਜ਼ੁਲਮ ਤਸ਼ੱਦਦ ਕਰਦੇ ਹਨ ਅਤੇ ਸਾਜ਼ਿਸ਼ਾਂ ਰਚਦੇ ਹਨ। *ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ* ਦਾ ਬੋਲਬਾਲਾ ਹੁੰਦਾ ਹੈ। ਰਾਜਨੀਤਕ ਨੇਤਾ ਕਸਾਈ ਰੂਪ ਬਣ ਜਾਂਦੇ ਹਨ। ਧਰਮ ਕਰਮ ਦਾ ਕਿਤੇ ਨਾਂ-ਨਿਸ਼ਾਨ ਨਹੀਂ ਰਹਿੰਦਾ। ਚਾਰੇ ਪਾਸੇ ਕੂੜ ਦਾ ਹੀ ਪਸਾਰਾ ਵਿਖਾਈ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਿਜੁਗ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

*-ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥*
*ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੨)*

*-ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।* *(ਵਾਰ ੧:੩੦)*

ਕਲਿਜੁਗ ਅੰਦਰ ਦੰਭ ਤੇ ਪਾਖੰਡ ਦਾ ਬਹੁਤ ਬੋਲ-ਬਾਲਾ ਹੈ। ਲੋਕੀਂ ਝੂਠ ਦਾਅਵੇ ਬਹੁਤ ਕਰਦੇ ਹਨ ਪਰ ਉਨ੍ਹਾਂ ਵਿਚ ਉਹ ਗੁਣ ਤੇ ਵਡਿਆਈ ਹੁੰਦੀ ਨਹੀਂ। ਧਰਮ ਦੇ ਨਾਂ 'ਤੇ ਲੋਕਾਂ ਨੂੰ ਠੱਗਣ ਲਈ ਚਤੁਰ ਵਿਅਕਤੀ ਕਈ ਤਰ੍ਹਾਂ ਦੇ ਪਾਖੰਡ ਕਰ ਕੇ ਆਪਣੀ ਪ੍ਰਸਿੱਧੀ ਕਮਾਉਂਦੇ ਹਨ। ਗੁਰਬਾਣੀ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ਕਿ ਨਾਮ ਤੋਂ ਬਿਨਾਂ ਬਾਕੀ ਸਭ ਫੋਕਟ ਕਰਮ ਹਨ :

*ਕਲ ਮਹਿ ਰਾਮ ਨਾਮੁ ਸਾਰੁ ॥*
*ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥*
*ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥*

*ਮਗਰ ਪਾਛੈ ਕਛੁ ਨ ਸੁਝੈ ਏਹੁ ਪਦਮੁ ਅਲੋਅ ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*

ਮਾਇਆ ਦੇ ਲੋਭ ਹਿੱਤ ਲੋਕੀਂ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ, ਦਿਖਾਵੇ ਕਰਦੇ ਹਨ। ਚੇਲੇ ਗੁਰੂ ਕੋਲੋਂ ਮਾਲ ਛਕਣ ਲਈ ਸ਼ਰਧਾਲੂ ਬਣ ਜਾਂਦੇ ਹਨ। ਰਿਸ਼ਵਤ-ਵੱਢੀ ਸਭ ਲੈਂਦੇ ਹਨ, ਇਸ ਦੀ ਸ਼ਰਮ ਮਹਿਸੂਸ ਨਹੀਂ ਕਰਦੇ। ਵੱਢੀ ਦਿੱਤੇ ਬਿਨਾਂ ਕੋਈ ਕੰਮ ਨਹੀਂ ਹੁੰਦਾ। ਰਾਜਾ ਵੀ ਫ਼ੀਸ ਲੈਣ ਵਾਸਤੇ ਨਿਆਂ ਕਰਦਾ ਹੈ, ਧਰਮ ਜਾਂ ਉਪਕਾਰ ਕਰਨ ਵਾਸਤੇ ਨਹੀਂ। ਗੁਰੂ ਜੀ ਫੁਰਮਾਉਂਦੇ ਹਨ :

*ਗੁਰੂ ਪਾਸਹੁ ਫਿਰਿ ਚੇਲਾ ਖਾਇ ॥*
*ਤਾਮਿ ਪਰੀਤਿ ਵਸੈ ਘਰਿ ਆਇ ॥. . .*
*ਦਰਸਨਿ ਦੇਖਿਐ ਦਇਆ ਨ ਹੋਇ ॥*
*ਲਏ ਦਿਤੇ ਵਿਣੁ ਰਹੈ ਨ ਕੋਇ ॥*
*ਰਾਜਾ ਨਿਆਉ ਕਰੇ ਹਥਿ ਹੋਇ ॥*
*ਕਹੈ ਖੁਦਾਇ ਨ ਮਾਨੈ ਕੋਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੯-੫੦)*

ਗੁਰਮਤਿ ਅਨੁਸਾਰ ਇਹ ਸਰੀਰ ਜੀਵ-ਆਤਮਾ ਦਾ ਰੱਥ ਭਾਵ ਸਵਾਰੀ ਹੈ। ਹਰ ਯੁੱਗ ਵਿਚ ਇਸ ਰੱਥ ਦਾ ਅਤੇ ਇਸ ਨੂੰ ਚਲਾਉਣ ਵਾਲੇ ਰਥਵਾਨ (ਵੀਚਾਰ) ਦਾ ਰੂਪ ਬਦਲਦਾ ਰਹਿੰਦਾ ਹੈ। ਕਲਿਜੁਗ ਵਿਚ ਸਰੀਰ ਰੂਪੀ ਇਹ ਰੱਥ ਅਗਨੀ ਦਾ ਬਣਿਆ ਹੈ ਭਾਵ ਮਨੁੱਖ ਦਾ ਮੁੱਖ ਸੁਭਾਅ ਹੀ ਇਹ ਹੈ ਕਿ ਉਸ ਦਾ ਸਰੀਰ ਤੇ ਮਨ ਵਿਸ਼ੇ-ਵਿਕਾਰਾਂ ਦੀ ਤਪਸ਼ ਤੇ ਧਨ-ਸੰਪਤੀ ਦੀ ਭੁੱਖ ਨਾਲ ਭਰਿਆ ਪਿਆ ਹੈ। ਆਪਣੀਆਂ ਲਾਲਸਾਵਾਂ ਦੀ ਪੂਰਤੀ ਕਰਨ ਲਈ ਉਹ ਝੂਠ, ਕਪਟ ਅਤੇ ਧੋਖੇ ਦੀਆਂ ਸਾਜ਼ਿਸ਼ਾਂ ਰਚਦਾ ਰਹਿੰਦਾ ਹੈ। ਗੁਰੂ ਜੀ ਨੇ ਫੁਰਮਾਇਆ ਹੈ :

*ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥*
*ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥*
*ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥*
*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਇਸ ਜੁਗ ਦੇ ਜੀਵਾਂ ਨੂੰ ਚੰਗੇ-ਮਾੜੇ, ਖੋਟੇ-ਖਰੇ ਦੀ ਸਮਝ ਨਹੀਂ ਹੁੰਦੀ। ਜੋ ਵਿਅਕਤੀ ਬਿਲਕੁਲ ਗਿਆਨਹੀਣ ਹੁੰਦਾ ਹੈ, ਉਸੇ ਨੂੰ ਬਹੁਤ ਸਮਝਵਾਨ ਮੰਨ ਲਿਆ ਜਾਂਦਾ ਹੈ, ਉਸ ਦੀ ਮਾਨਤਾ ਕੀਤੀ ਜਾਂਦੀ ਹੈ। ਜਿਹੜੇ ਅੰਦਰੋਂ-ਬਾਹਰੋਂ ਸੱਚੇ ਹੁੰਦੇ ਹਨ, ਉਨ੍ਹਾਂ ਦੀ ਕਦਰ ਨਹੀਂ ਕੀਤੀ ਜਾਂਦੀ। ਗੁਰੂ ਜੀ ਫੁਰਮਾਉਂਦੇ ਹਨ :

*ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥*
*ਬਿਨੁ ਗੁਰ ਪੰਥੁ ਨ ਸੁਝਈ ਕਿਤੁ ਬਿਧਿ ਨਿਰਬਹੀਐ ॥੨॥*

*ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥*
*ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੯)*

ਕਲਿਜੁਗ ਦੇ ਪ੍ਰਭਾਵ ਕਰਕੇ ਮਨੁੱਖੀ ਰਿਸ਼ਤਿਆਂ ਵਿਚ ਵੀ ਵਿਗਾੜ ਆ ਜਾਂਦਾ ਹੈ। ਧੀਆਂ, ਪੁੱਤ ਤੇ ਘਰ ਦੀ ਇਸਤਰੀ ਵੀ ਮਾਇਆ ਦੀ ਲੋਭੀ ਹੋ ਜਾਂਦੀ ਹੈ। ਲੋਭ ਦੀ ਖ਼ਾਤਰ ਹੀ ਉਹ ਪਿਆਰ ਕਰਦੇ ਹਨ, ਸੇਵਾ ਕਰਦੇ ਹਨ। ਜੇ ਪਾਪ ਕਰ ਕੇ ਲੋਭ ਪੂਰਾ ਹੁੰਦਾ ਹੋਵੇ ਤਾਂ ਉਹ ਪਾਪ ਕਰਨ ਤੋਂ ਵੀ ਨਹੀਂ ਝਿਜਕਦੇ। ਹੁਣ ਤਾਂ ਹਾਲਾਤ ਹੋਰ ਵੀ ਖ਼ਰਾਬ ਹੋ ਗਏ ਹਨ। ਅਧਿਆਪਕ-ਵਿਦਿਆਰਥੀ ਇੱਥੋਂ ਤਕ ਕਿ ਪਿਉ-ਧੀ ਦਾ ਰਿਸ਼ਤਾ ਵੀ ਮਲੀਨ ਹੋ ਰਿਹਾ ਹੈ। ਇਹ ਰਿਸ਼ਤੇ ਵੀ ਮਨੁੱਖ ਲਈ ਜਿੰਨ ਦਾ ਰੂਪ ਹੋ ਕੇ ਦੁਖਦਾਈ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੬)*

ਕਲਿਜੁਗ ਵਿਚ ਲੋਕਾਂ ਦਾ ਕਿਰਦਾਰ ਇੰਨਾ ਝੂਠਾ ਅਤੇ ਫ਼ਰੇਬ ਵਾਲਾ ਹੈ ਕਿ ਉਨ੍ਹਾਂ ਨੂੰ ਧਰਮ ਦੇ ਕਾਰਜਾਂ ਦਾ ਕੋਈ ਸਤਿਕਾਰ ਨਹੀਂ ਹੁੰਦਾ। ਜੇ ਉਹ ਅਜਿਹੇ ਕਾਰਜ ਕਰਦੇ ਵੀ ਹਨ ਤਾਂ ਸਿਰਫ਼ ਦਿਖਾਵੇ ਲਈ ਜਾਂ ਆਪਣੇ ਫ਼ਰੇਬ ਦੀ ਸਫ਼ਲਤਾ ਲਈ ਕਰਦੇ ਹਨ :

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥*
*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥*
*ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੧)*

ਸਮਾਜ ਵਿਚ ਬਦਮਾਸ਼ ਅਤੇ ਗੁੰਡੇ ਵਿਅਕਤੀਆਂ ਦਾ ਸਨਮਾਨ ਹੁੰਦਾ ਹੈ। ਸਭ ਉਨ੍ਹਾਂ ਤੋਂ ਡਰਦੇ ਉਨ੍ਹਾਂ ਦੀ ਇੱਜ਼ਤ ਕਰਦੇ ਹਨ। ਉਹ ਭਾਵੇਂ ਕਿੰਨਾ ਧੋਖਾ, ਹੇਰਾ-ਫੇਰੀ ਤੇ ਭ੍ਰਿਸ਼ਟਾਚਾਰ ਕਰਨ, ਕਿਸੇ ਵਿਚ ਉਨ੍ਹਾਂ ਨੂੰ ਟੋਕਣ ਦੀ ਹਿੰਮਤ ਨਹੀਂ ਹੁੰਦੀ। ਲੋਕ ਅਜਿਹੇ ਵਿਅਕਤੀਆਂ ਦੇ ਗ਼ੁਲਾਮ ਬਣ ਕੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਖ਼ੁਸ਼ਾਮਦ ਕਰ ਕੇ ਪ੍ਰਸੰਨ ਕਰਨ ਦਾ ਯਤਨ ਕਰਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਲਿਜੁਗ ਦਾ ਇਹ ਲੱਛਣ ਸੰਖੇਪ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ :

*ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥*
*ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥*
*ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥*
*ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮)*

ਇਸ ਦੇ ਉਲਟ ਚੰਗੇ ਕਿਰਦਾਰ ਵਾਲੇ ਸੱਚੇ-ਸੁੱਚੇ ਬੰਦਿਆਂ ਨੂੰ ਬੁਰੇ ਸਮਝਿਆ ਜਾਂਦਾ ਹੈ। ਲੋਕੀਂ ਉਨ੍ਹਾਂ ਤੋਂ ਗੁਰੇਜ਼ ਕਰਦੇ ਹਨ। ਥਾਂ-ਥਾਂ ਉਨ੍ਹਾਂ ਦੀ ਨਿੰਦਿਆ ਤੇ ਬਦਖੋਈ ਕੀਤੀ ਜਾਂਦੀ ਹੈ। ਇਸ ਲਈ ਕਲਿਜੁਗ ਵਿਚ ਨਾਮ ਜਪ ਕੇ ਕਿਸੇ ਕਿਸਮ ਦੀ ਵਡਿਆਈ ਜਾਂ ਜਸ ਦੀ ਆਸ ਨਹੀਂ ਰੱਖੀ ਜਾ ਸਕਦੀ। ਨਾਮ ਸਿਰਫ਼ ਪਰਮਾਤਮਾ ਦੀ ਪ੍ਰਾਪਤੀ ਲਈ ਹੀ ਜਪਿਆ ਜਾ ਸਕਦਾ ਹੈ। ਦੁਨੀਆ ਵੱਲੋਂ ਇਸ ਦਾ ਵਿਰੋਧ ਹੀ ਕੀਤਾ ਜਾਂਦਾ ਹੈ, ਵਿਘਨ ਹੀ ਪਾਏ ਜਾਂਦੇ ਹਨ। ਗੁਰਬਾਣੀ ਦਾ ਮਹਾਂਵਾਕ ਹੈ :

*-ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥*
*ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੯)*

*-ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੨)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਧਾਰਨ ਸਮੇਂ ਪ੍ਰਿਥਵੀ ਉੱਤੇ ਕਲਿਜੁਗ ਦਾ ਬਹੁਤ ਜ਼ੋਰ ਸੀ। ਚਾਰੇ ਪਾਸੇ ਜਗਤ ਵਿਚ ਪਾਪ ਵਰਤ ਰਿਹਾ ਸੀ। ਪਰਜਾ ਦਾ ਕਿਰਦਾਰ ਗਿਰ ਚੁੱਕਾ ਸੀ। ਅਨੇਕ ਪਖੰਡੀ ਗੁਰੂ ਧਰਮ ਦੇ ਨਾਂ 'ਤੇ ਲੋਕਾਂ ਨੂੰ ਲੁੱਟ ਰਹੇ ਸਨ। ਲੋਕਾਂ ਨੂੰ ਭਰਮਾਉਣ ਲਈ ਦਿਖਾਵੇ ਦੇ ਨਾਚ ਨੱਚਦੇ ਸਨ। ਹਿੰਦੂ ਮੁਸਲਮਾਨਾਂ ਨੇ ਰੱਬ ਨੂੰ ਵੰਡ ਲਿਆ ਸੀ। ਉਹ ਆਪਣੇ-ਆਪਣੇ ਰੱਬ ਨੂੰ ਵੱਡਾ ਦੱਸਦੇ ਸਨ। ਸੱਚ ਨੂੰ ਸਮਝਣ ਦੀ ਥਾਂ ਬ੍ਰਾਹਮਣ ਮੁੱਲਾਂ ਇੱਕ-ਦੂਜੇ ਦਾ ਵਿਰੋਧ ਕਰਦੇ ਸਨ। ਇੱਕ ਹਿੰਦੂ ਧਰਮ ਵਿਚ ਹੀ ਅਨੇਕ ਫ਼ਿਰਕੇ ਸਨ ਜੋ ਇੱਕ-ਦੂਜੇ ਨਾਲ ਵੈਰ ਕਰਦੇ ਸਨ। ਜਾਤ-ਪਾਤ ਦੇ ਨਾਂ 'ਤੇ ਲੋਕਾਂ ਨੂੰ ਵੰਡਿਆ ਜਾ ਰਿਹਾ ਸੀ। ਛੂਤ-ਛਾਤ, ਊਚ-ਨੀਚ ਦਾ ਭੇਦ ਕੀਤਾ ਜਾਂਦਾ ਸੀ। ਭਾਈ ਗੁਰਦਾਸ ਜੀ ਨੇ ਧਰਮ ਦੀ ਧੁੰਦਲੀ ਸਥਿਤੀ ਨੂੰ ਇਸ ਤਰ੍ਹਾਂ ਦਰਸਾਇਆ ਹੈ :

*ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।*
*ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।*
*ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।*
*ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।*
*ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।*
*ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।*
*ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ।*
*ਕਲਿਜੁਗਿ ਅੰਦਰਿ ਭਰਮਿ ਭੁਲਾਏ ॥* *(ਵਾਰ ੧:੧੯)*

ਗੁਰਮਤਿ ਨੇ ਮਨੁੱਖ ਨੂੰ ਗ੍ਰਿਹਸਥੀ ਜੀਵਨ ਜਿਊਂਦਿਆਂ ਕਾਮ, ਕ੍ਰੋਧ, ਲੋਭ, ਮੋਹ

ਅਤੇ ਹੰਕਾਰ ਉੱਤੇ ਕਾਬੂ ਪਾ ਕੇ ਜੀਵਨ ਸਫ਼ਲ ਕਰਨ ਦੀ ਜੁਗਤ ਦੱਸੀ। ਖ਼ਾਲਸੇ ਦੀ ਸਾਜਨਾ ਸਮਾਜ ਤੋਂ ਦੂਰ ਰਹਿ ਕੇ ਭਗਤੀ ਕਰਨ ਲਈ ਨਹੀਂ ਸੀ ਹੋਈ ਬਲਕਿ ਸਮਾਜ ਵਿਚ ਰਹਿ ਕੇ ਫ਼ੈਲੇ ਹੋਏ ਕੁਕਰਮ ਨੂੰ ਰੋਕਣ ਅਤੇ ਠੱਲ੍ਹ ਪਾਉਣ ਲਈ ਹੋਈ ਸੀ। ਖ਼ਾਲਸੇ ਨੇ ਆਪ ਅਜਿਹੇ ਕੁਕਰਮਾਂ ਤੋਂ ਬਚਦੇ ਹੋਏ ਮਾਨਵਤਾ ਦਾ ਮਾਰਗ-ਦਰਸ਼ਨ ਕਰਨਾ ਹੈ। ਕਲਿਜੁਗ ਵਿਚ ਗੁਰਮਤਿ ਦੇ ਇਸ ਆਦੇਸ਼ ਅਤੇ ਉਦੇਸ਼ ਨੂੰ ਧਾਰਨ ਕਰਨ ਅਤੇ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਗੁਰਬਾਣੀ ਦਾ ਮਹਾਂਵਾਕ ਹੈ :

*ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੦)*

ਤਥਾ :

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੨)*

ਭਾਈ ਗੁਰਦਾਸ ਜੀ ਜੁਗਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਦੱਸਦੇ ਹਨ ਕਿ ਸਤਿਜੁਗ ਦਾ ਇਹ ਵੱਡਾ ਅਨਿਆਇ ਸੀ ਕਿ ਇੱਕ ਵਿਅਕਤੀ ਕੁਕਰਮ ਕਰਦਾ ਸੀ ਅਤੇ ਉਸ ਦਾ ਫ਼ਲ ਸਾਰਾ ਦੇਸ਼ ਭੁਗਤਦਾ ਸੀ। ਤ੍ਰੇਤੇ ਯੁੱਗ ਵਿਚ ਪੂਰੀ ਨਗਰੀ ਹੀ ਤਬਾਹ ਹੋ ਜਾਂਦੀ ਸੀ ਅਤੇ ਦੁਆਪਰ ਵਿਚ ਕੁਕਰਮ ਕਰਨ ਵਾਲੇ ਵਿਅਕਤੀ ਦਾ ਪੂਰਾ ਵੰਸ਼ ਹੀ ਖੋਟਾ ਹੋ ਜਾਂਦਾ ਸੀ। ਕਲਿਜੁਗ ਵਿਚ ਜੋ ਕੋਈ ਵਿਅਕਤੀ ਕੁਕਰਮ ਕਰੇਗਾ, ਉਹ ਹੀ ਸਜ਼ਾ ਦਾ ਹੱਕਦਾਰ ਹੋਵੇਗਾ :

*ਸਤਿਜੁਗਿ ਕਾ ਅਨਿਆਇ ਸੁਣਿ ਇਕ ਫੇੜੇ ਸਭੁ ਜਗਤ ਮਰਾਵੈ।*
*ਤ੍ਰੇਤੇ ਨਗਰੀ ਪੀੜੀਐ ਦੁਆਪਰਿ ਵੰਸੁ ਕੁਵੰਸ ਕੁਹਾਵੈ।*
*ਕਲਿਜੁਗ ਜੋ ਫੇੜੇ ਸੋ ਪਾਵੈ ॥* *(ਵਾਰ ੧:੧੩)*

ਗੁਰਬਾਣੀ ਦਾ ਵੀ ਫੁਰਮਾਨ ਹੈ :

*ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥*
*ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੬)*

ਕਲਿਜੁਗ ਦਾ ਮਨੁੱਖ ਇੰਨਾ ਸ਼ੈਤਾਨ ਹੋ ਚੁੱਕਾ ਸੀ ਕਿ ਉਸ ਲਈ ਪੁਰਾਤਨ ਧਰਮਾਂ ਦਾ ਸਿਧਾਂਤਕ ਤੌਰ 'ਤੇ ਵੀ ਅਤੇ ਅਮਲੀ ਰੂਪ ਵਿਚ ਵੀ ਕੋਈ ਮਹੱਤਵ ਨਹੀਂ ਸੀ ਰਹਿ ਗਿਆ। ਮਨੁੱਖ ਦਾ ਕਿਰਦਾਰ ਬਦਲ ਚੁੱਕਾ ਸੀ, ਇਹ ਹੁਣ ਉਨ੍ਹਾਂ ਸਾਧਨਾਂ ਦੇ ਯੋਗ ਨਹੀਂ ਸੀ ਰਿਹਾ। ਪੁਰਾਤਨ ਧਰਮਾਂ ਵਿਚ ਮੂਰਤੀ-ਪੂਜਾ, ਯੱਗ, ਦਾਨ, ਤੀਰਥ-ਯਾਤਰਾ ਦਾ ਵਿਧਾਨ ਸੀ। ਇਹ ਤਾਂ ਕੋਈ ਵੀ ਆਪਣੇ ਪੈਸੇ ਦੇ ਜ਼ੋਰ ਨਾਲ ਕਰ ਸਕਦਾ ਹੈ। ਇਸ ਵਿਚ ਸ਼ਰਧਾ ਅਤੇ ਆਤਮਿਕ ਵਿਕਾਸ ਨੂੰ ਕੋਈ ਥਾਂ ਨਹੀਂ ਹੁੰਦੀ।

ਇਸ ਤਰ੍ਹਾਂ ਕਲਿਜੁਗ ਦੀਆਂ ਘੁੰਮਣ-ਘੇਰੀਆਂ ਵਿਚ ਫਸੇ ਜੀਵ ਲਈ ਗੁਰੂ ਜੀ ਨੇ ਗੁਰਬਾਣੀ ਦਾ ਉਚਾਰਨ ਕੀਤਾ ਅਤੇ ਗੁਰਬਾਣੀ ਨਾਲ ਜੁੜਨ ਦਾ ਹੀ ਉਪਦੇਸ਼ ਕੀਤਾ ਹੈ। ਗੁਰੂ-ਚੇਲੇ ਦੀ ਪ੍ਰਥਾ ਵੀ ਕਲਿਜੁਗ ਵਿਚ ਆ ਕੇ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਸੀ। ਗੁਰੂ ਜੀ ਨੇ ਮਨੁੱਖੀ ਗੁਰੂ ਦੀ ਥਾਂ ਸਿੱਖਾਂ ਨੂੰ ਸ਼ਬਦ-ਗੁਰੂ ਦੇ ਲੜ ਲਾਇਆ ਜੋ ਸਦਾ ਅਬਿਨਾਸ਼ੀ ਤੇ ਨਿਰਮਲ ਰਹਿੰਦਾ ਹੈ :

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੯)*

ਸ਼ਬਦ ਹੀ ਗੁਰੂ ਬਣ ਕੇ ਜੀਵ ਨੂੰ ਸਹੀ ਉਪਦੇਸ਼ ਕਰ ਸਕਦਾ ਹੈ। ਸ਼ਬਦ ਦੀ ਸਾਧਨਾ ਹੀ ਭਗਤੀ ਦਾ ਸ੍ਰੇਸ਼ਟ ਰੂਪ ਹੈ। ਇਹ ਜੀਵ ਦੇ ਹਿਰਦੇ ਨੂੰ ਸ਼ੁੱਧ ਕਰ ਕੇ ਉਸ ਵਿਚ ਪਰਮਾਤਮਾ ਨੂੰ ਪ੍ਰਗਟ ਕਰਦੀ ਹੈ। ਗੁਰੂ ਜੀ ਨੇ ਹਵਨ ਯੱਗ, ਮੂਰਤੀ ਪੂਜਾ, ਜੰਗਲਾਂ ਵਿਚ ਜਾ ਕੇ ਜਪ-ਤਪ ਕਰਨ ਦੀ ਥਾਂ ਸ਼ਬਦ ਦੀ ਸਾਧਨਾ ਨੂੰ ਹੀ ਸ੍ਰੇਸ਼ਟ ਮੰਨਿਆ ਹੈ। ਇਸ ਸਾਧਨਾ ਨਾਲ ਹੀ ਜੀਵ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ :

*-ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥*
*ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੬)*

*-ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥*
*ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੭)*

*-ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੫)*
*-ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)*

*-ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨ ਕਾਈ।*
*ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠਉੜਿ ਨ ਪਾਈ ॥*

*(ਵਾਰ ੧:੧੬)*

ਅੱਜ ਸਾਰੇ ਪਾਸੇ ਨਿਗਾਹ ਮਾਰੀਏ ਤਾਂ ਸੱਚਮੁਚ ਘੋਰ ਕਲਿਜੁਗ ਹੀ ਦਿਖਾਈ ਦੇਵੇਗਾ ਜਦੋਂ ਕਿ ਸਮਾਜਿਕ, ਧਾਰਮਿਕ, ਰਾਜਨੀਤਿਕ ਵਰਤਾਰਾ ਮੁਕੰਮਲ ਰੂਪ ਵਿਚ ਭ੍ਰਿਸ਼ਟ ਹੋ ਚੁੱਕਾ ਹੈ। ਆਚਰਣਕ ਤੌਰ 'ਤੇ ਪੂਰੇ ਰਸਾਤਲ ਵਿਚ ਕੂੜ ਦਾ ਅਹਾਰ, ਪ੍ਰਚਾਰ ਤੇ ਵਿਵਹਾਰ ਵਰਤ ਰਿਹਾ ਹੈ। ਧਾਰਮਿਕ ਖੇਤਰ ਵਿਚ ਕਾਰਜਸ਼ੀਲ ਲੋਕ

ਮਨਮੱਤ, ਪਖੰਡ, ਕਰਮ-ਕਾਂਡ, ਅੰਧ-ਵਿਸ਼ਵਾਸ ਦਾ ਹੀ ਪਾਸਾਰ ਕਰਨ ਵਿਚ ਲੀਨ ਹਨ। ਚੰਗੇ-ਬੁਰੇ ਦਾ ਅੰਤਰ ਹੀ ਮਿਟ ਗਿਆ ਹੈ। ਸਭ ਵਰਗਾਂ ਦੇ ਖੇਤਰਾਂ ਦੇ ਮਨੁੱਖ ਹਰ ਪੱਖ ਤੋਂ ਮੁਕੰਮਲ ਰੂਪ ਵਿਚ ਗਿਰਾਵਟ ਦੀ ਨਿਚਲੀ ਹੱਦ ਉੱਤੇ ਪਹੁੰਚੇ ਚੁੱਕੇ ਹਨ। ਚਾਰੇ ਪਾਸੇ ਪਖੰਡ, ਮੁਲੰਮਾ, ਕਪਟ, ਛਲ, ਲੋਭ-ਲਾਲਚ ਦਾ ਹੀ ਬੋਲਬਾਲਾ ਹੈ ਤੇ ਸਚਮੁੱਚ ਹੀ *ਸਚੁ ਕਿਨਾਰੇ ਰਹਿ ਗਿਆ. . .* ਹੈ। ਪ੍ਰਿਥਵੀ ਤੋਂ ਸੁਕਰਮ ਸਮਾਪਤ ਹੋ ਗਿਆ ਹੈ ਤੇ ਕੁਕਰਮ ਅਤੇ ਕੁਕਰਮੀ ਹੀ ਪ੍ਰਧਾਨ ਹੈ। ਮਨੁੱਖ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਿਆ ਹੈ। ਹਵਾ, ਪਾਣੀ, ਧਰਤੀ ਜੋ ਮਨੁੱਖੀ ਜ਼ਿੰਦਗੀ ਦਾ ਮੂਲ ਆਧਾਰ ਹਨ, ਇਹ ਵੀ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੇ ਹਨ। ਇਨ੍ਹਾਂ ਤੱਤਾਂ ਤੋਂ ਪੈਦਾ ਹੋਇਆ ਅਤੇ ਇਨ੍ਹਾਂ ਦੇ ਸਹਾਰੇ ਚੱਲ ਰਿਹਾ ਸਰੀਰ ਪ੍ਰਦੂਸ਼ਿਤ ਹੋ ਗਿਆ ਹੈ। ਪਖੰਡ, ਹਉਮੈਂ, ਲਾਲਸਾ, ਛਲ ਅਤੇ ਕਪਟ ਕਾਰਨ ਆਤਮਾ ਵੀ ਪ੍ਰਦੂਸ਼ਿਤ ਹੈ। ਅਜਿਹਾ ਸੱਭਿਆਚਾਰ ਅਤੇ ਸਦਾਚਾਰ ਹੈ ਅਜੋਕੇ ਯੁੱਗ— ਕਲਿਜੁਗ ਦਾ ਅਤੇ ਇਹ ਰਸਤਾ ਹੈ— ਸਰਬਨਾਸ਼ ਦਾ। ਮਨੁੱਖ ਇਸ ਰਸਤੇ ਉੱਤੇ ਪੂਰੇ ਹੰਕਾਰ ਅਤੇ ਤੇਜ਼ੀ ਨਾਲ ਤੁਰਿਆ ਜਾ ਰਿਹਾ ਹੈ। ਭਾਈ ਗੁਰਦਾਸ ਜੀ ਨੇ ਇਸ ਦਸ਼ਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।*
*ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।*
*ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।*
*ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸ ਦਿਨਿ ਰੋਆ।*
*ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌ ਰਸਾਤਲਿ ਟੋਆ।*
*ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।*
*ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।*
*ਧਰਮ ਧਉਲੁ ਪੁਕਾਰੈ ਤਲੈ ਖੜੋਆ ॥* *(ਵਾਰ ੧:੨੨)*

ਅੱਜ ਲੋੜ ਹੈ ਅੰਤਰਮੁਖੀ ਹੋਣ ਦੀ, *ਬਲਿਹਾਰੀ ਕੁਦਰਤਿ ਵਸਿਆ* ਦੇ ਸੱਚ ਨੂੰ ਸਮਝਣ ਦੀ, *ਏਕੁ ਪਿਤਾ ਏਕਸ ਕੇ ਹਮ ਬਾਰਿਕ* ਦੀ ਅਟੱਲ ਸਚਾਈ ਨੂੰ ਸਮਝਣ ਦੀ ਅਤੇ ਆਪਣੇ ਅੰਦਰ ਸਦਗੁਣ ਪੈਦਾ ਕਰਨ ਦੀ। ਇਹ ਸਥਿਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸਮਝ ਕੇ, ਉਸ ਨੂੰ ਆਪਣੇ ਅਨੁਭਵ ਵਿਚ ਸਮੋ ਕੇ, ਉਸ ਗੁਰਮਤਿ ਮਾਰਗ ਦੇ ਪਾਂਧੀ ਬਣ ਕੇ ਹੀ ਪ੍ਰਾਪਤ ਹੋ ਸਕਦੀ ਹੈ। ਆਓ! ਆਪਣੇ ਅੰਦਰ ਸਤ, ਸੰਜਮ, ਭੈਅ ਤੇ ਭਾਉ ਪੈਦਾ ਕਰੀਏ ਤਾਂ ਜੋ ਸੰਸਾਰ ਵਿਚ ਸੱਚ ਦਾ ਬੋਲਬਾਲਾ ਅਤੇ ਸੁਕਰਮ ਦਾ ਪਸਾਓ ਹੋਵੇ ਅਤੇ ਧਰਤੀ ਉੱਤੇ ਅਸਲ ਰੂਪ ਵਿਚ ਬਹਿਸ਼ਤ ਬਣ ਸਕੇ। ■

# ਬੁੱਢਾ ਸਾਹਿਬ ਖੋਲਹੁ ਗ੍ਰੰਥ. . .

*-ਡਾ. ਤੇਜਿੰਦਰ ਪਾਲ ਸਿੰਘ**

ਸਿੱਖ ਧਰਮ ਵਿਚ 'ਸਬਦ ਗੁਰੂ' ਦੇ ਸਿਧਾਂਤ ਦੀ ਸਥਾਪਨਾ ਕਿਸੇ ਪ੍ਰਮਾਣ ਜਾਂ ਪੁਸ਼ਟੀ ਦੀ ਮੁਥਾਜ ਨਹੀਂ। ਬੇਸ਼ਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ, ਪਰੰਤੂ 'ਸਬਦ' ਦੀ 'ਗੁਰੂ' ਰੂਪ ਵਿਚ ਸਥਾਪਨਾ ਤਾਂ ਪਹਿਲੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਹੀ ਕਰ ਦਿੱਤੀ ਸੀ:

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੩)*

ਇਕ ਗੱਲ ਬਿਲਕੁਲ ਸਪੱਸ਼ਟ ਹੈ ਕਿ ਧਰਮ ਚਿੰਤਨ ਦੇ ਪੱਧਰ 'ਤੇ 'ਸਬਦ', ਕੋਸ਼-ਵਿਗਿਆਨ ਤੋਂ ਉੱਪਰ ਉੱਠ ਕੇ ਰਹੱਸਮਈ ਵਰਤਾਰਾ ਹੈ। ਸਿੱਖ ਧਰਮ ਵਿਚ 'ਸਬਦ' ਨੂੰ 'ਖਸਮ ਕੀ ਬਾਣੀ' ਕਹਿ ਕੇ ਵਡਿਆਇਆ ਗਿਆ ਹੈ। 'ਸਬਦ' ਦਾ ਬਾਣੀਕਾਰਾਂ ਨੇ ਪਹਿਲਾਂ ਆਪ ਅਨੁਭਵ ਕੀਤਾ, ਫਿਰ ਉਸ ਅਨੁਭਵ ਨੂੰ 'ਬਾਣੀ' ਰਾਹੀਂ ਪ੍ਰਗਟ ਕੀਤਾ :

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਜ਼ਿਕਰਯੋਗ ਹੈ ਕਿ 'ਗੁਰਬਾਣੀ' ਅਤੇ 'ਬਾਣੀ' ਦੋਨੋਂ ਸ਼ਬਦ 'ਸਬਦ' ਦੇ ਅਰਥਾਂ ਵਿਚ ਹੀ ਆਏ ਹਨ। ਇਤਿਹਾਸਿਕ ਤੌਰ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਵੇਈਂ ਪ੍ਰਵੇਸ਼' ਤੋਂ ਪਿੱਛੋਂ 'ਸਬਦ' ਦਾ ਪ੍ਰਵਾਹ ਚਲਾਇਆ। ਗੁਰੂ ਸਾਹਿਬ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਜਿੱਥੇ ਵੀ ਗਏ, 'ਸਬਦ' ਦੀ ਬਰਕਤ ਨਾਲ ਲੋਕਾਈ ਨੂੰ ਸਿੱਧੇ ਰਾਹ ਪਾਇਆ। 'ਸਬਦ' ਦੀ ਅਪਾਰ ਸ਼ਕਤੀ ਦੇ ਹਵਾਲੇ ਨਾਲ ਜਨਮਸਾਖੀ ਸਾਹਿਤ ਵਿਚ ਅਨੇਕ ਸਾਖੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਰਾਹੀਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਨੇ 'ਸਬਦ' ਦੀ ਸ਼ਕਤੀ ਨਾਲ ਅਨੇਕ ਵਿਅਕਤੀਆਂ ਦਾ ਉੱਧਾਰ ਕੀਤਾ। ਇਸ ਪ੍ਰਥਾਇ ਸਭ ਤੋਂ ਮੁੱਢਲੀ ਸ਼ੇਖ ਸੱਜਣ ਸਾਖੀ (ਸੱਜਣ ਠੱਗ) ਵਾਲੀ ਹੈ, ਜਿਸ ਦਾ ਜਨਮਸਾਖੀ ਵਿਚ ਇਉਂ ਜ਼ਿਕਰ ਹੈ:

*...ਜਬ ਰਾਤਿ ਪਈ ਤਬਿ ਆਖਿਓਸੁ: ਉਠਹੁ ਜੀ ਸੋਵਹੁ। ਤਬਿ ਬਾਬੇ ਆਖਿਆ, ਸਜਣੇ ! ਇਕੁ ਸਬਦੁ ਖੁਦਾਇ ਦੀ ਬੰਦਗੀ ਕਾ ਆਖਿ ਕਰਿ ਸੋਵਹਿਗੇ। ਤਬਿ ਸੇਖ ਸਜਨਿ ਆਖਿਆ: ਭਲਾ ਹੋਵੈ ਜੀ ਆਖਹੁ ਜੀ ਰਾਤਿ ਬਹੁਤੁ ਗੁਜਰਦੀ ਜਾਂਦੀ ਹੈ। ਤਉ ਬਾਬੇ ਆਖਿਆ ਮਰਦਾਨਿਆ ! ਰਬਾਬੁ ਵਜਾਇ। ਤਾਂ ਮਰਦਾਨੇ ਰਬਾਬੁ ਵਜਾਇਆ। ਰਾਗ ਸੂਹੀ ਕੀਤੀ। ਗੁਰੂ ਨਾਨਕ ਸਬਦੁ ਉਠਾਇਆ।... ਤਬ ਦਰਸਨ ਕਾ ਸਦਕਾ ਬੁਧਿ ਹੋਇ ਆਈ।*

**ਅਸਿਸਟੈਂਟ ਪ੍ਰੋਫ਼ੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ, ਮੀਰਾਂਪੁਰ (ਪਟਿਆਲਾ)— ੧੪੭੧੧੧; ਮੋ. ੯੯੮੮੦੦੪੭੩੩.*

*ਜਾਂ ਵੀਚਾਰੇ ਤਾਂ ਸਭ ਮੇਰੇ ਗੁਨਾਹ ਸਹੀ ਹੋਇ ਹੈਨਿ। ਤਬਿ ਆਇ ਉਠਿ ਕਰਿ ਪੈਰੀ ਪਇਆ ਪੈਰਿ ਚੁੰਮਿਓਸ।...*[੧]

ਸਿੱਖ ਧਰਮ ਵਿਚ ਅਕਾਲ ਪੁਰਖ, ਗੁਰੂ ਅਤੇ ਸਬਦ ਇਕ-ਦੂਜੇ ਦੇ ਪੂਰਕ ਨਹੀਂ, ਸਗੋਂ ਇਕ ਹੀ ਰੂਪ ਹਨ। ਅਕਾਲ ਪੁਰਖ ਵੀ ਸਬਦ-ਰੂਪ ਹੈ, ਬਾਣੀ ਵੀ ਸਬਦ ਦਾ ਹੀ ਰੂਪ ਹੈ ਅਤੇ ਗੁਰੂ ਵੀ ਸਬਦ-ਸਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ ਕਿ ਪਾਰਬ੍ਰਹਮ ਨੇ ਆਪਣਾ 'ਆਪ' 'ਗੁਰੂ' ਵਿਚ ਸਮਾਅ ਕੇ 'ਸਬਦ-ਗੁਰੂ' ਦਾ ਵਰਤਾਰਾ ਵਰਤਾਇਆ:

*ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੯)*

'ਸਬਦ' ਇਕ ਰਹੱਸਵਾਦੀ ਸਿਧਾਂਤ ਹੈ, ਜਿਸ ਅਧੀਨ 'ਸਬਦ', ਗੁਰੂ/ਪੀਰ ਦਾ ਦਰਜਾ ਰੱਖਦਾ ਹੈ :

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੫)*

ਗੁਰਬਾਣੀ ਅੰਦਰ 'ਸਬਦ' ਦੀ ਵਿਆਖਿਆ ਕਈ ਅਰਥਾਂ ਵਿਚ ਹੋਈ ਹੈ। ਪ੍ਰਮੁੱਖ ਰੂਪ ਵਿਚ 'ਸਬਦ' ਨੂੰ 'ਇਲਾਹੀ ਸਦ' ਵਜੋਂ ਪੇਸ਼ ਕੀਤਾ ਗਿਆ ਹੈ:

*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥*
*ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥*
*ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੯)*

ਇਸ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਪਹਿਲੇ ਪ੍ਰਕਾਸ਼ ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਸ ਮਨੋਰਥ ਨਾਲ ਸਬਦ ਗੁਰੂ ਦੀ ਪਿੱਠ-ਭੂਮੀ ਸਿਰਜ ਕੇ ਆਦਿ ਗ੍ਰੰਥ ਦੀ ਸੰਪਾਦਨਾ ਦਾ ਵੇਰਵਾ ਦਿੱਤਾ ਗਿਆ ਹੈ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਬੰਧੀ ਗੁਰਮੁਖੀ ਸਰੋਤਾਂ ਦੇ ਹਵਾਲੇ ਨਾਲ ਵਿਚਾਰ ਕੀਤੀ ਗਈ ਹੈ। ਲੇਖ ਦੇ ਅੰਤ ਵਿਚ ਸ੍ਰੀ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਅਤੇ ਸਿੱਖ ਅਮਲ ਵਿਚ ਸਥਾਨ ਦਾ ਜ਼ਿਕਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਜੁਗਤਿ' ਅਧੀਨ ਨਾਨਕ-ਜੋਤਿ ਦੇ ਚੌਥੇ ਜਾਮੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਤਿਆਰ ਕਰਵਾਇਆ। 'ਮਹਿਮਾ ਪ੍ਰਕਾਸ਼' ਨੇ ਇਸ ਸਰੋਵਰ ਨੂੰ 'ਮੁਕਤਛੇਤ੍ਰ' ਦੀ ਸੰਗਿਆ ਦਿਤੀ ਹੈ[੨], ਜਿੱਥੋਂ ਸਮਾਜਿਕ ਤੌਰ 'ਤੇ ਲੋਕਾਂ ਦੀ ਮੁਕਤੀ ਹੁੰਦੀ ਹੈ। ਗੁਰੂ ਸਾਹਿਬ ਨੇ ਆਪਣੇ ਦੈਵੀ ਮਿਸ਼ਨ ਅਧੀਨ ਲੋਕਾਂ ਦੀ ਆਪਸੀ ਵੰਡ ਦੂਰ ਕਰਨ ਲਈ ਪਾਣੀ ਨੂੰ ਬਾਉਲੀ ਤੋਂ ਬਾਅਦ ਸਰੋਵਰ ਰੂਪ

ਵਿਚ ਵਰਤਿਆ। ਗੁਰਬਾਣੀ ਦੀ ਸੇਧ *ਪਹਿਲਾ ਪਾਣੀ ਜੀਉ ਹੈ...* ਅਨੁਸਾਰ ਗੁਰੂ ਸਾਹਿਬ ਨੇ ਮਨੁੱਖ ਦੀ ਮੁੱਢਲੀ ਜ਼ਰੂਰਤ (ਪਾਣੀ) ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ। ਇਸ ਪਿੱਛੇ ਲੋਕਾਂ ਦੇ ਮਨਾਂ ਵਿੱਚੋਂ ਜਾਤੀ ਦੀ ਸੁੱਚ-ਭਿਟ ਦੂਰ ਕਰਨ ਦੀ ਦੂਰ-ਦ੍ਰਿਸ਼ਟੀ ਕਾਰਜਸ਼ੀਲ ਸੀ। 'ਮਹਿਮਾ ਪ੍ਰਕਾਸ਼' ਦਾ ਕਰਤਾ ਦੱਸਦਾ ਹੈ ਕਿ ਦਇਆਲੂ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਨ ਲਈ ਸੰਗਤ ਨੂੰ ਹੁਕਮ ਕੀਤਾ ਅਤੇ ਕਿਹਾ ਕਿ ਜਿਹੜਾ ਵੀ ਪ੍ਰਾਣੀ ਸਰੋਵਰ-ਖੁਦਾਈ ਦੀ ਸੇਵਾ ਕਰੇਗਾ, ਉਸ ਨੂੰ ਮਨ ਬਾਂਛਤ ਫ਼ਲ ਦੀ ਪ੍ਰਾਪਤੀ ਹੋਵੇਗੀ :

*...ਆਗਿਆ ਕੀਨੀ ਸਤਿਗੁਰ ਦਇਆਲ। ਯਹ ਧਰਮ ਛੇਤ੍ਰ ਖੋਦੋ ਤੁਮ ਤਾਲ॥*
*ਜੋ ਖੋਦੇ ਮਨ ਪ੍ਰੀਤ ਬਢਾਇ। ਜੋ ਚਿਤਵੈ ਸੋਈ ਫਲ ਪਾਇ॥*[੩]

ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸਰੋਵਰ ਦੀ ਖੁਦਾਈ ਦੇ ਅਰੰਭ ਕੀਤੇ ਕਾਰਜ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਰਵਿਘਨਤਾ ਸਹਿਤ ਨੇਪਰੇ ਚਾੜ੍ਹਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੁਖ ਭੰਜਨੀ ਬੇਰੀ ਹੇਠਾਂ ਬੈਠ ਕੇ ਸਰੋਵਰ ਦੀ ਚੱਲ ਰਹੀ ਸੇਵਾ ਦੀ ਨਿਗਰਾਨੀ ਕਰਦੇ ਸਨ :

*ਆਪ ਖਰੇ ਹੁਇ ਸਭਿਨਿ ਮਝਾਰੀ। ਕਾਰ ਕਰਾਵਹਿ ਗੁਰ ਉਪਕਾਰੀ॥*
*ਦੇਖਤਿ ਕਾਰ ਚੌਗੁਨੀ ਹੋਇ। ਉਦਮ ਕਰਹਿ ਅਧਿਕ ਸਭਿ ਕੋਇ॥*[੪]

ਗਿਆਨੀ ਗਿਆਨ ਸਿੰਘ ਸਰੋਵਰ ਦੀ ਸੁੰਦਰਤਾ ਬਿਆਨ ਕਰਦਿਆਂ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਇਹ ਅਜਿਹਾ ਸਰੋਵਰ ਰਚਿਆ, ਜਿਸ ਦੇ ਤੁਲ ਕੋਈ ਹੋਰ ਨਹੀਂ:

*ਤੀਰਥ ਆਹਿ ਅਮੀਸਰ ਪਾਵਨ ਤਾਹਿ ਖੁਦਾਵਨ ਕੀ ਦਿਢਧਾਰੇ।*
*ਰਾਜ ਮਜੂਰ ਲਗਾਇ ਰਖੇ ਬਹੁ ਸੰਗਤ ਕਾਰ ਕਢਾਇ ਅਪਾਰੇ।*
*ਤਿਆਰ ਪਜਾਵੇ ਕਰੇ ਗੁਰੁ ਸਿਖਨ ਛੋਡ ਗਿਲਾਨ ਕਰੀ ਅਤਿਕਾਰੇ।*
*ਤਾਲ ਬਿਸਾਲ ਸੁਪਾਨ ਰਚੀ ਜਿਸ ਕੇ ਸਮ ਔਰ ਨਹੀ ਜਗ ਸਾਰੇ।*[੫]

ਬਾਣੀ ਅਤੇ ਪਾਣੀ ਦਾ ਅਧਿਆਤਮਿਕ ਸਬੰਧ ਹੈ। ਸਰੋਵਰ ਅੰਦਰ ਹਰਿਮੰਦਰ (ਸ੍ਰੀ ਦਰਬਾਰ ਸਾਹਿਬ) ਬਣਵਾ ਕੇ, ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਪੂਰਵਨਿਸ਼ਚਿਤ ਸੀ। ਇਸ ਲਈ ਸਰੋਵਰ ਦੀ ਖੁਦਾਈ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਵਿਚ ਇਕ ਸੁੰਦਰ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ ਬਣਵਾਇਆ। ਇਸ ਸ੍ਰੀ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਗਏ, ਤਾਂ ਜੋ ਹਾਜ਼ਰ-ਹਜੂਰ ਪਰਮਾਤਮਾ ਦੇ ਦਰਸ਼ਨਾਂ ਲਈ ਸੰਗਤ ਜਾਤ/ਧਰਮ/ਕੌਮ/ਵਰਣ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਹਰਿਮੰਦਰ ਸਾਹਿਬ ਵਿਚ ਆ ਸਕਣ। ਗੁਰਬਾਣੀ ਵਿਚ 'ਹਰਿਮੰਦਰ' (ਸ੍ਰੀ ਦਰਬਾਰ ਸਾਹਿਬ) ਦੀ ਵਡਿਆਈ ਗੁਰੂ ਸਾਹਿਬ ਨੇ ਖ਼ੁਦ ਵੀ ਕੀਤੀ ਹੈ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*

*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੨)*

'ਗੁਰਬਿਲਾਸ ਪਾ: ੬' ਅਨੁਸਾਰ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਇਕ ਜਹਾਜ਼ ਦੇ ਨਿਆਈਂ ਹੈ, ਜਿਹੜਾ ਜੀਵਾਂ ਨੂੰ ਭਵਜਲ ਪਾਰ ਕਰਵਾਉਣ ਦੇ ਸਮਰੱਥ ਹੈ:

*ਸ੍ਰੀ ਦਰਬਾਰ ਕੀ ਉਪਮ ਉਚਾਰੀ। ਇਹ ਸਮ ਨਹੀ ਤ੍ਰਿਲੋਕੀ ਸਾਰੀ॥੫॥*
*ਸਮ ਜਹਾਜ ਬਨਿ ਹੈ ਦਰਬਾਰਾ। ਤਰੈਂ ਜੀਵ ਭਵਸਿੰਧੁ ਅਪਾਰਾ।*[੬]

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ 'ਹਰਿ' (ਪਰਮਾਤਮਾ) ਦਾ ਪ੍ਰਤੱਖ ਰੂਪ ਹੈ। ਇੱਥੇ ਜਾਣ ਵਾਲੇ ਮਨੁੱਖ ਦੇ ਸਭ ਪ੍ਰਕਾਰ ਦੇ ਦਰਿਦ੍ਰ ਖਤਮ ਹੋ ਜਾਂਦੇ ਹਨ:

*ਪਰਤਖ ਰੂਪ ਰਾਮਦਾਸ ਕਾ ਸੋਭਤ ਸ੍ਰੀ ਦਰਬਾਰ॥...*
*ਜੋਊ ਸਰਨਿ ਇਹ ਕੀ ਪਰੈ ਦਾਰਿਦ੍ਰ ਰਹੈ ਨ ਕਾਇ॥*[੭]

'ਹਰਿਮੰਦਰ' ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਪੰਥ' ਸਾਜਣ ਦੇ ਮਿਸ਼ਨ ਤਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਹਰਿਮੰਦਰ', ਸ੍ਰੀ ਦਰਬਾਰ ਸਾਹਿਬ ਵਿਚ 'ਹਰਿ' ਦੇ ਸਦੀਵੀ ਵਾਸੇ ਲਈ, ਉਸ ਦਾ 'ਸਰਗੁਣ ਸਰੂਪ' ਤਿਆਰ ਕਰ ਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕਰਨ ਦੀ ਵਿਉਂਤ ਬਣਾਈ। ਭਾਈ ਅਲਮਸਤ ਦੇ ਪ੍ਰਸੰਗ ਵਿਚ 'ਮਹਿਮਾ ਪ੍ਰਕਾਸ਼' ਦਾ ਕਰਤਾ 'ਗ੍ਰੰਥ' ਰਚਨ ਦਾ ਸੰਕੇਤ ਇਉਂ ਦਿੰਦਾ ਹੈ :

*ਤਬ ਪੂਛੀ ਮੋਹਨ ਮਸਤ ਪ੍ਰਬੀਨਾ। ਕਵਨ ਕਾਜ ਆਗਮਨ ਕੀਨਾ॥*
*ਤਬ ਕਹਿਓ ਪ੍ਰਗਟਿ ਪ੍ਰਭ ਧਰਮ ਅਰਚਨਾ। ਕਾਰਨ ਪੰਥ ਗ੍ਰਿੰਥ ਜਗ ਕਰਨਾ॥*[੮]

'ਗੁਰਬਿਲਾਸ ਪਾ: ੬' ਦੇ ਕਰਤਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਦੇ ਉੱਧਾਰ ਲਈ ਆਪਣੇ ਮਨ ਵਿਚ ਵਿਚਾਰ ਕੀਤੀ ਕਿ ਗੁਰਬਾਣੀ ਹੀ ਗੁਰੂ ਹੈ ਅਤੇ ਗੁਰੂ ਹੀ ਬਾਣੀ ਹੈ। ਕਰਤਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਚਿਆ ਕਿ ਗੁਰੂ ਸਾਹਿਬਾਨ ਦੇ ਸ਼ਰੀਰਧਾਰੀ ਸਰੂਪ ਤੋਂ ਬਾਅਦ ਬਾਣੀ ਹੀ ਸੰਗਤ ਦਾ ਨਿਸਤਾਰਾ ਕਰਨ ਦੇ ਸਮਰੱਥ ਹੈ। ਇਸ ਕਰਕੇ ਗੁਰੂ ਸਾਹਿਬ ਨੇ ਸਮੁੱਚੀ ਬਾਣੀ ਦਾ ਸੰਕਲਨ ਕਰ ਕੇ ਭਵਿੱਖ ਵਿਚ ਗੁਰਬਾਣੀ ਨੂੰ ਗੁਰਿਆਈ ਦੇਣ ਦੀ ਵਿਉਂਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਨ ਦੀ ਪ੍ਰਕ੍ਰਿਆ ਸ਼ੁਰੂ ਕੀਤੀ :

*ਗੁਰ ਅਰਜਨ ਮਨਿ ਐਸੇ ਧਾਰਜੋ। ਕਰੋਂ ਜਤਨ ਜਿਹ ਜਗ ਨਿਸਤਾਰਜੋ॥*
*ਬਾਣੀ ਗੁਰੂ ਗੁਰੂ ਹੈ ਬਾਣੀ। ਬੇਦਨ ਤਤੁ ਮਥਿ ਬੁਧਿ ਮਧਾਣੀ॥੩॥*
*ਚਹੁ ਖਟ ਨੌ ਕਾ ਸਾਰ ਨਿਕਾਰਾ। ਗੁਰ ਨਾਨਕ ਬਾਣੀ ਵਿਸਥਾਰਾ।*

*ਦਸ ਮਹਲਾਂ ਤਕ ਰੂਪ ਹਮਾਰੇ। ਆਗੇ ਪੂਜਾ ਕਿਹ ਨਿਸਤਾਰੇ॥੪॥*
*ਤਾ ਤੇ ਸਭ ਬਾਨੀ ਇਕਠੱਯੈ। ਪੂਜਨੀਵ ਗੁਰ ਗ੍ਰਿੰਥ ਬਨੱਯੈ।...*[੯]

ਸ੍ਰੀ ਗੁਰੂ ਗ੍ਰੰਥ ਸਾਹਿਬ ਰਚਨ ਦੀ ਵਿਉਂਤ ਬਣਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਬਾਣੀ ਗੁਰਮੁਖੀ ਅੱਖਰਾਂ ਵਿਚ ਲਿਖਣ ਲਈ ਪ੍ਰੇਰਿਆ :

*ਤਬ ਸ੍ਰੀ ਗੁਰ ਅਸ ਮੁਖੋਂ ਉਚਾਰੇ। ਗੁਰਦਾਸ ਭਾਈ ਸੁਨੀਏ ਨਿਰਧਾਰੇ॥੩੪੯॥*
*ਰਚੋ ਬੀੜ ਤੁਮ ਗ੍ਰਿੰਥ ਅਪਾਰਾ। ਗੁਰਮੁਖੀ ਅੱਖਰ ਮਾਹਿ ਸੁਧਾਰਾ।*
*ਮੈ ਭਾਖੋਂ ਤੁਮ ਲਿਖੋ ਬਨਾਏ। ਚਤੁਰ ਗੁਰੂ ਬਾਣੀ ਸੁਖਦਾਏ॥੩੫੦॥*[੧੦]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ ੧੬੦੧ ਈ. ਵਿਚ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਅਰੰਭ ਕੀਤਾ। ਇੱਥੇ ਸੰਪਾਦਨ-ਇਤਿਹਾਸ ਦੇਣਾ ਪਰਚੇ ਦੀ ਸੀਮਾ ਵਿਚ ਨਹੀਂ, ਜਿਸ ਕਰਕੇ ਇਸ ਬਾਬਤ ਕੇਵਲ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਦੂਰ-ਦ੍ਰਿਸ਼ਟੀ ਤੇ ਸੂਝ-ਸਮਝ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਕਵੀ ਸੰਤੋਖ ਸਿੰਘ ਨੇ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੇ ਸੰਪਾਦਨ-ਕਾਰਜ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਣ ਉਪਰੰਤ ਗੁਰੂ ਸਾਹਿਬ ਨੇ ਬੈਠ ਕੇ ਭਾਰੀ ਦੀਵਾਨ ਲਗਾਇਆ, ਜਿਸ ਨੂੰ ਦੇਖ ਕੇ ਸਿੱਖ-ਸੰਗਤ ਦੇ ਮਨਾਂ ਵਿਚ ਬੜਾ ਪ੍ਰੇਮ ਉਮਕਿਆ। ਦੀਵਾਨ ਵਿਚ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਸਰੂਪ ਸੁਸ਼ੋਭਿਤ ਕੀਤਾ ਗਿਆ, ਜਿਸ ਉੱਤੇ ਸੇਵਾਦਾਰ ਸੁੰਦਰ ਚੌਰ ਝੁਲਾਉਣ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਜਦੋਂ ਦੀਵਾਨ ਵਿਚ ਸਜਾਇਆ ਗਿਆ ਤਾਂ ਸਿੱਖ-ਸੰਗਤ ਨੇ ਰੰਗ-ਬਿਰੰਗੇ ਫੁੱਲਾਂ ਦੇ ਗੁਲਦਸਤੇ ਬਣਾ ਕੇ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੇ ਸਨਮੁਖ ਸਜਾਏ। ਸ਼ੁਭ ਫੁੱਲਾਂ ਦੀ ਮਾਲਾ ਬਣਾ ਕੇ ਗ੍ਰੰਥ ਸਾਹਿਬ ਦੇ ਸਰੂਪ ਉਤੇ ਸੁਸ਼ੋਭਿਤ ਕੀਤੀ। ਸੁਗੰਧੀ ਵਾਲੇ ਪਦਾਰਥਾਂ (ਕੇਸਰ, ਚੰਦਨ ਅਤੇ ਧੂਪ) ਨਾਲ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਥਾਨ ਮਹਿਕ ਉੱਠਿਆ। ਸਿੱਖ-ਸੰਗਤ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਖੁਸ਼ੀ ਵਿਚ ਸੰਖ ਵਜਾਉਣ ਲੱਗੀ। ਪ੍ਰੇਮ ਵਿਚ ਭਿੱਜੀ ਸੰਗਤ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਇਸ ਸਾਰੇ ਦ੍ਰਿਸ਼ ਨੂੰ ਕਵੀ ਭਾਈ ਸੰਤੋਖ ਸਿੰਘ ਨੇ ਇਉਂ ਪੇਸ਼ ਕੀਤਾ ਹੈ :

*ਪੁਨ ਸ਼੍ਰੀ ਗੁਰ ਬੈਠਿ ਦਿਵਾਨ ਲਗਯੋ। ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਯੋ।*
*ਸਭਿ ਬੀਚ ਸੁਹਾਵਤਿ ਗ੍ਰਿੰਥ ਧਰਯੋ। ਕਰਿ ਸੇਵਕ ਸੁੰਦਰ ਚੌਰ ਫਿਰਯੋ॥੧੫॥*
*ਲਗਿ ਢੇਰ ਪ੍ਰਸ਼ਾਦਿ ਗਯੋ ਸੁ ਤਹਾਂ। ਬਹੁ ਲਯਾਵਤਿ ਸਿੱਖ ਅਨੰਦ ਮਹਾਂ।*
*ਸ਼ੁਭ ਫੂਲਨਿ ਮਾਲ ਬਿਸਾਲ ਕਰੇ। ਬਹੁ ਰੰਗਨਿ ਕੇ ਬਿਚ ਗੁੰਫ ਧਰੇ॥੧੬॥*
*ਗਰ ਸ਼੍ਰੀ ਗੁਰ ਕੇ ਸਿਖ ਪਾਵਤਿ ਹੈਂ। ਬਹੁ ਭਾਂਤਿਨ ਫੂਲ ਚਢਾਵਤਿ ਹੈਂ।*
*ਸੁਭ ਮਾਲ ਸੁ ਫੂਲ ਬਿਸਾਲ ਲਏ। ਗੁਰੂ ਗ੍ਰਿੰਥ ਸਮੀਪ ਚਢਾਇ ਦਏ॥੧੭॥*

*ਬਹੁ ਧੂਪ ਸੁ ਆਗਿ ਧੁਖਾਵਿਤ ਹੈਂ। ਘਸਿ ਚੰਦਨ ਕੇਸਰ ਪਾਵਤਿ ਹੈਂ॥*
*ਚਰਚੈਂ ਅਰਚੈਂ ਸਿਖ ਪ੍ਰੀਤ ਧਰੈਂ। ਗਨ ਸੰਖ ਬਜਾਵਤਿ ਫੂਕ ਭਰੈਂ॥੧੮॥*
*ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ। ਜਯਕਾਰ ਸਭੈ ਇਕ ਬਾਰ ਰਰੈਂ॥*
*ਕਰਿ ਧਾਰਿ ਰਬਾਬ ਸਤਾਰ ਬਜੈ। ਸਬਦਾਨਿ ਸੁ ਗਾਇ ਸੁ ਰਾਗ ਸਜੈ॥੧੯॥*[੧੧]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮਸਰ ਸਾਹਿਬ ਬੈਠਿਆਂ ਇਕ ਦਿਨ ਭਰੇ ਦੀਵਾਨ ਵਿਚ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੀ ਮਹਿਮਾ ਭਰੇ ਵਾਕ ਉਚਾਰਦੇ ਹੋਏ ਕਿਹਾ ਕਿ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਮਨੁੱਖ ਨੂੰ ਸੰਸਾਰ ਰੂਪੀ ਸਾਗਰ ਤੋਂ ਪਾਰ ਉਤਾਰਨ ਵਾਲੇ ਜਹਾਜ਼ ਹਨ, ਜਿਹੜਾ ਵੀ ਜਗਿਆਸੂ ਚਿਤ ਲਾ ਕੇ ਗੁਰਬਾਣੀ ਪੜ੍ਹੇਗਾ, ਉਹ ਸਹਿਜੇ ਹੀ ਮੁਕਤੀ ਪ੍ਰਾਪਤ ਕਰ ਸਕੇਗਾ। ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦਾ ਹਿਰਦਾ ਹਨ। ਇਸ ਕਰਕੇ ਇਨ੍ਹਾਂ ਦੇ ਦਰਸ਼ਨ ਸਭ ਤੋਂ ਉੱਤਮ ਹਨ, ਜਿਹੜੇ ਹਰ ਸਮੇਂ-ਸਥਾਨ ਉੱਤੇ ਸਾਰਿਆਂ ਨੂੰ ਹੋ ਸਕਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਰੀਰਕ ਦਰਸ਼ਨਾਂ ਤੋਂ ਕਿਤੇ ਵੱਧ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਲਈ ਸੰਗਤ ਨੂੰ ਪ੍ਰੇਰਿਆ :

*'ਗ੍ਰਿੰਥ' ਜਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥੪॥*
*ਸ਼੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ॥*
*ਗ੍ਰਿੰਥ ਰਿਦਾ ਗੁਰ ਕੋਰ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ।*
*ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ।...*[੧੨]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਗਲੇ ਦਿਨ ਬਾਬਾ ਬੁੱਢਾ ਜੀ ਨੂੰ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ 'ਹੁਕਮ' ਲੈਣ ਲਈ ਕਿਹਾ ਤਾਂ ਜੋ ਸਾਰਾ ਪੰਥ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਪਹਿਲਾ ਮੁਖਵਾਕ ਸ੍ਰਵਣ ਕਰ ਸਕੇ। ਬਾਬਾ ਬੁੱਢਾ ਜੀ ਨੇ ਬੜੇ ਅਦਬ ਨਾਲ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹੋਏ ਸੂਹੀ ਰਾਗ ਵਿਚ ਆਇਆ ਫੁਰਮਾਨ ਸੰਗਤ ਨੂੰ ਸੁਣਾਇਆ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਉਸ ਦ੍ਰਿਸ਼ ਨੂੰ ਇਉਂ ਪੇਸ਼ ਕਰਦੇ ਹਨ :

*'ਬੁੱਢਾ ਸਾਹਿਬ ਖੋਲਹੁ ਗ੍ਰਿੰਥ।*
*ਲੇਹੁ ਅਵਾਜ਼ ਸੁਨਹਿ ਸਭਿ ਪੰਥ'॥੩੨॥*
*ਸੁਨਿ ਗੁਰ ਬਚਨ ਰੁਚਿਰ ਮਨਲਾਯਕ।*
*ਸੱਤ ਬਾਕ ਮੁਖ ਜਲਜ ਅਲਾਇਕ।*
*ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ।*
*ਲੇ ਅਵਾਜ਼ ਬੁੱਢਾ ਮੁਖਿ ਬੋਲਾ॥੩੩॥*
*ਸੂਹੀ ਮਹਲਾ ੫॥*

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥*
*ਪੂਰਨ ਪੁਰਖੁ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥*
*ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥*[੧੩]

ਸਾਰਾ ਦਿਨ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਸਰੂਪ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ਮਾਨ ਰਹਿਣ ਉਪਰੰਤ ਰਾਤ ਸਮੇਂ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਸੋਹਿਲਾ ਸਾਹਿਬ ਦਾ ਪਾਠ ਕਰ ਕੇ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਦਾ ਸਰੂਪ ਗੁਰੂ ਸਾਹਿਬ ਦੇ ਨਿਵਾਸ ਅਸਥਾਨ ਉੱਤੇ ਸੁਖ-ਆਸਨ ਕੀਤਾ :

*ਸ਼੍ਰੀ ਗੁਰ ਕਹਯੋ ਪ੍ਰਭੁ ਦਰਬਾਰਾ।*
*ਗ੍ਰਿੰਥ ਪ੍ਰਮੇਸ਼ੁਰ ਕੋ ਅਵਤਾਰਾ।*
*ਡੇਢ ਜਾਮ ਜਾਮਨਿ ਜਬਿ ਜਾਇ।*
*ਪਠਹਿਂ ਸੋਹਿਲਾ ਕਿਰਤਨ ਗਾਇ॥੪੩॥*
*ਬਹੁਰੋ ਲੇ ਜਾਵਹੁ ਅਸਵਾਰਾ।*
*ਜਿਸੀ ਕੋਠਰੀ ਰਹਨਿ ਹਮਾਰਾ।*
*ਤਹਾਂ ਨਿਵਾਸ ਕਰਹੁ ਜੁਤ ਮਾਨ।*
*ਜਾਮ ਡੇਢ ਜਾਮਨਿ ਰਹਿ ਆਨ॥੪੪॥*[੧੪]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਚੱਲਿਆ ਗੁਰਿਆਈ ਦਾ ਵਰਤਾਰਾ, ਅੰਤ 'ਸਬਦ' ਦੀ ਗੁਰੂ ਵਜੋਂ ਸਥਾਪਤੀ 'ਤੇ ਸਮਾਪਤ ਹੁੰਦਾ ਹੈ। ਇਹ ਸਮੁੱਚਾ ਦੈਵੀ ਵਰਤਾਰਾ ਅਸਲ ਵਿਚ 'ਸਬਦ-ਗੁਰੂ' ਦੀ ਹੀ ਪਰੰਪਰਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸਬਦ' ਨੂੰ ਗੁਰਿਆਈ ਦੇ ਕੇ ਸ਼ਖ਼ਸੀ ਗੁਰੂ ਦੀ ਹੋਂਦ ਸਦਾ ਲਈ ਖਤਮ ਕਰ ਦਿੱਤੀ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ 'ਗੁਰੂ-ਜੋਤਿ' ਦੀ ਪ੍ਰਧਾਨਤਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਕੀ ਨੌਂ ਉਤਰਾਧਿਕਾਰੀਆਂ ਨੇ ਵੀ 'ਸਬਦ', 'ਬਾਣੀ', 'ਗੁਰਬਾਣੀ' ਅਤੇ 'ਬਚਨ', ਆਦਿ ਨੂੰ 'ਗੁਰੂ' ਦੇ ਤੁਲ ਹੀ ਦਰਸਾਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪ੍ਰਤੱਖ ਰੂਪ ਵਿਚ 'ਗ੍ਰੰਥ-ਪੰਥ' ਨੂੰ ਗੁਰਿਆਈ ਦੇ ਕੇ ਦ੍ਰਿੜ੍ਹ ਕਰਵਾ ਦਿੱਤਾ ਕਿ ਪੰਥ ਦੇ ਤਾਬਿਆਂ 'ਸਬਦ' ਹੀ ਗੁਰੂ ਹੈ।

ਸਬਦ-ਗੁਰੂ ਦੇ ਅਧਿਆਤਮਿਕ ਸਫ਼ਰ ਵਿਚ 'ਆਦਿ ਬੀੜ' ਦੀ ਸੰਪਾਦਨਾ ਨੇ ਹੀ 'ਸਬਦ' ਦੀ 'ਗੁਰੂ' ਵਜੋਂ ਸਥਾਪਤੀ ਵਿਚ ਅਹਿਮ ਰੋਲ ਅਦਾ ਕੀਤਾ ਹੈ।[੧੫] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਦੀ ਸੰਪਾਦਨਾ ਕਰਵਾਈ,

ਉਪਰੰਤ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਵਿਚ ਸ਼ਾਮਲ ਕਰਵਾ ਕੇ, ਕਿਸੇ ਵਾਧ-ਘਾਟ ਹੋਣ ਦੀ ਸੰਭਾਵਨਾ ਉੱਤੇ ਪੱਕੀ ਰੋਕ ਲਗਾ ਦਿੱਤੀ। ਉਨ੍ਹਾਂ ਨੇ ਗ੍ਰੰਥ-ਪੰਥ ਦੀ ਗੁਰਤਾ ਵਿਚ ਆਪਣਾ ਰੂਪ ਵਟਾ ਕੇ ਸਿੱਖਾਂ ਦੀ ਅਗਵਾਈ ਲਈ ਆਪਣੀ ਜੋਤਿ-ਜੁਗਤਿ ਨੂੰ ਸਦਾ ਥਿਰ ਕਰ ਦਿੱਤਾ, ਤਾਂ ਕਿ ਭਵਿੱਖ ਵਿਚ ਗੁਰੂ ਅਵਤ੍ਰਣ ਦੀ ਕਦੇ ਲੋੜ ਮਹਿਸੂਸ ਹੀ ਨਾ ਹੋਵੇ ਅਤੇ ਗੁਰੂ ਆਪਣੇ ਸੇਵਕਾਂ ਦੇ ਸਦਾ ਅੰਗ-ਸੰਗ ਰਹੇ। ਇਸ ਤਰ੍ਹਾਂ ਸਾਡਾ ਵਿਸ਼ਵਾਸ ਹੈ ਕਿ ਨਾਨਕ-ਜੋਤਿ ਸਦਾ ਲਈ ਗ੍ਰੰਥ-ਪੰਥ ਵਿਚ ਨਿਵਾਸ ਕਰ ਰਹੀ ਹੈ।

ਖਾਲਸਾ-ਪੰਥ ਵੱਲੋਂ ਨਿੱਤ ਕੀਤੀ ਜਾਂਦੀ ਅਰਦਾਸ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ 'ਦਸਾਂ ਪਾਤਸ਼ਾਹੀਆਂ ਦੀ ਜੋਤਿ' ਕਿਹਾ ਗਿਆ ਹੈ।[੧੬]

ਜ਼ਿਕਰਯੋਗ ਹੈ ਕਿ ਸਿੱਖਾਂ ਦੇ ਜੀਵਨ ਦਾ ਹਰ ਪਹਿਲੂ— ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਹੋਇਆ ਹੈ। ਸਿੱਖ ਦੇ ਜਨਮ ਤੋਂ ਮਰਨ ਤਕ ਜਿੰਨੇ ਵੀ ਸੰਸਕਾਰ ਨਿਭਾਏ ਜਾਂਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੇ ਹਨ। ਬੱਚੇ ਦੇ ਜਨਮ ਸਮੇਂ ਨਾਮਕਰਨ, ਵਿੱਦਿਆ ਸੰਸਕਾਰ, ਆਨੰਦ ਕਾਰਜ ਅਤੇ ਮ੍ਰਿਤਕ ਸੰਸਕਾਰ ਉਪਰੰਤ ਅੰਤਿਮ ਅਰਦਾਸ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੀ ਹੈ। ਦੁਖ ਵੇਲੇ ਆਤਮਿਕ ਸ਼ਾਂਤੀ ਲਈ ਸਿੱਖ ਗੁਰੂ-ਘਰ ਜਾ ਕੇ ਅਰਦਾਸ ਕਰਦਾ ਹੈ, ਜਿਸ ਨਾਲ ਉਸ ਦੇ ਦੁਖ ਦੀ ਨਿਵਰਤੀ ਹੁੰਦੀ ਹੈ। ਸਿੱਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਪ੍ਰੇਮ ਕਿਸ ਕਦਰ ਹੈ?, ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਜੰਗਾਂ-ਯੁੱਧਾਂ ਸਮੇਂ ਜਦੋਂ ਸਿੰਘ ਆਪਣੇ ਘਰ-ਬਾਰ ਛੱਡ ਕੇ ਜੰਗਲਾਂ ਵਿਚ ਰਹਿ ਰਹੇ ਸਨ, ਉਸ ਸਮੇਂ ਵੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਾਹ ਨਹੀਂ ਕੀਤਾ। ਜਦੋਂ ਵੀ ਜੰਗਾਂ-ਯੁੱਧਾਂ ਦਰਮਿਆਨ ਉਨ੍ਹਾਂ ਨੂੰ ਸਮਾਂ ਮਿਲਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰ ਕੇ ਆਪਣੀ ਆਤਮਿਕ ਤ੍ਰਿਪਤੀ ਕਰਦੇ। ਇਸ ਤੱਥ ਦੀ ਪੁਸ਼ਟੀ ਦਾ ਇਕ ਪਹਿਲੂ ਇਹ ਵੀ ਹੈ ਕਿ ਮੌਜੂਦਾ ਸਮੇਂ ਵਿਚ ਵੀ ਕਈ ਸਿੱਖ ਆਪਣੇ ਘਰਾਂ ਵਿਚ ਬੜੇ ਅਦਬ-ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੁਸ਼ੋਭਿਤ ਕਰਦੇ ਹਨ। ਇਹ ਉਨ੍ਹਾਂ ਦੀ ਅਥਾਹ ਸ਼ਰਧਾ ਤੇ ਸਤਿਕਾਰ ਦਾ ਪ੍ਰਤੀਕ ਹੈ, ਜਿਸ ਨਾਲ ਉਹ ਸਵੇਰੇ-ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸੁਖ-ਆਸਨ ਕਰਦੇ ਹਨ।

ਇੱਥੇ ਇਕ ਗੱਲ ਸਪੱਸ਼ਟ ਕਰਨੀ ਬਣਦੀ ਹੈ ਕਿ ਉਪਰੋਕਤ ਪੂਜਾ-ਵਿਧਾਨ ਕਿਸੇ ਪ੍ਰਕਾਰ ਦੀ ਬੁੱਤ-ਪੂਜਾ ਨਹੀਂ, ਜਿਹਾ ਕਿ ਕਈ ਲੋਕ ਬੇਸਮਝੀ ਵਿਚ ਕਹਿ ਦਿੰਦੇ ਹਨ। ਪ੍ਰਿੰ. ਤੇਜਾ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਾਜਸੀ ਸ਼ਾਨ-ਓ-ਸ਼ੌਕਤ ਵਾਲੇ ਚਿੰਨ੍ਹਾਂ ਰਾਹੀਂ ਦਰਸਾਉਣਾ ਬੁੱਤ ਪੂਜਾ ਨਹੀਂ। ਸਿੱਖਾਂ ਦੀ ਪੂਜਾ ਦਾ ਕੇਂਦਰ

'ਨਾਮ' ਹੈ।[17] 'ਨਾਮ' ਤੋਂ ਬਿਨਾਂ ਸਤਿਕਾਰਤ ਕਿਸੇ ਵੀ ਚੀਜ਼ ਦੀ ਸਲਾਹੁਣਾ ਤਾਂ ਹੋ ਸਕਦੀ ਹੈ, ਪੂਜਾ ਨਹੀਂ।[18] ਗੁਰੂ ਸਾਹਿਬ ਨੇ ਸਦੀਵ ਹੀ ਚਾਹਿਆ ਹੈ ਕਿ ਉਨ੍ਹਾਂ ਦੇ ਸਿੱਖ ਗੁਰਬਾਣੀ ਵਿਚ ਦਰਸਾਏ ਸਿਧਾਂਤਾਂ ਨੂੰ ਅਮਲ ਵਿਚ ਲੈ ਕੇ ਆਉਣ। ਅਜਿਹੀ ਪ੍ਰਕ੍ਰਿਆ ਪਰਮਾਤਮਾ ਨਾਲ ਮਿਲਾਪ ਕਰਨ ਵਿਚ ਸਹਾਈ 'ਨਾਮ' ਦੇ ਰਸਤੇ ਉੱਤੇ ਜੀਵ ਨੂੰ ਤੁਰਨ ਲਈ ਪ੍ਰੇਰਿਤ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


੧. ਵੀਰ ਸਿੰਘ, ਭਾਈ, (ਸੰਪਾ.), *ਪੁਰਾਤਨ ਜਨਮਸਾਖੀ*, ਸਾਹਿਤ ਸਦਨ, ਨਵੀਂ ਦਿੱਲੀ, ੧੯੯੬ (ਛੇਵੀਂ ਵਾਰ), ਸਾਖੀ/ਪੰਨੇ ੧੩/੫੨-੩.

੨. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ ੧), (ਸੰਪਾ.), ਡਾ. ਉੱਤਮ ਸਿੰਘ (ਭਾਟੀਆ), ਭਾਸ਼ਾ ਵਿਭਾਗ ਪੰਜਾਬ, ੨੦੦੩ (ਦੂਜੀ ਵਾਰ), ੫/੧/੨੯੪.

੩. ਉਹੀ, ੫/੧੮/੨੯੫.

੪. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੮੯, ਰਾਸਿ/ਅੰਸੂ/ਪੰਨਾ - ੨/੩੯/੧੮੦੩.

੫. ਗਿਆਨ ਸਿੰਘ (ਗਿ.), *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ,੧੯੮੭, ਪੰਨਾ ੧੦੯.

੬. ਭਗਤ ਸਿੰਘ (ਭਾਈ), *ਗੁਰਬਿਲਾਸ ਪਾਤਸ਼ਾਹੀ ੬*, (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮, ਅਧਿਆਇ/ਬੰਦ/ਪੰਨਾ - ੫/੫-੬/੧੨੦.

੭. ਉਹੀ, ੫/੭-੮/੧੨੦.

੮. *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ -III), ਪੰਨਾ ੩੪੯.

੯. *ਗੁਰਬਿਲਾਸ ਪਾਤਸ਼ਾਹੀ ੬*, ਅਧਿਆਇ/ਬੰਦ/ਪੰਨਾ -੪/੩-੪/੫੬.

੧੦. ਉਹੀ,੪/੩੪੯-੫੦/੯੦.

੧੧. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਛੇਵੀਂ ਜਿਲਦ), ਰਾਸ/ਅੰਸੂ/ਪੰਨਾ - ੩/੪੯/੨੧੩੫.

੧੨. ਉਹੀ,੩/੫੦/੨੧੪੦.

੧੩. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਛੇਵੀਂ ਜਿਲਦ), ਰਾਸ/ਅੰਸੂ/ਪੰਨਾ - ੩/੫੦/੨੧੪੩.

੧੪. ਉਹੀ, ੩/੫੦/੨੧੪੪.

੧੫. ਸ੍ਰੀ ਗ੍ਰੰਥ ਸਾਹਿਬ ਦਾ ਸੰਪਾਦਨ-ਇਤਿਹਾਸ ਦਾ ਜ਼ਿਕਰ ਇੱਥੇ ਨਹੀਂ ਕੀਤਾ ਜਾ ਰਿਹਾ।

੧੬. *ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੧੦.

੧੭. ਬਿਨੁ ਨਾਵੈ ਹੋਰ ਪੂਜ ਨ ਹੋਵੀ... ॥ *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੧੦.

੧੮. Teja Singh, *Sikhism : Its Ideals and Institutions,* Khalsa Brothers, Amritsar, 1970 (V)p. 101.

# ਗੁਰੂ-ਕਾਲ ਵਿਚ ਗੁਰਬਾਣੀ ਵਿਆਖਿਆਕਾਰੀ
## (੧੫ਵੀਂ ਤੋਂ ੧੭ਵੀਂ ਸਦੀ ਤਕ)

*-ਡਾ. ਤਰਸੇਮ ਸਿੰਘ ਲੱਡਾ**

ਵਿਸ਼ਾ-ਪ੍ਰਵੇਸ਼ : ਗੁਰਬਾਣੀ ਵਿਆਖਿਆਕਾਰੀ ਦਾ ਲੰਮੇਰਾ ਅਤੇ ਵਿਸ਼ਾਲ ਇਤਿਹਾਸ ਹੈ। ਗੁਰਬਾਣੀ ਰਚਨ ਸਮੇਂ ਤੋਂ ਵਰਤਮਾਨ ਸਮੇਂ ਤਕ ਬਾਣੀ ਨੂੰ ਸਮਝਣ ਅਤੇ ਵਿਚਾਰਨ ਦੇ ਬਹੁ-ਦਿਸ਼ਾਵੀ ਯਤਨ ਹੁੰਦੇ ਰਹੇ ਹਨ। ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸ ਨੂੰ ਅਸੀਂ ਕਾਲ-ਕ੍ਰਮ ਅਨੁਸਾਰ ਵੰਡਣ ਲਈ ਗੁਰੂ-ਕਾਲ ਅਤੇ ਉੱਤਰ ਗੁਰੂ-ਕਾਲ ਸਮੇਂ ਵਿਚ ਰੱਖ ਕੇ ਵਿਚਾਰ ਸਕਦੇ ਹਾਂ। ਹਥਲੇ ਲੇਖ ਵਿਚ ਅਸੀਂ ਗੁਰੂ-ਕਾਲ ਵਿਚ ਹੋਈ ਗੁਰਬਾਣੀ ਵਿਆਖਿਆਕਾਰੀ ਨੂੰ ਜਾਣਨ ਦਾ ਯਤਨ ਕਰਾਂਗੇ। ਗੁਰੂ-ਕਾਲ ਤੋਂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਾ ਸਮਾਂ ਹੈ। ਇਸ ਸਮੇਂ ਦੌਰਾਨ ਬਾਣੀ ਰਚੀ ਗਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਿਤ ਹੋਈ। ਇਸੇ ਸਮੇਂ ਦੌਰਾਨ ਬਾਣੀ ਦੀ ਵਿਆਖਿਆ ਵੀ ਸ਼ੁਰੂ ਹੋਈ। ਗੁਰੂ ਸਾਹਿਬਾਨ ਦੇ ਸਮੇਂ ਵਿਚ ਹੋਈ ਗੁਰਬਾਣੀ ਦੀ ਵਿਆਖਿਆਕਾਰੀ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਕੇ ਵਿਚਾਰਾਂਗੇ:

੧. ਸਹਜ ਵਿਆਖਿਆ

੨. ਭਾਈ ਗੁਰਦਾਸ

੩. ਪਰਮਾਰਥ

੧. ਸਹਜ ਵਿਆਖਿਆ: ਬਾਣੀ ਤੋਂ ਬਾਣੀ ਦੀ ਹੋ ਰਹੀ ਵਿਆਖਿਆ ਨੂੰ ਸਹਜ ਵਿਆਖਿਆ ਦਾ ਨਾਮ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰੂਨੀ ਹੋ ਰਹੀ ਵਿਆਖਿਆ ਹੈ। ਜਿਸ ਦਾ ਬੋਧ ਬਾਣੀ ਦੇ ਪਾਠ/ਅਧਿਐਨ ਰਾਹੀਂ ਹੁੰਦਾ ਹੈ। ਇਸ ਨੂੰ ਡਾ. ਤਾਰਨ ਸਿੰਘ ਨੇ 'ਸਹਜ ਪ੍ਰਣਾਲੀ' ਦੇ ਰੂਪ ਵਿਚ ਵਿਕਸਿਤ ਕੀਤਾ ਹੈ। ਤਾਰਨ ਸਿੰਘ ਦੇ ਸ਼ਬਦਾਂ ਵਿਚ— "ਜਿਵੇਂ ਇਸਲਾਮ ਵਿਚ ਪ੍ਰਵਾਨ ਹੈ ਕਿ ਕੁਰਾਨ ਦੇ ਅਰਥ ਕੁਰਾਨ ਤੋਂ ਹੀ ਪੁੱਛਣੇ ਉੱਚਿਤ ਹਨ, ਤਿਵੇਂ ਸਾਰੇ ਧਰਮਾਂ ਵਿਚ ਇਹੋ ਸਿਧਾਂਤ ਪ੍ਰਵਾਨ ਹੈ ਕਿ ਧਰਮ ਗ੍ਰੰਥ ਦੇ ਅਰਥ ਉਸ ਧਰਮ ਗ੍ਰੰਥ ਤੋਂ ਪੁੱਛਣੇ ਠੀਕ ਹਨ। ਇਹੋ ਭਾਵ ਹੈ ਜਦੋਂ ਕਿਹਾ ਜਾਂਦਾ ਹੈ ਕਿ ਵੈਦਿਕ ਧਰਮ ਲਈ ਵੇਦ ਹੀ ਪ੍ਰਮਾਣ ਹੈ। ਕਿਸੇ ਗੁਰਬਾਣੀ ਦੀ ਵਿਆਖਿਆ ਜਾਂ ਟੀਕਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਮਾਣ ਲੱਭਣ ਤੇ ਪੇਸ਼ ਕਰਨ ਦੀ ਜੁਗਤੀ ਅਰੰਭ ਤੋਂ ਹੀ ਅਪਣਾਈ ਹੋਈ ਸੀ।"[੧] ਇਸ ਦਾ

**ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ— ੧੫੧੩੦੨; ਮੋ. ੯੮੦੨੫-੦੨੦੨੦*

ਆਧਾਰ ਇਸ ਵਿਚਾਰ ਨਾਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਬਾਣੀ ਵਿਚਲੇ ਵਿਚਾਰਾਂ ਦਾ ਪ੍ਰਗਟਾਅ ਉਨ੍ਹਾਂ ਦੀ ਆਪਣੀ ਬਾਣੀ ਜਾਂ ਹੋਰ ਗੁਰੂ ਸਾਹਿਬਾਨ ਦੀ ਬਾਣੀ ਵਿਚ ਮਿਲਦਾ ਹੈ। ਜਿਵੇਂ: ੧ੴ ਦੀ ਵਿਆਖਿਆ ਮੂਲ ਮੰਤਰ ਵਿਚ ਮੂਲ ਮੰਤਰ ਦੀ ਵਿਆਖਿਆ 'ਜਪੁ'ਜੀ ਵਿਚ ਅਤੇ 'ਜਪੁ' ਜੀ ਸਾਹਿਬ ਦੀ ਵਿਆਖਿਆ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਹੋਈ ਹੈ। ਸਹਜ ਵਿਆਖਿਆ ਦੇ ਵਿਚਾਰ ਅਨੁਸਾਰ ਬਾਣੀ ਵਿਚ ਸਿਧਾਂਤਾਂ ਦਾ ਵਿਕਾਸ ਹੋਇਆ ਹੈ। ਇਸ ਦਾ ਦੂਜਾ ਆਧਾਰ ਭਗਤ ਬਾਣੀ ਹੈ। ਭਗਤ ਸਾਹਿਬਾਨ ਦੀ ਬਾਣੀ ਦੀ ਸਪੱਸ਼ਟਤਾ ਤੇ ਵਿਆਖਿਆ ਗੁਰੂ ਸਾਹਿਬਾਨ ਦੀ ਬਾਣੀ ਵਿੱਚੋਂ ਮਿਲਦੀ ਹੈ। ਜਿਵੇਂ ਭਗਤ ਕਬੀਰ ਜੀ ਦੇ ਸ਼ਬਦਾਂ, ਪਦਿਆਂ ਅਤੇ ਸਲੋਕਾਂ ਵਿਚ ਗੁਰੂ ਸਾਹਿਬਾਨ ਦੀ ਬਾਣੀ ਨਾਲ ਵਿਆਖਿਆ ਰੂਪ ਪਰਸਪਰ ਸੰਬੰਧਾਂ ਨੂੰ ਵੇਖਿਆ ਜਾ ਸਕਦਾ ਹੈ ਕਈ ਵਾਰ ਤਾਂ ਇਹ ਸਪੱਸ਼ਟੀਕਰਨ ਸੰਬੰਧਿਤ ਸਲੋਕ ਜਾਂ ਸ਼ਬਦ ਦੇ ਨਾਲ ਹੀ ਪ੍ਰਾਪਤ ਹੁੰਦਾ ਹੈ ਕਈ ਥਾਂ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਿਸੇ ਹੋਰ ਥਾਂ ਮਿਲਦਾ ਹੈ। ਉਦਾਹਰਨ ਲਈ:

*ਸਲੋਕ ਭਗਤ ਕਬੀਰ ਜੀਓ ਕੇ*
*ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥*
*ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ॥੨੧੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

ਭਗਤ ਕਬੀਰ ਜੀ ਆਖਦੇ ਹਨ ਕਿ ਮੇਰੇ ਸੋਚਾਂ ਸੋਚਣ ਨਾਲ ਕੁਝ ਨਹੀਂ ਬਣਨਾ, ਕਿਉਂਕਿ ਜੋ ਕੁਝ ਮੈਂ ਸੋਚਾਂਗਾਂ, ਉਹ ਕਿਹੜਾ ਹੋ ਜਾਣਾ। ਪਰਮਾਤਮਾ ਤਾਂ ਉਹੀ ਕਰਦਾ, ਜਿਹੜਾ ਆਪ ਕੁਝ ਸੋਚਦਾ ਹੈ ਤੇ ਜਿਹੜਾ ਮੇਰੇ ਚਿਤ ਚੇਤੇ ਵਿਚ ਨਹੀਂ ਹੁੰਦਾ। ਇਸ ਦੇ ਨਾਲ ਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਸਲੋਕ ਹੈ:

*ਮ:੩ ॥*
*ਚਿੰਤਾ ਭਿ ਆਪਿ ਕਰਾਇਸੀ ਅਚਿੰਤ ਭਿ ਆਪੇ ਦੇਇ ॥*
*ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥੨੨੦॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

ਉਕਤ ਸਲੋਕ ਵਿਚ ਸ੍ਰੀ ਗੁਰੂ ਅਮਰਦਾਸ ਜੀ ਇਸ ਵਿਸ਼ੇ 'ਤੇ ਹੋਰ ਚਾਨਣਾ ਪਾਉਂਦੇ ਹੋਏ ਜੀਵਾਂ ਨੂੰ ਹੌਂਸਲਾ ਦਿੰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ (ਦੁਨਿਆਵੀ) ਸੋਚਾਂ ਵੀ ਆਪ ਹੀ ਕਰਵਾਉਂਦਾ ਅਤੇ ਆਪ ਹੀ (ਰਹਿਮਤ ਕਰ ਕੇ) ਸੋਚਾਂ-ਫਿਕਰਾਂ ਤੋਂ ਮੁਕਤ ਕਰ ਦਿੰਦਾ ਹੈ। ਇਸ ਕਰਕੇ ਸਾਨੂੰ ਰੱਬ ਦੀ ਬੰਦਗੀ ਕਰਨੀ ਚਾਹੀਦੀ ਹੈ। ਵਾਹਿਗੁਰੂ ਹੀ ਸਾਰੇ ਜੀਵਾਂ ਦੀ ਸੰਭਾਲ ਕਰਨ ਵਾਲਾ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਵਿਆਖਿਆਕਾਰੀ ਦੇ ਹੋਰ ਵੀ ਹਵਾਲਿਆਂ ਨੂੰ ਦੇਖਿਆ ਜਾ ਸਕਦਾ ਹੈ। ਇਸ ਵਿਆਖਿਆ ਪ੍ਰਣਾਲੀ ਦੀ

ਉਤਪਤੀ ਅਤੇ ਵਿਕਾਸ ਗੁਰੂ-ਕਾਲ ਵਿਚ ਹੋਇਆ।

੨. ਭਾਈ ਗੁਰਦਾਸ ਜੀ: ਭਾਈ ਗੁਰਦਾਸ ਜੀ ਸਿੱਖੀ ਦੇ ਪਹਿਲੇ ਵਿਆਖਿਆਕਾਰ ਹਨ। ਭਾਈ ਗੁਰਦਾਸ ਜੀ ਨੇ 'ਕਬਿੱਤ ਸਵੱਯੇ' ਤੇ 'ਵਾਰਾਂ' ਦੀ ਰਚਨਾ ਕੀਤੀ ਹੈ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿੱਚੋਂ ਬਾਣੀ ਵਿਆਖਿਆ ਦੇ ਕਈ ਰੂਪ ਮਿਲਦੇ ਹਨ। ਡਾ. ਤਾਰਨ ਸਿੰਘ ਨੇ ਭਾਈ ਗੁਰਦਾਸ ਜੀ ਦੀ ਬਾਣੀ ਵਿਆਖਿਆ ਦੇ ਹੇਠ ਲਿਖੇ ਲੱਛਣ ਦੱਸੇ ਹਨ:-

"੧. ਪ੍ਰਾਯਾਵਾਚੀ ਅਰਥ ਕਰਦੇ ਸਨ।
੨. ਸਿਲਸਿਲੇ ਵਾਰ ਸੰਖੇਪ ਤੁਕਵਾਰ ਟੀਕਾ ਕਰਦੇ ਸਨ।
੩. ਗੁਰਬਾਣੀ ਵਿਚ ਆਏ ਪੌਰਾਨਿਕ ਸੰਕੇਤਾਂ ਨੂੰ ਖੋਲਦੇ ਹਨ।
੪. ਪਰਿਭਾਸ਼ਕ ਸ਼ਬਦਾਂ ਦੀ ਖੁੱਲੀ ਮੌਲਿਕ ਭਰਪੂਰ ਵਿਆਖਿਆ ਕਰਦੇ ਸਨ।
੫. ਗੁਰ-ਇਤਿਹਾਸ ਦੀਆਂ ਟੂਕਾਂ ਦਿੰਦੇ ਸਨ।"[੨]

ਭਾਈ ਗੁਰਦਾਸ ਜੀ ਅਨੁਸਾਰ 'ਪਵਣੁ ਗੁਰੂ ਪਾਣੀ ਪਿਤਾ' ਸਲੋਕ ਦੀ ਵਿਆਖਿਆ:

*ਪਉਣੁ ਗੁਰੂ ਗੁਰ ਸਬਦੁ ਹੈ ਵਾਹਗੁਰੂ ਗੁਰ ਸਬਦੁ ਸੁਣਾਇਆ।*
*ਪਾਣੀ ਪਿਤਾ ਪਵਿਤ੍ਰੁ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ।*
*ਧਰਤੀ ਮਾਤ ਮਹਤੁ ਕਰਿ ਓਤਿ ਪੋਤਿ ਸੰਜੋਗੁ ਬਣਾਇਆ।*
*ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤੁ ਖਿਲਾਇਆ।*
*ਗੁਰਮੁਖਿ ਜਨਮੁ ਸਕਾਰਥਾ ਸਾਧਸੰਗਤਿ ਵਸਿ ਆਪੁ ਗਵਾਇਆ। (ਵਾਰ ੬:੫)*

ਭਾਈ ਗੁਰਦਾਸ ਜੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਸਿਧਾਂਤਕ ਸ਼ਬਦਾਵਲੀ ਨੂੰ ਆਪਣੀਆਂ ਵਾਰਾਂ ਵਿਚ ਪੂਰੀ-ਪੂਰੀ ਪਉੜੀ ਰਚ ਕੇ ਖੋਲਦੇ ਹਨ। ਵਾਰਾਂ ਵਿਚ ਗੁਰਮੁਖ ਦੀ ਬਾਖੂਬੀ ਵਿਆਖਿਆ ਕੀਤੀ ਮਿਲਦੀ ਹੈ। ਇਸ ਤੋਂ ਇਲਾਵਾ ਨਿੰਦਕ, ਮੂਰਖ, ਮੁਰੀਦ (ਸੇਵਕ), ਨਿਮਰਤਾ ਆਦਿ ਪ੍ਰਕਰਨਾਂ ਨੂੰ ਪ੍ਰਮਾਣ ਦੇ ਕੇ ਸਪੱਸ਼ਟ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਕੁਝ ਅਜਿਹੀਆਂ ਵੀ ਪੰਕਤੀਆਂ ਹਨ ਜਿਨ੍ਹਾਂ ਦੇ ਅਰਥਾਂ ਦੀ ਸਪੱਸ਼ਟਤਾ ਭਾਈ ਗੁਰਦਾਸ ਕਰਦੇ ਹਨ। ਜਿਵੇਂ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਪੰਕਤੀ: *'ਗੁਰ ਮੂਰਤਿ ਸਿਉ ਲਾਇ ਧਿਆਨੁ॥'* ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਕਿਸੇ ਗੁਰ ਮੂਰਤ ਵੱਲ ਧਿਆਨ ਲਗਾਉਣ ਦੀ ਤਾਕੀਦ ਕਰਦੇ ਹਨ। ਉਹ ਗੁਰ ਮੂਰਤ ਕਿਹੜੀ ਹੈ? ਦੇ ਅਰਥਾਂ ਦੀ ਸਪੱਸ਼ਟਤਾ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਹੁੰਦੀ ਹੈ। ਜਿੱਥੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਗੁਰ ਮੂਰਤ ਅਸਲ ਵਿਚ ਗੁਰੂ ਦਾ ਸ਼ਬਦ ਹੈ ਅਤੇ ਸ਼ਬਦ ਵਿਚ ਧਿਆਨ ਜੋੜਨਾ ਹੈ। ਭਾਈ ਗੁਰਦਾਸ ਜੀ :

*ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ। (ਵਾਰ ੨੪:੧੧)*

ਇਸ ਤਰ੍ਹਾਂ ਬਾਣੀ ਦੀ ਕੁੰਜੀ ਦਾ ਮਾਣ ਹਾਸਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਯੇ ਗੁਰਬਾਣੀ ਵਿਆਖਿਆ ਲਈ ਸਹਾਇਕ ਹਨ। ਗੁਰਬਾਣੀ ਦੀ ਸਹੀ ਸੂਝ ਲਈ ਇਨ੍ਹਾਂ ਦਾ ਅਧਿਐਨ ਅਤਿ ਲਾਹੇਵੰਦ ਹੈ।

੩. ਪਰਮਾਰਥ: ਪਰਮਾਰਥ ਜਨਮਸਾਖੀਆਂ ਵਿਚ ਮਿਲਦੇ ਹਨ। ਪਰਮਾਰਥ ਦੋ ਸ਼ਬਦਾਂ ਦਾ ਸਮੂਹ ਹੈ। ਪਰਮ+ਅਰਥ, ਉੱਚਾ ਜਾਂ ਅਧਿਆਤਮਿਕ ਅਰਥ। ਪਰਮਾਰਥ ਪਦ ਮੂਲ ਰੂਪ ਵਿਚ ਜਨਮਸਾਖੀ ਮਿਹਰਵਾਨ ਵਿਚ ਹੋਈ ਗੁਰਬਾਣੀ ਵਿਆਖਿਆ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਪਰਮਾਰਥਾਂ ਵਿਚ ਗੁਰਬਾਣੀ ਦੀ ਵਿਆਖਿਆ ਬੜੀ ਸੂਝ ਨਾਲ ਕੀਤੀ ਮਿਲਦੀ ਹੈ। ਜਨਮਸਾਖੀਆਂ ਦੇ ਰਚਨਾਕਾਰਾਂ ਅਤੇ ਰਚਨਾਕਾਲ ਨੂੰ ਲੈ ਕੇ ਵਿਦਵਾਨਾਂ ਵਿਚ ਆਪਸੀ ਮਤਭੇਦ ਹਨ। ਪਰ ਇਸ ਗੱਲ ਨਾਲ ਸਾਰੇ ਇੱਕਮਤ ਹਨ ਕਿ ਇਨ੍ਹਾਂ ਦੀ ਰਚਨਾ ਗੁਰੂ-ਕਾਲ ਵਿਚ ਹੋਈ। ਇਸ ਲਈ ਅਸੀਂ ਪਰਮਾਰਥ ਸਿਰਲੇਖ ਹੇਠ ਇੱਥੇ ਜਨਮਸਾਖੀ ਪਰੰਪਰਾ ਵਿੱਚੋਂ ਪੁਰਾਤਨ ਜਨਮਸਾਖੀ ਅਤੇ ਮਿਹਰਬਾਨ ਕ੍ਰਿਤ ਜਨਮਸਾਖੀ ਵਿਚ ਹੋਈ ਗੁਰਬਾਣੀ ਵਿਆਖਿਆਕਾਰੀ ਨੂੰ ਪ੍ਰਸਤੁਤ ਕਰਦੇ ਹਾਂ:

੩.੧ ਪੁਰਾਤਨ ਜਨਮਸਾਖੀ: ਪੁਰਾਤਨ ਜਨਮਸਾਖੀ ਇਸ ਨੂੰ ਵਲਾਇਤ ਵਾਲੀ ਜਨਮਸਾਖੀ ਵੀ ਕਹਿੰਦੇ ਹਨ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦੇ ਨਾਲ ਬਾਣੀ ਦੇ ਹਵਾਲੇ ਵੀ ਦਿੱਤੇ ਗਏ ਹਨ। ਇਹ ਵਿਆਖਿਆ ਗੁਰਬਾਣੀ ਉਥਾਨਕਾਵਾਂ, ਇਤਿਹਾਸਿਕ ਸੰਦਰਭ, ਪ੍ਰਸ਼ਨ-ਉੱਤਰ, ਭਗਤ ਬਾਣੀ ਤੇ ਗੁਰਬਾਣੀ ਦੇ ਸੰਵਾਦ ਦੇ ਰੂਪ ਵਿਚ ਹੁੰਦੀ ਹੈ। ਇੱਥੇ ਅਸੀਂ ਪੁਰਾਤਨ ਜਨਮ ਸਾਖੀ ਵਿੱਚੋਂ ਕਲਯੁੱਗ ਵਾਲੀ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ 'ਮੋਤੀ ਤ ਮੰਦਰ ਊਸਰਹਿ' ਦੀ ਵਿਆਖਿਆ ਦਾ ਨਮੂਨਾ ਵੇਖਦੇ ਹਾਂ :-

"ਤਬਿ ਦੈਤ ਕਾ ਰੂਪ ਧਾਰਿ ਆਇਆ। ਚੋਟੀ ਆਸਮਾਨ ਨਾਲਿ ਕੀਤੀਆਸੁ ॥ ਜਿਉ ਜਿਉ ਨੇੜੈ ਆਵੈ, ਤਿਉ ਤਿਉ ਘਟਦਾ ਜਾਵੈ। ਤਬਿ ਮਨੁਖ ਕਾ ਸਰੂਪ ਕਰਕੇ ਆਇਆ। ਹਥਿ ਜੋੜ ਕਰ ਖੜਾ ਹੋਆ। ਤਬਿ ਬਾਬੇ ਪੁਛਿਆ: 'ਭਾਈ ਤੂੰ ਕੌਣ ਹੈ?' ਤਬਿ ਉਨ ਆਖਿਆ: 'ਜੀ! ਮੈਨੂੰ ਤੂੰ ਨਾਹੀ ਜਾਣਦਾ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜੀਰ ਹੈਂ'? ਤਬਿ ਬਾਬੇ ਨੂੰ ਨਿਮਸਕਾਰ ਕੀਤੀ ਆਖਿਓਸੁ: 'ਜੀ ਕਿਛੁ ਮੈ ਤੇ ਲੇਹੁ, ਮੇਰੈ ਵਰਨਿ ਚਲੁ'? ਤਬਿ ਗੁਰੂ ਬਾਬੇ ਪੁਛਿਆ: 'ਤੈਂ ਪਾਸਿ ਕਿਆ ਹੈ?' ਤਾਂ ਕਲਿਜੁਗ ਆਖਿਆ: 'ਮੇਰੈ ਪਾਸ ਸਭੁ ਕਿਛੁ ਹੈ, ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਾਰਹ ਅਤੇ ਰਤਨਾਂ ਕਾ ਲਾਲਾਂ ਦਾ ਜੜਾਉ ਕਰਾਵਾਂ, ਅਗਰ ਚੰਦਨ ਕਾ ਲੇਪੁ ਦੇਵਾਂ'? ਤਬਿ ਗੁਰੂ ਬੋਲਿਆ, ਸਬਦ ਰਾਗੁ ਸ੍ਰੀ ਰਾਗੁ ਵਿਚ:

*ਰਾਗੁ ਸਿਰੀ ਰਾਗੁ ਮਹਲਾ ੧ ਘਰੁ ੧ ॥*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ*

*ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥*

ਤਬਿ ਫਿਰਿ ਕਲਿਜੁਗ ਆਖਿਆ: 'ਜੋ ਜੀ ਜਵੇਹਰਾਂ ਦੀ ਧਰਤੀ ਕਰਾਂ, ਅਰੁ ਲਾਲਾਂ ਦਾ ਜੜਾਉ ਕਰਹਾਂ, ਇੰਦਰ ਦੀਆਂ ਮੇਹਣੀਆਂ ਲੈ ਆਵਾਂ'। ਤਬਿ ਗੁਰੂ ਜੀ ਪਉੜੀ ਦੂਜੀ ਆਖੀ:-

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥*

ਤਬਿ ਕਲਜੁਗਿ ਕਹਿਆ: 'ਜੋ ਜੀ ਏਹੁ ਬੀ ਨਾਹੀ ਲੈਂਦਾ ਤਾਂ ਸਿਧਿ ਲੈ ਜੋ ਰਿਧਿ ਆਵੈ, ਅਤੇ ਗੁਪਤ ਧਰਤੀ ਵਿਚਿ ਚਲੁ, ਅਰੁ ਹਜਾਰ ਕੋਹਾਂ ਜਾਇ ਪ੍ਰਗਟਿ ਹੋਇ'। ਤਬਿ ਗੁਰੂ ਪਉੜੀ ਤੀਜੀ ਆਖੀ:-

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥*

ਤਬਿ ਕਲਿਜੁਗਿ ਆਖਿਆ, 'ਕਛੁ ਲੇਵਹੁ, ਸੁਲਤਾਨ ਹੋਵਹੁ: ਰਾਜੁ ਕਰਹੁ' ਤਬਿ ਗੁਰੂ ਚਉਥੀ ਪਵੜੀ ਕਹੀ:-

*ਸੁਲਤਾਨ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥*

ਤਬਿ ਕਲਜੁਗ ਪਰਦੱਖਣਾ ਕੀਤੀ, ਆਇ ਪੈਰੀ ਪਇਆ। ਆਖਿਓਸੁ: 'ਜੀ ਮੇਰੀ ਗਤਿ ਕਿਉਂ ਕਰਿ ਹੋਵੈ?' ਤਬਿ ਗੁਰੂ ਨਾਨਕ ਆਖਿਆ 'ਮੇਰਾ ਸਿੱਖੁ ਕੋਟ ਮਧੈ ਕੋਈ ਹੋਵੈਗਾ, ਤਿਸਦਾ ਸਦਕਾ ਤੇਰੀ ਗਤਿ ਹੋਵੈਗੀ।' ਤਬਿ ਕਲਿਜੁਗ ਪੈਰੀ ਪਇਆ॥ ਬਾਬੇ ਵਿਦਾ ਕੀਤਾ ॥[੩]

ਅਸੀਂ ਦੇਖਿਆ ਕਿ ਬਾਣੀ ਦੇ ਅਰਥਾਂ ਨੂੰ ਉਥਾਨਕਾ ਰਾਹੀਂ ਸਮਝਾਇਆ ਗਿਆ ਹੈ। ਇਸ ਤਰੀਕੇ ਰਾਹੀਂ ਬਾਣੀ ਦਾ ਭਾਵ ਜਗਿਆਸੂ ਦੇ ਹਿਰਦੇ ਵਿਚ ਉਤਰ ਜਾਂਦਾ ਹੈ। ਉਕਤ ਉਦਾਹਰਨ ਰਾਹੀਂ ਸਪੱਸ਼ਟ ਹੁੰਦਾ ਹੈ ਕਿ ਜਨਮ ਸਾਖੀਆਂ ਵਿਚ ਗੁਰਬਾਣੀ ਦੀ ਵਿਆਖਿਆ ਕਿਸ ਤਰ੍ਹਾਂ ਹੋ ਰਹੀ ਹੈ। ਜਨਮਸਾਖੀਆਂ ਬਾਣੀ ਉਥਾਨਕਾਵਾਂ ਦਾ ਸ੍ਰੋਤ ਹਨ।

੩.੨ ਮਨੋਹਰ ਦਾਸ ਮਿਹਰਬਾਨ: ਗੁਰਬਾਣੀ ਦੀ ਇਹ ਵਿਆਖਿਆ ਪ੍ਰਣਾਲੀ ਗੁਰੂ ਸਾਹਿਬਾਨ ਦੇ ਸਮੇਂ ਪ੍ਰਚਲਿਤ ਹੋਈ। ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦਾ ਪਰਮਾਰਥ ਵਿਚ ਵਿਸ਼ੇਸ਼ ਯੋਗਦਾਨ ਹੈ, ਭਾਵੇਂ ਕਿ ਮਿਹਰਬਾਨ ਦੇ ਪਿਤਾ ਪ੍ਰਿਥੀ ਚੰਦ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਵਿਰੋਧ ਰਿਹਾ। ਪਰ ਮਿਹਰਬਾਨ ਦਾ ਗੁਰਬਾਣੀ ਵਿਆਖਿਆਕਾਰੀ ਵਿਚ ਪਾਇਆ ਯੋਗਦਾਨ ਵਡਮੁੱਲਾ ਹੈ। "ਸੋਢੀ ਮਿਹਰਵਾਨ ਦੇ

ਨਾਂ ਨਾਲ ਗੋਸਟਾਂ, ਕਥਾਵਾਂ, ਸਾਖੀਆਂ ਤੇ ਮਸਲਿਆਂ ਦੇ ਰੂਪ ਵਿਚ ਜੁੜੀਆਂ ਅਨੇਕ ਰਚਨਾਵਾਂ ਦੀ ਘੋਖ-ਪੜਤਾਲ ਕਰਨ ਤੋਂ ਬਾਅਦ ਹੇਠ ਲਿਖੀਆਂ ਰਚਨਾਵਾਂ ਮਿਹਰਵਾਨ ਦੀਆਂ ਸਿਧ ਹੁੰਦੀਆਂ ਹਨ:-

ਗੱਦ ਰਚਨਾ:

੧. "ਗੋਸ਼ਟਾਂ ਕਬੀਰ ਜੀ ਕੀਆਂ

੨. ਸਚਖੰਡ ਪੋਥੀ, ਹਰਿ ਜੀ ਪੋਥੀ ਅਤੇ ਚਤਰਭੁਜ ਪੋਥੀ,ਆਦਿ

੩. ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ

੪. ਮਸਲੇ ਹਜ਼ਰਤ ਰਸੂਲ ਕੇ

੫. ਗੋਸ਼ਟਾਂ

ੳ) ਹਿੰਦੂ ਭਗਤਾਂ ਦੀਆਂ ਗੋਸ਼ਟਾਂ।

ਅ) ਨਾਥਾਂ, ਜੋਗੀਆਂ ਦੀਆਂ ਗੋਸ਼ਟਾਂ।

ੲ) ਮੁਸਲਮਾਨ ਪੀਰਾਂ ਫਕੀਰਾਂ ਦੀਆਂ ਗੋਸ਼ਟਾਂ।

ਕਾਵਿ-ਰਚਨਾ:

ੳ) ਸ਼ਬਦ

ਅ) ਸ਼ਲੋਕ

ੲ) ਵਾਰਾਂ

ਸ) ਅਨੁਕਰਣਕ ਬਾਣੀਆਂ"[੪]

ਸੋਢੀ ਮਿਹਰਬਾਨ ਜੀ ਦੁਆਰਾ ਰਚਿਤ 'ਪੋਥੀ ਸਚਖੰਡ' ਸੋਢੀ ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਕਰਕੇ ਪ੍ਰਕਾਸ਼ਿਤ ਹੈ। ਜਿਸ ਦੇ ਸੰਪਾਦਕ ਡਾ. ਕਿਰਪਾਲ ਸਿੰਘ ਹਨ। ਇੱਥੇ ਅਸੀਂ ਇਸ ਜਨਮਸਾਖੀ ਵਿਚਲੀ ਵਿਆਖਿਆ ਵੰਨਗੀ ਨੂੰ ਇਕ ਮਿਸਾਲ ਰਾਹੀਂ ਪੇਸ਼ ਕਰਦੇ ਹਾਂ:

ਸੋਢੀ ਮਿਹਰਵਾਨ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਮਿਹਰਬਾਨ 'ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ' ਵਿਚ ਪਰਮਾਰਥਾਂ ਦੇ ਰੂਪ ਵਿਚ ਉਪਲਬਧ ਹੈ। ਜਿਸ ਦੀ ਇਕ ਮਿਸਾਲ :

*"ਸਾਹਿਬ ਕੇ ਗੁਣ ਨਾਨਕੁ ਆਖੈ ਮਾਸ ਪੁਰੀ ਵਿਚਿ ਆਖੁ ਮਸੋਲਾ ॥*
*ਜਿਨਿ ਉਪਾਈ ਰੰਗਿ ਰਵਾਈ ਬੈਠੜਾ ਵੇਖੈ ਵਖਿ ਇਕੇਲਾ ॥*
*ਸਚੜਾ ਸਾਹਿਬ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥੩॥*

ਤਿਸੁ ਕਾ ਪਰਮਾਰਥੁ: ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਰੇ ਲੋਕਹੁ! ਓਹੁ ਸਾਹਿਬੁ ਮਿਹਰਵਾਨੁ ਹੈ, ਤਿਸ ਕੇ ਗੁਣ ਨਾਨਕੁ ਕਹਦਾ ਹੈ। ਮਾਸ ਕੀ ਪੁਰੀ ਇਹੁ ਦੇਹੀ ਹੈ। ਮਸੋਲਾ ਸਿਫਤਿ ਬਾਤਾਂ ਗਲਾਂ ਸਾਹਿਬ ਕੀ ਸਿਫਤਿ ਕੀਆਂ, ਪਰੁ ਜਿਨਿ ਏਹੁ ਪੈਦਾਇਸਿ ਉਪਾਈ ਹੈ ਅਰੁ ਰੰਗ ਰਵਾਈ ਹੈ ਅਰੁ ਧੰਧੇ ਲਾਈ ਹੈ ਸੁ ਬੈਠਾ ਵਖਿ ਤਮਾਸੇ

ਵੇਖਦੀ ਹੈ। ਸੁ ਕੇਹਾ ਸਾਹਿਬੁ ਹੈ? ਜੇਹਾ ਸਚ ਸਾਹਿਬੁ ਹੈ ਏਹੋ ਜਿਹਾ ਤਪਾਵਸੁ ਕਰਦਾ ਹੈ ਸਚ ਦੀ ਹੀ ਗਲਿ ਕਰੈਗਾ ॥"[੫]

੩.੩ ਸੋਢੀ ਹਰਿ ਜੀ: ਸੋਢੀ ਹਰਿ ਜੀ ਅਤੇ ਚਤਰਭੁਜ ਜੀ ਦਾ ਪਰਮਾਰਥ ਪ੍ਰਣਾਲੀ ਵਿਚ ਦੂਜਾ ਸਥਾਨ ਹੈ। ਇਨ੍ਹਾਂ ਦੁਆਰਾ ਲਿਖੇ ਪਰਮਾਰਥ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਪੋਥੀ ਦੂਜੀ ਵਿਚ ਪ੍ਰਕਾਸ਼ਿਤ ਹਨ। ਸੋਢੀ ਹਰਿ ਜੀ ਦੁਆਰਾ ਲੰਮੀਆਂ ਬਾਣੀਆਂ ਦੇ ਪਰਮਾਰਥ ਮਿਲਦੇ ਹਨ। "ਹਰਿ ਜੀ ਦੀਆਂ ਪ੍ਰਾਪਤ ਗੱਦ ਅਤੇ ਕਾਵਿ ਰਚਨਾਵਾਂ ਇਸ ਪ੍ਰਕਾਰ ਹਨ:

ਗੱਦ ਰਚਨਾ

੧, ਸੁਖਮਨੀ ਸਹੰਸਰਨਾਮ

੨. ਸਿੰਘਾਸਨ ਬਤੀਸੀ

੩. ਗੋਸ਼ਟਿ ਗੁਰੂ ਮਿਹਰਵਾਨ

੪. ਹਰਿ ਜੀ ਪੋਥੀ: ਕਹਤਿ ਤ੍ਰਦੱ

ਕਾਵਿ-ਰਚਨਾ

੧. ਸਲੋਕ

੨. ਸਬਦ

੩. ਪਉੜੀਆਂ

੪. ਵਾਰਾਂ"[੬]

ਸੋਢੀ ਹਰਿ ਜੀ ਅਤੇ ਸੋਢੀ ਚਤਰਭੁਜ ਦੁਆਰਾ ਸਬਦਾਂ ਦੇ ਲਿਖੇ ਪਰਮਾਰਥ ਦੀਆਂ ਵਿਆਖਿਆ ਵੰਨਗੀਆਂ ਇਸ ਪ੍ਰਕਾਰ ਹਨ :

*"॥ਪਉੜੀ॥ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥*
*ਗੁਰਮੁਖਿ ਆਖੈ ਗੁਰਮੁਖਿ ਬੁਝੈ ਗੁਰਮੁਖਿ ਏਕੋ ਜਾਣੈ ॥੨੯॥*

ਤਿਸੁ ਕਾ ਪਰਮਾਰਥੁ: ਤਬ ਗੁਰੂ ਬਾਬਾ ਨਾਨਕੁ ਜੀ ਕਹਤਾ ਹੈ ਜਿ, "ਰੇ ਮੇਰੇ ਮਨ! ਤੂ ਯਯੇ ਕੇ ਅਛਰ ਮਹਿ ਇਉ ਚੀਨੁ, ਜਿ ਯਨਮੁ ਮਰਨੁ ਤੇਰਾ ਕਟੀਐ ਤ ਏਕ ਹੀ ਪਰਮੇਸੁਰ ਕਉ ਸਿਮਰਿ, ਜਿ ਤੇਰਾ ਉਧਾਰੁ ਹੋਵੈ। ਸੁ ਏਕੁ ਕਹਾ ਤੇ ਜਾਣੈ? ਜਾ ਗੁਰੂ ਮਿਲੈ ਤਾ ਬਤਾਇ ਦੇਵੈ। ਤਬ ਜੋ ਬੋਲੇ ਸੁ ਗੁਰਮੁਖਿ, ਜੋ ਸੁਣੈ, ਸੋ ਗੁਰਮੁਖਿ, ਜੁ ਕਿਛੁ ਸਮਝੈ, ਸੋ ਭੀ ਗੁਰਮੁਖਿ। ਤਉ ਏਕੁ ਪਛਾਣੈ ਜਾ ਗੁਰਮੁਖਿ ਹੋਇ॥੨੯॥"[੭]

੩.੪ ਸੋਢੀ ਚਤੁਰਭੁਜ: ਸੋਢੀ ਚਤੁਰਭੁਜ ਦੀ ਗੁਰਬਾਣੀ ਵਿਆਖਿਆ ਦੀ ਉਦਾਹਰਨ :

*"ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥*

ਤਿਸੁ ਕਾ ਪਰਮਾਰਥੁ: ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਸੁਨਿ ਹੋ ਪੁਰਖਾ! ਓਹਿ ਜੀਵ ਤਬ ਹੀ ਸਮਝਿਹਿ, ਜਬ ਉਨ੍ਹ ਕਉ ਸਾਧ ਪੁਰਖਹੁ ਕੀ ਸੰਗਤਿ ਮਿਲਿ ਕਰਿ

ਅਰੁ ਉਨ੍ਹ ਕੀ ਭਲੀ ਪਰਕਿਰਤਿ ਕਰਮ ਉਪਜਹਿ:ਬੁਰਿਆਈ ਉਨ੍ਹ ਤੇ ਮਿਟਿ ਜਾਇ। ਤਬ ਓਇ ਗੁਣ ਜਿ ਕਰਹਿ, ਤਿਨ੍ਹ ਗੁਣਾਂ ਕਰਿ ਕਰਿ ਪਿਛਲੇ ਅਉਗਣ ਧੋਤੇ ਜਾਹਿ ਅਰੁ ਅਗੈ ਗੁਣ ਹੀ ਕਰਹਿ। ਤਿਤੁ ਸਾਧ ਕੀ ਸੰਗਤਿ ਕਰਿ ਕਰਿ, ਓਇ ਸਮਝਹਿ। ਐ ਪਹੁ, ਜੇ ਉਨ੍ਹ ਕਉ ਪੂਰਾ ਸਤਿਗੁਰੂ ਮਿਲੈ, ਤਉ ਉਨ ਕਉ ਏਹੁ ਸਹਜੁ ਭਲਿਆਈ ਕਾ ਉਪਜੈ। ਪੁਰਖਾ ਮਰਦਾਨਿਆ। ਬਿਨਾ ਗੁਰੂ, ਏਸ ਮਨ ਕਉ ਸਹਜੁ ਉਪਸਤਾ ਨਾਹੀ। ਜਬ ਗੁਰੂ ਪੂਰਾ ਮਿਲੈ, ਤਬ ਹੀ ਏਹੁ ਸਹਜ ਪ੍ਰਾਪਤਿ ਹੋਇ। ਤਬ ਮਰਦਾਨੇ ਕਹਿਆ ਜਿ "ਵਾਹ ਵਾਹ ਜੀ! ਸੁ ਤੂ ਹੈਂ ਐਸਾ ਪੂਰਾ ਗੁਰੂ, ਬਾਬਾ ਨਾਨਕ ਜੀ। ਧੰਨਿ ਜੀ, ਤੂ ਸਤਿ ਜੀ ਤੂ, ਬਲਿਹਾਰ ਜਾਂ ਜੀ। ਤੈਂ ਹੀ ਤੇ ਏਹ , ਸਹਜ ਪਰਕਿਰਤਿ ਹੋਵੈ।"[੮] ਇੱਥੇ ਅਸੀਂ ਜਨਮਸਾਖੀਆਂ ਵਿਚਲੇ ਪਰਮਾਰਥਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚਲੀਆਂ ਵਿਆਖਿਆ ਵੰਨਗੀਆਂ ਦਰਸਾਉਂਦੀਆਂ ਹਨ ਕਿ ਕਿਸ ਤਰ੍ਹਾਂ ਗੁਰੂ-ਕਾਲ ਵਿਚ ਗੁਰਬਾਣੀ ਦੀ ਵਿਆਖਿਆ ਦੀ ਪਰਪਾਟੀ ਸ਼ੁਰੂ ਹੋ ਚੁੱਕੀ ਸੀ।

ਵਰਤਮਾਨ ਸਮੇਂ ਵਿਚ ਗੁਰਬਾਣੀ ਦੀ ਵਿਆਖਿਆ ਦੇ ਵੱਖ-ਵੱਖ ਪਹਿਲੂ ਸਾਹਮਣੇ ਆ ਰਹੇ ਹਨ। ਗੁਰਬਾਣੀ ਦੀ ਭਾਸ਼ਾ ਪ੍ਰਤੀਕਾਤਮ ਹੋਣ ਕਾਰਨ ਅਰਥ ਕਰਨ ਵਾਲਾ ਆਪਣੀ ਸਮਝ ਅਨੁਸਾਰ ਅਰਥ/ਵਿਆਖਿਆ ਕਰਦਾ ਹੈ। ਸਾਡੀ ਭਾਸ਼ਾ ਅਤੇ ਵਰਤੋਂ ਵਿਹਾਰ (ਸੱਭਿਆਚਾਰ) ਦੇ ਬਦਲ ਰਹੇ ਪੈਮਾਨਿਆਂ ਕਾਰਨ ਵਿਆਖਿਆ ਵਿਚ ਮੌਜੂਦਾ ਪ੍ਰਭਾਵ ਆਉਣਾ ਸੁਭਾਵਿਕ ਹੈ ਪਰ ਗੁਰੂ-ਕਾਲ ਵਿਚ ਹੋਈ ਵਿਆਖਿਆ ਨੂੰ ਅੱਖੋਂ ਪਰੋਖੇ ਵੀ ਕੀਤਾ ਨਹੀਂ ਜਾ ਸਕਦਾ। ਇਸ ਲਈ ਅਰਥਕਾਰ/ਵਿਆਖਿਆਕਾਰ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਬਾਣੀ ਦੇ ਅਰਥਾਂ ਲਈ ਉਪਰੋਕਤ ਦਿੱਤੇ ਗਏ ਸਰੋਤਾਂ ਦਾ ਅਧਿਐਨ ਕਰੇ।

ਹਵਾਲੇ :


੧. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੩੬੯.

੨. ਉਹੀ ਪੰਨਾ ੪੧.

੩. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਪੰਨੇ ੮੧-੮੨.

੪. ਡਾ. ਗੁਰਮੋਹਨ ਸਿੰਘ ਵਾਲੀਆਂ, *ਸੋਢੀ ਮਿਹਰਵਾਨ ਦੀ ਗੱਦ ਰਚਨਾ* (ਇਕ ਵਿਸ਼ਲੇਸ਼ਣ), ਪੰਨੇ ੪੦-੪੧.

੫. ਕਿਰਪਾਲ ਸਿੰਘ (ਸੰਪਾ.), *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਵਾਨ ਜੀ ਸੋਢੀ*, ਪੰਨਾ ੪੬੪.

੬. ਡਾ. ਗੁਰਮੋਹਨ ਸਿੰਘ ਵਾਲੀਆ, *ਸੋਢੀ ਹਰਿ ਜੀ: ਜੀਵਨ ਤੇ ਰਚਨਾ*, ਪੰਨਾ ੯.

੭. ਕਿਰਪਾਲ ਸਿੰਘ (ਸੰਪਾ.), *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਵਾਨ ਜੀ ਸੋਢੀ*, ਸੈਂਚੀ ਦੂਜੀ, ਪੰਨਾ ੪੭.

੮. ਕਿਰਪਾਲ ਸਿੰਘ (ਸੰਪਾ.), *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਵਾਨ ਜੀ ਸੋਢੀ*, ਪੰਨਾ ੫੮੩.

*ਜੂਨ ੨੦੨੦ ਦਾ ਬਾਕੀ*

# ਗੁਰਬਾਣੀ ਵਿਆਖਿਆਕਾਰੀ : ਕੁਝ ਪ੍ਰਮੁੱਖ ਟੀਕਿਆਂ ਦਾ ਸਰਵੇਖਣ

*-ਡਾ. ਅਜੈਪਾਲ ਸਿੰਘ**

੬. ਭਾਈ ਮਨੀ ਸਿੰਘ (*ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ*, ਅੱਠ ਭਾਗ) :

ਇਸ ਸਟੀਕ ਦੇ ਕਰਤਾ ਭਾਈ ਮਨੀ ਸਿੰਘ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਮੁੱਖ ਗ੍ਰੰਥੀ ਵਜੋਂ ਸੇਵਾ ਨਿਭਾਉਂਦੇ ਸਨ। ਇਸ ਸਟੀਕ ਦਾ ਪਹਿਲਾ ਸੰਸਕਰਣ ੧੯੮੦ ਈ. ਵਿਚ ਛਪਿਆ। ਇਸ ਵਿਚ ਸਭ ਤੋਂ ਪਹਿਲਾਂ ਮੂਲ ਪਾਠ ਉਪਰੰਤ ਪਦ ਅਰਥ ਹੈ। ਸਟੀਕ ਦੀ ਵਿਸ਼ੇਸ਼ਤਾ ਇਹ ਹੈ ਕਿ ਅਰਥ ਕਰਦਿਆਂ ਹਰ ਪੰਕਤੀ ਵਿਚ ਪ੍ਰਸ਼ਨ ਲਿਖ ਕੇ ਉਸ ਦਾ ਉੱਤਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਭਾਵ-ਅਰਥ ਹੈ ਜਿਸ ਵਿਚ ਗੁਰਮਤਿ ਸਿਧਾਂਤਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

੭. ਪੰਡਿਤ ਤਾਰਾ ਸਿੰਘ ਨਰੋਤਮ :

ਮੰਨਿਆ ਜਾਂਦਾ ਹੈ ਕਿ ਪੰਡਿਤ ਤਾਰਾ ਸਿੰਘ ਜੀ ਨੇ ਪਟਿਆਲੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਕੀਤਾ ਪਰੰਤੂ ਉਹ ਛਪ ਨਹੀਂ ਸਕਿਆ। ਪਿਆਰਾ ਸਿੰਘ ਪਦਮ ਇਸ ਗੱਲ ਦੀ ਗਵਾਹੀ ਭਰਦੇ ਲਿਖਦੇ ਹਨ— "ਉਨ੍ਹਾਂ (ਪੰਡਿਤ ਤਾਰਾ ਸਿੰਘ ਨਰੋਤਮ) ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ, ਪਰ ਉਹ ਛਪ ਨਹੀਂ ਸਕਿਆ। ਉਸ ਦਾ ਕਾਫ਼ੀ ਹੱਥ-ਲਿਖਤ ਹਿੱਸਾ ਦੋ ਟਰੰਕਾਂ ਵਿਚ ਬੰਦ ਪਿਆ ਹੈ। ਮੈਂ ਭਾਈ ਵਰਿਆਮ ਸਿੰਘ ਸ਼ਾਸਤਰੀ ਪਾਸ ਨਰੋਤਮ ਜੀ ਦੇ ਡੇਰੇ ਪਟਿਆਲੇ ਦੇਖਿਆ ਸੀ। ਹੁਣ ਕਹਿ ਨਹੀਂ ਸਕਦੇ ਕਿ ਉਹ ਕਿੱਥੇ ਹੈ।"[੪] ਪਿਆਰਾ ਸਿੰਘ ਪਦਮ ਦਾ ਮੰਨਣਾ ਹੈ ਕਿ "ਪੰਡਿਤ ਤਾਰਾ ਸਿੰਘ ਨਰੋਤਮ ਦੀ ਬੋਲੀ ਗੂੜ੍ਹ ਤੇ ਸ਼ੈਲੀ ਪੁਰਾਣੇ ਸ਼ਾਸਤਰੀ ਤਰੀਕੇ ਦੀ ਸੀ, ਜਿਸ ਨੂੰ ਹਰ ਕੋਈ ਨਹੀਂ ਸੀ ਸਮਝ ਸਕਦਾ।"[੫]

੮. ਗਿਆਨੀ ਨਿਹਾਲ ਸਿੰਘ ਸੂਰੀ (*ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ*, ੬ ਭਾਗ) :

ਗਿਆਨੀ ਨਿਹਾਲ ਸਿੰਘ ਸੂਰੀ ਗੁਰਮਤਿ ਸਿਧਾਂਤਾਂ ਦੇ ਪ੍ਰਚਾਰਕ ਸਨ ਅਤੇ ਉਨ੍ਹਾਂ ਨੇ ਖਾਲਸਾ ਇਤਿਹਾਸਿਕ ਵਿੱਦਿਅਕ ਸੁਸਾਇਟੀ ਦੀ ਸਥਾਪਨਾ ਵੀ ਕੀਤੀ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕਠਿਨ ਪਦਾਂ ਦੇ ਅਰਥਾਂ ਦਾ ਸ਼ਬਦਾਰਥ ਅਪ੍ਰੈਲ ੧੯੧੯ ਈ. ਨੂੰ ਸੰਗਤਾਂ ਦੇ ਸਨਮੁਖ ਕੀਤਾ। ਇਸ ਤੋਂ ਇਲਾਵਾ ਇਨ੍ਹਾਂ ਦਾ

** ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ- ੧੫੧੩੦੨; ਮੋ:+੯੧੯੪੧੭੧੬੪੦੦੫.*

ਦੂਸਰਾ ਮਹੱਤਵਪੂਰਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਸੀ, ਜਿਸ ਦੀ ਪਹਿਲੀ ਪੋਥੀ ੧੯੩੦ ਈ. ਵਿਚ ਤਿਆਰ ਹੋ ਕੇ ਪਾਠਕਾਂ ਦੇ ਸਨਮੁਖ ਆਈ। ਗਿਆਨੀ ਜੀ ਨੇ ਗੁਰਬਾਣੀ ਵਿਚ ਨਜ਼ਰ ਪੈਂਦੇ ਕਿਸੇ ਵੀ ਮਤਭੇਦ ਨੂੰ ਦੂਰ ਕਰਨ ਲਈ ਗੁਰਬਾਣੀ ਵਿੱਚੋਂ ਹੀ ਪ੍ਰਮਾਣਾਂ ਦੀ ਵਰਤੋਂ ਕੀਤੀ। ਟੀਕੇ ਦੇ ਅਰੰਭਕ ੧੪੦ ਪੰਨਿਆਂ ਵਿਚ ਮੂਲ ਮੰਤਰ ਤੋਂ ਲੈ ਕੇ ਸੋਹਿਲਾ ਬਾਣੀ ਤਕ ਕੇ ਅਰਥ ਦਰਜ ਕੀਤੇ ਹਨ ਅਤੇ ਮੂਲ ਮੰਤਰ ਨੂੰ ਵਿਸਥਾਰ ਰੂਪ ਵਿਚ ਬਿਆਨਿਆ ਗਿਆ ਹੈ। ਮੂਲ ਪਾਠ ਦੇ ਔਖੇ ਸ਼ਬਦ, ਟੀਕੇ ਵਿਚ ਅਰਥ ਦੇ ਨਾਲ ਹੀ ਬਰੈਕਟ ਵਿਚ ਦਿੱਤੇ ਗਏ ਹਨ। ਇਹ ਸਟੀਕ ਗਿਆਨੀ ਜੀ ਦੇ ਆਪਣੇ ਛਾਪੇਖਾਨੇ 'ਸ੍ਰੀ ਕਲਗੀਧਰ ਪ੍ਰੈਸ' ਰਾਵਲਪਿੰਡੀ, ਪਾਕਿਸਤਾਨ ਵਿਚ ਸੰਨ ੧੯੩੦ ਈ. ਵਿਚ ਛਪਣਾ ਸ਼ੁਰੂ ਹੋਇਆ ਸੀ ਪਰੰਤੂ ੧੯੩੬ ਈ. ਵਿਚ ਉਨ੍ਹਾਂ ਦੇ ਦਿਹਾਂਤ ਹੋਣ ਕਾਰਨ ਇਹ ਪੂਰਨ ਨਾ ਹੋ ਸਕਿਆ।[੬]

੯. ਗਿਆਨੀ ਹਰਿਬੰਸ ਸਿੰਘ (*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ*, ੧੪ ਭਾਗ, ੧੯੮੦-੧੯੯੨) :

ਗਿਆਨੀ ਹਰਿਬੰਸ ਸਿੰਘ ਜੀ ਦੀ ਸਭ ਤੋਂ ਪ੍ਰਮੁੱਖ ਰਚਨਾ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਹੈ, ਜੋ ਕਿ ੧੪ ਭਾਗਾਂ ਵਿਚ ਹੈ। ਇਸ ਦੀ ਪਹਿਲੀ ਪੋਥੀ ੭੬੦ ਸਫ਼ਿਆਂ ਦੀ ਨਿਊ ਪਟਿਆਲਾ ਪ੍ਰਿੰਟਰਜ਼ ਵੱਲੋਂ ੧੯੮੦ ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੋਥੀ ਦੇ ਅਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਪ੍ਰਕਾਸ਼, ਮਰਯਾਦਾ, ਪਾਠ ਦਰਸ਼ਨ ਅਤੇ ਅੰਕਾਵਲੀ ਬਾਰੇ ਜਾਣਕਾਰੀ ਦਿੱਤੀ ਹੈ। ਇਸ ਵਿਚ ਗੁਰਬਾਣੀ ਵਿਆਕਰਨ ਦੇ ਨੇਮਾਂ ਅਨੁਸਾਰ ਅਰਥ ਦੇਣ ਤੋਂ ਇਲਾਵਾ ਉਚਾਰਨ ਸੇਧ, ਵਿਸ਼ੇਸ਼ ਵਿਚਾਰ, ਨਿਰਣੈ, ਤੁਲਨਾਤਮਕ ਅਧਿਐਨ, ਸ਼ੰਕੇ ਤੇ ਸਮਾਧਾਨ, ਸਾਰੰਸ਼ ਅਤੇ ਸਿਧਾਂਤ ਆਦਿ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਮੂਲ ਪਾਠ, ਨਿਰੰਤਰ ਪਦ-ਛੇਦ ਕਰ ਕੇ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਾ ਕੇ ਮੋਟੇ ਅੱਖਰਾਂ ਵਿਚ ਲਿਖਿਆ ਹੈ। ਇਸ ਤੋਂ ਬਾਅਦ ਉਚਾਰਨ ਸੇਧ ਅਧੀਨ ਕਈ ਪੱਖਾਂ ਨੂੰ ਵਰਤਿਆ ਗਿਆ ਹੈ। ਜਿਵੇਂ ਬਿੰਦੀ ਰਹਿਤ, ਬਿੰਦੀ ਸਹਿਤ, ਔਂਕੜ-ਦੁਲੈਂਕੜ, ਹੋੜਾ-ਕਨੌੜਾ, ਸਿਹਾਰੀ-ਬਿਹਾਰੀ ਆਦਿ ਦਾ ਉਚਾਰਨ। ਉਪਰੰਤ ਸ਼ਬਦ ਸਰੂਪਾਂ ਅਤੇ ਵਿਆਕਰਨਕ ਬਣਤਰ ਬਾਰੇ ਜਾਣਕਾਰੀ ਦੇ ਕੇ ਉਸ ਦੇ ਪਦ-ਅਰਥ ਅਤੇ ਤੁਕ-ਅਰਥ ਦਿੱਤੇ ਹਨ। ਇਸ ਤੋਂ ਬਾਅਦ ਪ੍ਰਸਿੱਧ ਟੀਕਾਕਾਰਾਂ ਦੇ ਦਿੱਤੇ ਅਰਥਾਂ ਸੰਬੰਧੀ ਵਿਚਾਰ, ਸ਼ੰਕੇ ਅਤੇ ਸਮਾਧਾਨ ਅਤੇ ਵਿਆਖਿਆ ਤੋਂ ਉਪਜੇ ਸਿਧਾਂਤਾਂ ਬਾਰੇ ਵਿਚਾਰ ਪ੍ਰਗਟਾਏ ਗਏ ਹਨ।

੧੦. ਭਾਈ ਸਾਹਿਬ ਭਾਈ ਵੀਰ ਸਿੰਘ (*ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* ਸੱਤ ਪੋਥੀਆਂ, ਅਪੂਰਣ) :

ਭਾਈ ਵੀਰ ਸਿੰਘ ਜੀ ਨੂੰ ਵੀ ਗੁਰਮਤਿ ਦੀ ਗੁੜ੍ਹਤੀ ਪਰਵਾਰ ਵਿੱਚੋਂ ਹੀ

ਪ੍ਰਾਪਤ ਹੋਈ। ਵਿਆਖਿਆ ਦੇ ਖੇਤਰ ਵਿਚ ਆਪ ਜੀ ਵੱਲੋਂ ਕੀਤੀ ਵਿਆਖਿਆ ਨੂੰ ਅਧਿਆਤਮਿਕਤਾ ਦਾ ਸਿਖ਼ਰ ਪ੍ਰਵਾਨ ਕੀਤਾ ਜਾਂਦਾ ਹੈ। ਸਟੀਕ ਦੇ ਸਿਰਲੇਖ ਬਾਰੇ ਸਪੱਸ਼ਟ ਕਰਦੇ ਭਾਈ ਸਾਹਿਬ ਲਿਖਦੇ ਹਨ— "ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ। ਇਸ ਵਿਚ ਜੋ ਮੂਲ ਹੈ ਉਹ ਤਾਂ ਵੱਡੀ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜਸ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ ਇਸ ਦੇ ਅਰਥ ਤੇ ਭਾਵ ਆਦਿਕ; ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲੱਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ ਤੇ ਜਿੱਥੋਂ ਤਕ ਹੋ ਸਕੇ ਉਹ ਇਸ ਦੇ ਚਰਨਾਂ ਵਿਚ ਬੈਠ ਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਕ ਤਰ੍ਹਾਂ ਸੰਥਯਾ ਹੈ ਜੋ ਬਾਣੀ ਦੀ ਸ਼ਰਨ ਲਿਆਂ ਵਿਦਿਆਰਥੀਆਂ ਵਾਂਗ ਮਿਲੀ ਹੈ।"[੭] ਭਾਈ ਸਾਹਿਬ ਨੇ ਅਜੇ ਸੋਰਠਿ ਰਾਗ ਤਕ ਦੀ ਵਿਆਖਿਆ ਹੀ ਕੀਤੀ ਸੀ ਕਿ ਉਨ੍ਹਾਂ ਦੇ ਜੀਵਨ ਦੀ ਆਯੂ ਸਮਾਪਤ ਹੋ ਗਈ, ਪਰੰਤੂ ਇਸ ਵਿਆਖਿਆ ਨੂੰ ਆਪ ਜੀ ਦੇ ਭਰਾ ਡਾ. ਬਲਬੀਰ ਸਿੰਘ ਨੇ ਸੰਨ ੧੯੫੮ ਤੋਂ ੧੯੬੨ ਤਕ ਸੰਪਾਦਤ ਕਰ ਕੇ ੭ ਪੋਥੀਆਂ ਛਪਵਾਈਆਂ। ਗੁਰਬਾਣੀ ਦੇ ਅਰਥਾਂ ਨੂੰ ਦਰਸਾਉਣ ਲਈ ਇਸ ਨੂੰ ੩ ਭਾਗਾਂ ਵਿਚ ਵੰਡਿਆ ਗਿਆ ਹੈ। ਜਿਵੇਂ ਅਰਥ, ਭਾਵ ਅਰਥ ਜਾਂ ਨਿਰੁਕਤ। ਇੱਕ ਤੁਕ ਦਾ ਇੱਕ ਹੀ ਅਰਥ ਆਮ ਤੌਰ 'ਤੇ ਕੀਤਾ ਗਿਆ ਹੈ। ਭਾਈ ਸਾਹਿਬ ਨੇ ਆਪਣੇ ਵਿਚਾਰਾਂ ਨੂੰ ਗੁਰਬਾਣੀ ਦੇ ਪ੍ਰਮਾਣ ਦੇ ਕੇ ਸਪੱਸ਼ਟ ਕੀਤਾ ਹੈ ਤੇ ਕੋਸ਼ਿਸ਼ ਕੀਤੀ ਹੈ ਕਿ ਜਿੱਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਪੰਕਤੀ ਆਈ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਨਾਲ ਸੋਧ ਕੇ ਛਾਪੀ ਜਾਵੇ। ਇਹ ਪ੍ਰਥਮ ਸਟੀਕ ਹੈ ਜਿਸ ਵਿਚ ਟੀਕਾ, ਉਥਾਨਕਾ ਅਤੇ ਵਿਆਖਿਆ ਤੋਂ ਇਲਾਵਾ ਨਿਰੁਕਤ ਬਾਰੇ ਦੱਸਿਆ ਹੈ ਅਤੇ ਮੂਲ ਪਾਠ ਪਦ-ਛੇਦ ਕਰ ਕੇ ਲਿਖਿਆ ਗਿਆ ਹੈ।

੧੧. ਪ੍ਰਿੰ. ਤੇਜਾ ਸਿੰਘ (*ਸ਼ਬਦਾਰਥ,* ਚਾਰ ਭਾਗ) :

ਪ੍ਰਿੰ. ਤੇਜਾ ਸਿੰਘ ਦਾ ਸਾਰਾ ਜੀਵਨ ਸਖ਼ਤ ਮਿਹਨਤ ਅਤੇ ਘਾਲਣਾ ਵਾਲਾ ਰਿਹਾ ਹੈ। ਆਪ ਨੇ ਵਿੱਦਿਅਕ, ਸਾਹਿਤਕ, ਧਾਰਮਿਕ, ਪੰਥਕ ਅਤੇ ਸਮਾਜਿਕ ਜੀਵਨ ਪੱਖਾਂ ਤੋਂ ਸਤਿਕਾਰਯੋਗ ਕਾਰਜ ਕੀਤੇ। ਆਪ ਦੀ ਪ੍ਰਤਿਭਾ ਬਹੁ-ਪੱਖੀ ਵਿਸ਼ਾਲਤਾ ਵਾਲੀ ਸੀ। ਆਪ ਸਾਹਿਤ-ਰਸੀਏ ਹੋਣ ਦੇ ਨਾਲ-ਨਾਲ ਕੁਸ਼ਲ ਸਾਹਿਤ-ਸਿਰਜਕ ਵੀ ਸਨ। ਆਪ ਨੇ ਆਪਣੀ ਸਿਰਜਕ ਪ੍ਰਤਿਭਾ ਨੂੰ ਸਿੱਖ ਸੱਭਿਆਚਾਰ ਨੂੰ ਉਜਾਗਰ ਕਰਨ ਵਿਚ, ਗੁਰਬਾਣੀ ਦੀ ਵਿਆਖਿਆ ਕਰਨ ਵਿਚ ਅਤੇ ਸਿੱਖ ਇਤਿਹਾਸ ਦੇ ਪੁਨਰ-ਨਿਰਮਾਣ ਵਿਚ ਲਗਾਇਆ। ਪਰ ਆਪ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਕਰਨ ਦਾ ਆਪਣਾ ਸੁਪਨਾ ਪੂਰਾ ਨਹੀਂ ਕਰ ਸਕੇ।[੮] ਸ਼ਬਦਾਰਥ ਰੂਪੀ ਟੀਕੇ ਦੀ ਸ਼ੁਰੂਆਤ ੨੬ ਮਈ, ੧੯੩੬ ਈ. ਅਤੇ ਸੰਪੂਰਨਤਾ ੧੫

ਸਤੰਬਰ ੧੯੪੧ ਈ. ਨੂੰ ਹੋਈ। ਵਿਆਖਿਆ ਦੇ ਖੇਤਰ ਵਿਚ ਸ਼ਬਦਾਰਥ ਇੱਕ ਪ੍ਰਸਿੱਧ ਰਚਨਾ ਹੈ। ਇਹ ਸੈਂਚੀ ਰੂਪ ਵਿਚ ਇੱਕ ਤਰ੍ਹਾਂ ਦਾ ਕੋਸ਼ ਹੈ, ਜਿਸ ਵਿਚ ਵਿਆਕਰਨ, ਵਿਆਖਿਆ, ਟੀਕਾ ਅਤੇ ਸਟੀਕ ਦਾ ਮਿਸ਼ਰਨ ਹੈ। ਇਸ ਦੀ ਭੂਮਿਕਾ ਵਿਚ ਲਿਖੇ ਸ਼ਬਦ ਕਿ, "ਬਾਣੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ ਇਸ ਦੀ ਲਿਖ਼ਤ ਖਾਸ ਕਰਕੇ ਸ਼ਬਦਾਂਤਿਕ ਲਗਾਂ-ਮਾਤਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਨੂੰ ਨਹੀਂ ਹੋ ਸਕਦਾ, ਪਰ ਬਾਣੀ ਨੂੰ ਅਭਿਆਸ ਨਾਲ ਪੜ੍ਹਨ ਨਾਲ ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਵਹਾਉ ਕਿਸ ਪਾਸੇ ਚਲਦਾ ਹੈ। ਬਾਣੀ ਬੇਨਿਯਮੀ ਨਹੀਂ ਲਿਖੀ ਹੋਈ, ਕਿਸੇ ਨਾ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ ਸਦੀਆਂ ਦੀ ਅਣਗਹਿਲੀ ਪਿੱਛੋਂ ਲੱਭਣਾ ਬਹੁਤ ਮੁਸ਼ਕਿਲ ਹੋ ਗਿਆ ਹੈ, ਪਰ ਫਿਰ ਵੀ ਸਾਰਾ ਯਤਨ ਨਿਰਾਰਥ ਨਹੀਂ ਜਾਂਦਾ, ਕੁਝ ਨਾ ਕੁਝ ਪੱਲੇ ਪੈ ਹੀ ਜਾਂਦਾ ਹੈ।"[੯]

ਸ਼ਬਦਾਰਥ ਵਿਚ ਖੱਬੇ ਪਾਸੇ ਮੂਲ ਪਾਠ ਅਤੇ ਸਾਹਮਣੇ ਸੱਜੇ ਪਾਸੇ ਸੰਬੰਧਿਤ ਔਖੇ ਜਾਂ ਅਪ੍ਰਚਲਿਤ ਸ਼ਬਦਾਂ ਦੇ ਸੰਕੇਤਾਂ ਦੇ ਪ੍ਰਸੰਗ ਅਨੁਸਾਰ ਢੁੱਕਵੇਂ ਅਰਥ ਦਿੱਤੇ ਗਏ ਹਨ ਤੇ ਨਾਲ ਹੀ ਅੰਕ ਵੀ ਦਿੱਤਾ ਹੈ। ਫੁਟ-ਨੋਟਾਂ ਵਿਚ ਵੀ ਇਤਿਹਾਸਿਕ, ਸਿਧਾਂਤਕ, ਦਾਰਸ਼ਨਿਕ ਪੱਖਾਂ ਬਾਰੇ ਭਰਪੂਰ ਜਾਣਕਾਰੀ ਦਰਜ ਹੈ। ਇਸ ਤੋਂ ਇਲਾਵਾ ਕੁਝ ਖਾਸ ਬਾਣੀਆਂ ਦੇ ਸਮੁੱਚੇ ਭਾਵ ਵੀ ਲਿਖੇ ਹਨ। ਸਧਾਰਨ ਪਾਠਕ ਲਈ ਇਹ ਟੀਕਾ ਬਹੁਤ ਹੀ ਸੁਖੈਲਾ ਅਤੇ ਆਸਾਨ ਹੈ, ਕਿਉਂਕਿ ਇਸ ਦੀ ਭਾਸ਼ਾ ਸ਼ੁੱਧ ਠੇਠ ਟਕਸਾਲੀ ਪੰਜਾਬੀ ਹੈ।

ਡਾ. ਗੁਰਮੇਲ ਸਿੰਘ ਲਿਖਦੇ ਹਨ— "ਸ਼ਬਦ ਅਰਥ ਦੇਣ ਸਮੇਂ ਟਿੱਪਣੀਆਂ ਦੇ ਦੋ ਭਾਗ ਕੀਤੇ ਗਏ ਹਨ ਜਿਨ੍ਹਾਂ ਨੂੰ ਸ਼ਬਦਾਰਥਕਾਰਾਂ ਨੇ ਨੋਟਾਂ (ਟਿੱਪਣੀਆਂ) ਤੇ ਫੁੱਟ ਨੋਟਾਂ (ਪਦ-ਟਿੱਪਣੀਆਂ) ਦਾ ਨਾਂ ਦਿੱਤਾ ਹੈ। ਨੋਟਾਂ (Notes) ਨੂੰ ਗੁਰਮੁਖੀ ਦੇ ਅੰਕਾਂ ਰਾਹੀਂ ਦਰਸਾਇਆ ਗਿਆ ਹੈ ਅਤੇ ਇਹ ਦੋ ਕਾਲਮਾਂ ਵਿਚ ਹਨ, ਜਦਕਿ 'ਫੁਟ ਨੋਟਾਂ' (Foot Notes) ਨੂੰ ਚਿੰਨ੍ਹਾਂ ਰਾਹੀਂ। ਫੁਟ ਨੋਟਾਂ ਵਿਚ '-', '॥' ਚਿੰਨ੍ਹ ਵਰਤੇ ਗਏ ਹਨ, ਜਿਨ੍ਹਾਂ ਦਾ ਵਰਤੇ ਗਏ ਕ੍ਰਮਨੁਸਾਰ ਵੇਰਵਾ ਇਸ ਤਰ੍ਹਾਂ ਹੈ: *, +, ॥, (), ঃ, ঃঃ, ? ? ਆਦਿ।"[੧੦] ਡਾ. ਗੁਰਨੇਕ ਸਿੰਘ ਦਾ ਮੰਨਣਾ ਹੈ ਕਿ ਸ਼ਬਦਾਰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਤਰਤੀਬ ਨੂੰ ਕਾਇਮ ਰੱਖਿਆ ਗਿਆ ਹੈ ਤਾਂ ਕਿ ਪਵਿੱਤਰ ਗ੍ਰੰਥ ਨੂੰ ਜਿਉਂ ਦਾ ਤਿਉਂ ਇਸ ਦੇ ਮੌਲਿਕ ਰੂਪ ਵਿਚ ਕਾਇਮ ਰੱਖਿਆ ਜਾ ਸਕੇ।[੧੧]

ਗਿਆਨੀ ਹਰਿਬੰਸ ਸਿੰਘ ਅਨੁਸਾਰ— "ਪ੍ਰੋਫੈਸਰ ਸ਼੍ਰੇਣੀ ਨੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਸਿੱਖ ਜਗਤ ਨੂੰ ਸਭ ਤੋਂ ਵੱਡੀ ਦੇਣ ਦਿੱਤੀ ਹੈ, ਉਹ ਟੀਕਾਕਾਰੀ ਦੇ ਮਾਰਗ ਵਿਚ ਮਦਦ ਦੇਣ ਲਈ ਸਭ ਤੋਂ ਮੁਹਰਲੀ ਕਤਾਰ ਵਿਚ ਹੈ, ਕਿਉਂਕਿ ਉਹ

ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫ਼ੈਸਰ ਨਾਰਾਇਣ ਸਿੰਘ ਅਤੇ ਬਾਵਾ ਹਰਿਕ੍ਰਿਸ਼ਨ ਸਿੰਘ ਵਰਗੇ ਉੱਚ-ਕੋਟੀ ਦੇ ਵਿਦਵਾਨਾਂ ਨੇ ਕਰੜੀ ਘਾਲਣਾ ਕਰ ਕੇ ਤਿਆਰ ਕੀਤਾ। ਜੇ ਇਹ ਵਿਦਵਾਨ ਮੰਡਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕਰ ਜਾਂਦੀ ਤਾਂ ਸ਼ਾਇਦ ਹੀ ਕੋਈ ਵਿਦਵਾਨ ਇਸ ਪੱਧਰ ਤੋਂ ਉੱਚਾ ਕੰਮ ਕਰਨ ਲਈ ਅੱਗੇ ਆਉਂਦਾ। "[੧੨]

੧੨. ਸ. ਮਨਮੋਹਨ ਸਿੰਘ ਐਡਵੋਕੇਟ (*ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗਰੇਜ਼ੀ ਤੇ ਪੰਜਾਬੀ ਅਨੁਵਾਦ*, ਅੱਠ ਭਾਗ) :

ਇਸ ਸਟੀਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਪਹਿਲੀ ਵਾਰ ੧੯੬੨ ਅਤੇ ੧੯੮੭ ਵਿਚ ਤੀਜੀ ਵਾਰ ਇਸ ਨੂੰ ਛਪਾਇਆ ਗਿਆ। ਟੀਕੇ ਦੇ ਕੁੱਲ ੪੭੪੯ ਪੰਨੇ ਹਨ। ਮੂਲ ਪਾਠ ਦੇ ਨਾਲ-ਨਾਲ ਅੰਗਰੇਜ਼ੀ ਅਤੇ ਪੰਜਾਬੀ ਵਿਚ ਸੁਖੈਨ ਵਿਆਖਿਆ ਕੀਤੀ ਗਈ ਹੈ। ਨਿਰੁਕਤ, ਸਿਧਾਂਤ, ਵਿਆਕਰਨ, ਕਥਾ, ਇਤਿਹਾਸ ਆਦਿ ਪੱਖਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਅਤੇ ਮੂਲ ਪਾਠ ਦੇ ਔਖੇ ਸ਼ਬਦਾਂ ਉੱਪਰ ਅੰਕ ਦੇ ਕੇ ਉਹੀ ਅੰਕ ਅੰਗਰੇਜ਼ੀ ਅਤੇ ਪੰਜਾਬੀ ਦੇ ਅਰਥਾਂ ਉੱਤੇ ਦਿੱਤੇ ਹਨ।

੧੩. ਦਾਦਾ ਲਕਸ਼ਮਣ ਚੇਲਾ ਰਾਮ (ਪੰਜ ਭਾਗ) :

ਇਸ ਸਟੀਕ ਨੂੰ ਪੰਜ ਭਾਗਾਂ ਵਿਚ ਵੰਡ ਕੇ ਅਨੁਵਾਦ ਕੀਤਾ ਹੈ। ਇਕ ਪਾਸੇ ਮੂਲ ਪਾਠ ਅਤੇ ਉਸ ਦੇ ਸਾਹਮਣੇ ਪੰਜਾਬੀ ਵਿਚ ਵਿਆਖਿਆ ਕੀਤੀ ਹੈ। ਪਹਿਲੀ ਸੈਂਚੀ ਦੇ ਅਰੰਭ ਪੰਨਾ (੧-੧੧੮) ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਸੰਖੇਪ ਜਾਣ-ਪਛਾਣ ਤੋਂ ਇਲਾਵਾ ਇਸ ਦੀ ਸੰਗ੍ਰਹਿ ਵਿਧੀ ਅਤੇ ਬਾਣੀ-ਕ੍ਰਮ ਨੂੰ ਦਰਸਾਇਆ ਹੈ। ਗੁਰ ਬੰਸਾਵਲੀ, ੩੬ ਬਾਣੀਕਾਰ ਤੇ ਉਨ੍ਹਾਂ ਦੇ ਰਚਨਾ-ਕਾਲ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਦਾ ਬਿਉਰਾ ਦਿੱਤਾ ਗਿਆ ਹੈ। ਪੰਨਾ ੧੧੯ ਤੋਂ ੧੨੩ ਤਕ 'ਜਪ-ਇਕ ਪਰਿਚੈ' ਸਿਰਲੇਖ ਅਧੀਨ ਬਾਣੀ ਦੀ ਮਹੱਤਤਾ ਦਰਸਾਈ ਗਈ ਹੈ। ਪਹਿਲੀ ਸੈਂਚੀ (੧-੨੯੬) ਤਕ (ਜਪੁ, ਸੋਦਰੁ, ਸੋਹਿਲਾ, ਸਿਰੀ ਰਾਗ, ਮਾਂਝ ਰਾਗ, ਗਉੜੀ ਰਾਗ) ਦਰਜ ਹੈ। ਦੂਸਰੀ ਸੈਂਚੀ (੨੯੭-੫੯੪) ਵਿਚ ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ ਤੇ ਵਡਹੰਸ ਰਾਗ ਹਨ। ਤੀਜੀ ਸੈਂਚੀ (੫੯੫-੮੭੫) ਵਿਚ ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਬਿਲਾਵਲ ਤੇ ਗੋਂਡ ਰਾਗ ਦਰਜ ਹਨ। ਚੌਥੀ ਸੈਂਚੀ (੮੭੬-੧੧੬੭) ਵਿਚ ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ ਤੇ ਭੈਰਵ ਰਾਗ ਦਰਜ ਹਨ। ਅਖੀਰਲੇ ਭਾਗ (੧੧੬੮-੧੪੩੦) ਵਿਚ ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ ਰਾਗ, ਸਲੋਕ ਸਹਸਕ੍ਰਿਤੀ ਮਹਲਾ ੧, ਸਲੋਕ ਸਹਸਕ੍ਰਿਤੀ ਮਹਲਾ ੫, ਗਾਥਾ, ਫੁਨਹੇ ਮਹਲਾ ੫,

ਚਉਬੋਲੇ ਮਹਲਾ ੫, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਸਵਈਏ ਸ੍ਰੀ ਮੁਖਬਾਕ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯, ਮੁੰਦਾਵਣੀ ਮਹਲਾ ੫ ਅਤੇ ਰਾਗਮਾਲਾ ਦੀ ਵਿਆਖਿਆ ਦਰਜ ਹੈ।

੧੪. ਡਾ. ਰਤਨ ਸਿੰਘ ਜੱਗੀ (*ਅਰਥ ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਜ ਭਾਗ) :

ਇਸ ਸਟੀਕ ਦਾ ਢਾਂਚਾ ਸ਼ਬਦਾਰਥ ਦੇ ਅੱਠਵੇਂ ਸੰਸਕਰਣ ਨਾਲ ਮਿਲਦਾ-ਜੁਲਦਾ ਹੈ। ਗੁਰਬਾਣੀ ਪਾਠ ਦੇ ਸਾਹਮਣੇ ਅਰਥ ਦਰਜ ਹਨ। ਅਰਥ ਸੁਖੈਨ ਤੇ ਸਪੱਸ਼ਟ ਰੂਪ ਵਿਚ ਹਨ ਤਾਂ ਜੋ ਪਾਠਕਾਂ ਨੂੰ ਆਸਾਨੀ ਨਾਲ ਸਮਝ ਆ ਸਕਣ। ਬਰੈਕਟਾਂ ਵਿਚ ਕੁਝ ਸਿੱਧੇ ਅਤੇ ਟੇਢੇ ਅਰਥਾਂ ਨੂੰ ਲਿਖਿਆ ਹੈ। ਆਮ ਵਰਤੋਂ ਵਾਲੇ ਸੰਕਲਪਿਤ ਸ਼ਬਦਾਂ ਦੇ ਵਾਰ-ਵਾਰ ਅਰਥ ਕਰਨ ਨਾਲੋਂ ਉਨ੍ਹਾਂ ਸ਼ਬਦਾਂ ਦੇ ਹਰੇਕ ਭਾਗ ਦੇ ਅੰਤ ਉੱਤੇ ਸ਼ਬਦਾਵਲੀ ਨੂੰ ਦਰਜ ਕੀਤਾ ਹੈ। ਤਤਕਰੇ ਵਿਚ ਟੀਕੇ ਦੇ ਪੰਨਿਆਂ ਨੂੰ ਅੰਗਰੇਜ਼ੀ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕਾਂ ਨੂੰ ਗੁਰਮੁਖੀ ਵਿਚ ਦਰਜ ਕੀਤਾ ਹੈ।

੧੫. ਸਾਹਿਬ ਸਿੰਘ, ਚਰਨ ਸਿੰਘ ਅਤੇ ਡਾ. ਅਜੀਤ ਸਿੰਘ ਔਲਖ (*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,* ੪ ਭਾਗ) :

ਉਪਰੋਕਤ ਸਟੀਕ ਨੂੰ ਤਿੰਨ ਟੀਕਾਕਾਰਾਂ ਵੱਲੋਂ ਸੰਪੂਰਨ ਕੀਤਾ ਗਿਆ ਹੈ, ਜਿਵੇਂ ਸਾਹਿਬ ਸਿੰਘ, ਚਰਨ ਸਿੰਘ ਅਤੇ ਡਾ. ਅਜੀਤ ਸਿੰਘ ਔਲਖ। ਪਹਿਲੇ ਭਾਗ ਵਿਚ ਗਉੜੀ ਰਾਗ ਤਕ (੧-੩੪੬) ਦੀ ਵਿਆਖਿਆ ਦਰਜ ਹੈ। ਸਟੀਕ ਦੇ ਅਰੰਭ ਵਿਚ ਸਾਰੇ ਬਾਣੀਕਾਰਾਂ ਦਾ ਸੰਖੇਪ ਵੇਰਵਾ ਅਤੇ ਬਾਣੀ ਦਰਜ ਕਰਨ ਉਪਰੰਤ, ਰਾਗਾਂ, ਵਾਰਾਂ ਆਦਿ ਦੀ ਜਾਣਕਾਰੀ ਦਿੱਤੀ ਗਈ ਹੈ। ਮੂਲ ਪਾਠ ਦੇ ਕੇ ਹੇਠਾਂ ਉਸ ਦੀ ਵਿਆਖਿਆ ਨੂੰ ਦਰਜ ਕੀਤਾ ਗਿਆ ਹੈ ਅਤੇ ਕਿਤੇ-ਕਿਤੇ ਖਾਸ ਜਾਣਕਾਰੀ ਨੂੰ ਬਰੈਕਟ ਵਿਚ ਦਰਜ ਕੀਤਾ ਗਿਆ ਹੈ।

੧੬. ਡਾ. ਰਤਨ ਸਿੰਘ ਜੱਗੀ (*ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ* ਅੱਠ ਭਾਗ) :

ਡਾ. ਰਤਨ ਸਿੰਘ ਜੱਗੀ ਇਕ ਉੱਚ-ਕੋਟੀ ਦੇ ਰਚਨਾਕਾਰ ਤੇ ਵਿਆਖਿਆਕਾਰ ਹਨ। ਸਿਰਲੇਖ ਅਨੁਸਾਰ ਇਸ ਸਟੀਕ ਵਿਚ ਉਨ੍ਹਾਂ ਹਰੇਕ ਸ਼ਬਦ ਦੇ ਭਾਵ-ਅਰਥ ਨੂੰ ਸਪੱਸ਼ਟ ਕੀਤਾ ਹੈ। ਆਪ ਜੀ ਸਭ ਤੋਂ ਪਹਿਲਾਂ ਮੂਲ ਪਾਠ ਦੇਣ ਉਪਰੰਤ ਪਦ ਅਰਥ, ਅਰਥ ਅਤੇ ਭਾਵ ਅਰਥ ਦਿੰਦੇ ਹਨ ਤੇ ਬਰੈਕਟ ਦੁਆਰਾ ਇੱਕ ਸ਼ਬਦ ਦੇ ਇੱਕ ਤੋਂ ਵੱਧ ਅਰਥ ਪ੍ਰਗਟਾਉਂਦੇ ਹਨ। ਕਿਤੇ-ਕਿਤੇ 'ਵਿਸ਼ੇਸ਼' ਸਿਰਲੇਖ ਦੁਆਰਾ ਕੋਈ ਮਹੱਤਵਪੂਰਨ ਗੱਲ ਵੀ ਬਿਆਨਦੇ ਹਨ। ਜਿਵੇਂ : "ਸਲੋਕ 'ਗੁਰਦੇਵ ਮਾਤਾ ਗੁਰਦੇਵ ਪਿਤਾ' ਸ਼ਬਦ ਦੇ ਅੰਤ ਵਿਚ 'ਵਿਸ਼ੇਸ਼' ਦਰਜ ਕਰਦੇ ਹਨ ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੬੧ ਉੱਤੇ ਵੀ ਦਰਜ ਹੈ।"[੧੩]

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਨਾਲ ਸੰਬੰਧਿਤ ਟੀਕੇ ਜਾਂ ਅਨੁਵਾਦ ਦੇ ਰੂਪ ਵਿਚ ਕਾਫ਼ੀ ਕਾਰਜ ਪ੍ਰਾਪਤ ਹੋਇਆ ਹੈ। ਵਿਆਖਿਆਕਾਰਾਂ ਵੱਲੋਂ ਹਰੇਕ ਟੀਕੇ ਵਿਚ ਕੁਝ ਨਾ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਕਿਉਂਕਿ ਹਰੇਕ ਟੀਕਾਕਾਰ ਦੇ ਅਨੁਭਵ ਦਾ ਘੇਰਾ ਇੱਕ ਦੂਜੇ ਨਾਲੋਂ ਵੱਖਰਾ ਹੁੰਦਾ ਹੈ।

ਸ੍ਰੀ ਗੁਰੂ ਸਾਹਿਬ ਜੀ ਦਾ ਕੋਈ ਵੀ ਟੀਕਾ ਅੰਤਿਮ ਨਹੀਂ ਕਿਹਾ ਜਾ ਸਕਦਾ, ਕਿਉਂਕਿ ਹਰੇਕ ਟੀਕਾਕਾਰ ਯਤਨ ਹੀ ਕਰ ਸਕਦਾ ਹੈ ਜਿਵੇਂ-ਜਿਵੇਂ ਕਿਸੇ ਦੀ ਬੁੱਧੀ ਦਾ ਘੇਰਾ ਵਿਸ਼ਾਲ ਹੁੰਦਾ ਜਾਵੇਗਾ ਉਸੇ ਤਰ੍ਹਾਂ ਉਹ ਅਰਥਾਂ ਦੀ ਗਹਿਰਾਈ ਵਿਚ ਚੁੱਭੀ ਮਾਰੇਗਾ ਤੇ ਇਸੇ ਪ੍ਰਕਾਰ ਨਵੇਂ ਟੀਕੇ ਰਚਨ ਦੀ ਸੰਭਾਵਨਾ ਵੀ ਬਣੀ ਰਹੇਗੀ।

ਹਵਾਲੇ


੪. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ : ਕੁਝ ਦ੍ਰਿਸ਼ਟੀਕੋਣ*, ਤੀਜੀ ਪੰਜਾਬੀ ਵਿਕਾਸ ਕਾਨਫਰੰਸ, ੧੯੮੪, ਪੰਨਾ ੧੭੮

੫. ਡਾ. ਬਲਕਾਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ: ਦਸੰਬਰ ੧੯੯੧, ਪੰਨਾ ੧੫੭

੬. ਹਰਨਾਮ ਸਿੰਘ ਸ਼ਾਨ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ* : ਇਕ ਆਲੋਚਨਾਤਮਕ ਅਧਿਐਨ ਤੇ ਸਰਵੇਖਣ-ਸੈਂਤੀ ਤਸਵੀਰੀ ਉਤਾਰਿਆਂ ਸਹਿਤ, ਪੰਨਾ ੯੪

੭. ਡਾ. ਬਲਬੀਰ ਸਿੰਘ (ਸੰਪਾ.), *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਈ ਵੀਰ ਸਿੰਘ, ਭੂਮਿਕਾ, ਪੰਨੇ ੳ-ਅ

੮. ਰਵਿੰਦਰ ਸਿੰਘ (ਸੰਧੂ) (ਡਾ.), *ਆਧੁਨਿਕ ਕਾਲ ਵਿਚ ਗੁਰਬਾਣੀ ਵਿਆਖਿਆ*, ਪੰਨਾ ੯੨

੯. ਪ੍ਰਿੰ. ਤੇਜਾ ਸਿੰਘ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਭੂਮਿਕਾ, ਪੰਨਾ ਅ

੧੦. ਗੁਰਮੇਲ ਸਿੰਘ (ਡਾ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ : ਇਤਿਹਾਸ ਤੇ ਮੁਲੰਕਣ*, ਪੰਨਾ ੩੦

੧੧. ਗੁਰਨੇਕ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼, ਗੁਰਮਤਿ ਪ੍ਰਕਾਸ਼*, ਪੰਨਾ ੧੧੪

੧੨. ਡਾ. ਬਲਕਾਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਗਿਆਨੀ ਹਰਿਬੰਸ ਸਿੰਘ ਨਿਰਣੈਕਾਰ, ਟੀਕਾਕਾਰ ਦਾ ਮਾਰਗ ਤੇ ਮਾਰਗੀ, ਦਸੰਬਰ, ੧੯੯੧, ਪੰਨਾ ੧੯

੧੩. ਰਤਨ ਸਿੰਘ ਜੱਗੀ (ਡਾ.), *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਗ ੨, ਪੰਨਾ ੮੩੯


■

# ਸਦ-ਜਾਗਤ ਸ਼ਖ਼ਸੀਅਤ : ਭਾਈ ਕਾਨ੍ਹ ਸਿੰਘ ਨਾਭਾ

*-ਡਾ. ਰੂਪ ਸਿੰਘ**

ਭਗਤ ਕਬੀਰ ਜੀ ਪਾਵਨ ਗੁਰਬਾਣੀ 'ਚ ਉਪਦੇਸ਼ ਕਰਦੇ ਹਨ ਕਿ ਮਨੁੱਖ ਨੂੰ ਸੰਸਾਰ 'ਤੇ ਐਸੇ ਬੀਜ-ਬੀਜਣੇ, ਕਾਰਜ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਹਰ ਸਮੇਂ, ਸਾਲ ਭਰ ਫੁੱਲ, ਫ਼ਲ ਫਲਦੇ-ਫੁਲਦੇ ਰਹਿਣ ਅਤੇ ਜਿਨ੍ਹਾਂ ਦੀ ਸੰਘਣੀ ਠੰਡੀ ਛਾਂ ਹੋਵੇ, ਫ਼ਲ ਮਿੱਠੇ ਹੋਣ ਤੇ ਪੰਛੀ ਉਨ੍ਹਾਂ 'ਤੇ ਕੇਲਾਂ ਕਰਨ:

*ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥*
*ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੬)*

ਮਨੁੱਖ ਸੰਸਾਰ 'ਤੇ ਅਜਿਹੇ ਬੀਜ, ਬੀਜ ਸਕੇ ਕਿ ਨਾ, ਪਰ ਅਕਾਲ ਪੁਰਖ ਵਾਹਿਗੁਰੂ ਸੰਸਾਰ 'ਤੇ ਅਜਿਹੀਆਂ ਦਾਨਸ਼ਵਰ ਸ਼ਖ਼ਸੀਅਤਾਂ ਜ਼ਰੂਰ ਭੇਜਦਾ ਹੈ, ਜਿਨ੍ਹਾਂ ਦੀ ਕੀਤੀ ਕਮਾਈ ਤੇ ਕਾਰਜਾਂ 'ਤੇ ਬਹੁ-ਗਿਣਤੀ ਨੂੰ ਹਮੇਸ਼ਾ ਨਿਰਭਰ ਹੋਣਾ ਪੈਂਦਾ ਹੈ। ਪੰਜਾਬੀ ਤੇ ਗੁਰਮਤਿ ਸਾਹਿਤ ਦਾ ਸਦ-ਜਾਗਤ ਦੀਪ ਹੈ, ਭਾਈ ਕਾਨ੍ਹ ਸਿੰਘ ਨਾਭਾ। ਪੰਜਾਬ, ਪੰਜਾਬੀ ਤੇ ਗੁਰਮਤਿ ਸਾਹਿਤ ਬਾਰੇ ਪੜ੍ਹਨ, ਲਿਖਣ ਤੇ ਬੋਲਣ ਵਾਲੇ ਹਰ ਲੇਖਕ ਨੂੰ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਕਿਰਤਾਂ ਨੂੰ ਪੜ੍ਹਨਾ ਹੀ ਪੈਂਦਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਉਨ੍ਹਾਂ ਦੀਆਂ ਅਮਰ ਲਿਖਤਾਂ ਤੋਂ ਪ੍ਰਤੱਖ ਪ੍ਰਗਟ ਹੁੰਦੀ ਹੈ। ਸੱਚਮੁਚ ਗੁਰਮਤਿ ਤੇ ਪੰਜਾਬੀ ਸਾਹਿਤ ਨੂੰ ਅਜਿਹੇ ਹੀ ਚੇਤਨ ਚਿੰਤਕ ਦੀ ਲੋੜ ਸੀ, ਜਿਸ ਸਮੇਂ ਭਾਈ ਕਾਨ੍ਹ ਸਿੰਘ ਨਾਭਾ ਪੈਦਾ ਹੋਏ। ਜੇਕਰ ਕਹਿ ਲਿਆ ਜਾਏ ਕਿ ਗੁਰਮਤਿ ਸਾਹਿਤ ਦੀ ਸੂਝ-ਸਮਝ, ਮੂਲ ਜਾਣਕਾਰੀ ਲਈ ਅਸੀਂ ਭਾਈ ਸਾਹਿਬ ਦੀਆਂ ਰਚਨਾਵਾਂ 'ਤੇ ਨਿਰਭਰ ਹਾਂ ਤਾਂ ਇਹ ਗ਼ਲਤ ਨਹੀਂ ਹੋਵੇਗਾ।

ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ੩੦ ਅਗਸਤ, ੧੮੬੧ ਈ. ਵਿਚ ਮਾਤਾ ਹਰਿ ਕੌਰ ਤੇ ਪਿਤਾ ਸ. ਨਾਰਾਇਣ ਸਿੰਘ ਦੇ ਘਰ ਪਿੰਡ ਸਬਜ ਬਨੇਰਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ 'ਚ ਹੋਇਆ। ਇਨ੍ਹਾਂ ਦੇ ਪਿਤਾ ਜੀ ਪ੍ਰਸਿੱਧ ਇਤਿਹਾਸਿਕ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਗ੍ਰੰਥੀ ਦੇ ਰੂਪ 'ਚ ਪ੍ਰਬੰਧਕ ਸਨ। ਇਨ੍ਹਾਂ ਬਾਲਪਨ 'ਚ ਬਾਵਾ ਕਲਿਆਣ ਦਾਸ ਤੇ ਭਾਈ ਰੂਪ ਸਿੰਘ ਤੋਂ ਕ੍ਰਮਵਾਰ ਸੰਸਕ੍ਰਿਤ ਤੇ ਗੁਰਮਤਿ ਸਾਹਿਤ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ। ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਨ ਲਈ ਇਨ੍ਹਾਂ ਵਿਚ ਓੜਕਾਂ ਦੀ ਜਗਿਆਸਾ ਸੀ, ਜਿਸ ਸਦਕਾ ਇਨ੍ਹਾਂ ਨੇ ਦਿੱਲੀ, ਲਖਨਊ, ਲਾਹੌਰ ਆਦਿ ਪ੍ਰਮੁੱਖ ਸ਼ਹਿਰਾਂ 'ਚ ਜਾ ਕੇ ਉਰਦੂ, ਫ਼ਾਰਸੀ ਅਤੇ

**ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। E-mail: sikhscholar@gmail.com*

ਅੰਗਰੇਜ਼ੀ ਭਾਸ਼ਾਵਾਂ ਸਿੱਖੀਆਂ ਹੀ ਨਹੀਂ, ਸਗੋਂ ਇਨ੍ਹਾਂ 'ਚ ਪ੍ਰਬੀਨਤਾ ਪ੍ਰਾਪਤ ਕੀਤੀ।

ਪੰਜਾਬੀ, ਉਰਦੂ, ਫ਼ਾਰਸੀ, ਅੰਗਰੇਜ਼ੀ, ਸੰਸਕ੍ਰਿਤ ਤੇ ਹਿੰਦੀ ਭਾਸ਼ਾਵਾਂ ਦਾ ਗਿਆਨ ਭਾਈ ਕਾਨ੍ਹ ਸਿੰਘ ਨੇ ਬਾਲ ਵਰੇਸ ਤੋਂ ਸ਼ੁਰੂ ਕਰਕੇ ਜਵਾਨੀ ਦੀ ਅਵਸਥਾ ਤੀਕ ਪ੍ਰਾਪਤ ਕਰ ਲਿਆ। ਦੋ ਧਰਮ-ਪਤਨੀਆਂ ਦੇ ਕਾਲ-ਵੱਸ ਹੋ ਜਾਣ ਕਾਰਨ ਇਨ੍ਹਾਂ ਨੂੰ ਤੀਸਰਾ ਵਿਆਹ ਕਰਾਉਣਾ ਪਿਆ। ਤੀਸਰੀ ਪਤਨੀ ਤੋਂ ੧੮੯੨ ਈ. 'ਚ ਇਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਂ ਭਗਵੰਤ ਸਿੰਘ 'ਹਰੀ ਜੀ' ਸੀ। ਫ਼ਰਜ਼ਸ਼ਨਾਸੀ, ਉਦਾਰਤਾ, ਸਮੇਂ ਦੀ ਪਾਬੰਦੀ, ਫ਼ੈਸਲਾ ਕਰਕੇ ਉਸ 'ਤੇ ਅਮਲ ਕਰਨ ਦੀ ਸਮਰੱਥਾ ਭਾਈ ਸਾਹਿਬ ਦੀ ਸ਼ਖ਼ਸੀਅਤ ਦੇ ਅਨਿੱਖੜਵੇਂ ਅੰਗ ਸਨ।

ਭਾਈ ਕਾਨ੍ਹ ਸਿੰਘ ਦੇ ਨਾਂ ਨਾਲ 'ਨਾਭਾ' ਸ਼ਬਦ ਨਾਭਾ ਰਿਆਸਤ ਵਿਚ ਕਈ ਪੱਖਾਂ ਤੋਂ ਕਾਰਜਸ਼ੀਲ ਰਹਿਣ ਕਰਕੇ ਜੁੜਿਆ। ਇਨ੍ਹਾਂ ਦੀ ਬਾਲ ਵਰੇਸ ਨਾਭੇ ਦੀਆਂ ਗਲੀਆਂ 'ਚ ਬਤੀਤ ਹੋਈ, ਫਿਰ ਮੁਢਲੀ ਵਿੱਦਿਆ ਵੀ ਇੱਥੋਂ ਹੀ ਪ੍ਰਾਪਤ ਕੀਤੀ। ਇਸ ਤਰ੍ਹਾਂ 'ਨਾਭਾ' ਸ਼ਬਦ ਭਾਈ ਕਾਨ੍ਹ ਸਿੰਘ ਜੀ ਦੀ ਜਨਮ ਤੇ ਕਰਮ-ਭੂਮੀ ਹੋਣ ਕਰਕੇ ਇਨ੍ਹਾਂ ਦੇ ਨਾਂ ਨਾਲ ਸਦੀਵ ਕਾਲ ਲਈ ਜੁੜ ਗਿਆ। ਜਦ ਭਾਈ ਸਾਹਿਬ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਬੀਨਤਾ ਪ੍ਰਾਪਤ ਕਰ ਨਾਭੇ ਪਰਤੇ ਤਦ ਤਕ ਨਾਭਾ-ਪਤੀਆਂ ਦੀਆਂ ਪਾਰਖੂ ਅੱਖਾਂ 'ਚ ਆ ਚੁੱਕੇ ਸਨ। ਇਨ੍ਹਾਂ ਦੀ ਵਿੱਦਿਅਕ ਯੋਗਤਾ, ਫ਼ੈਸਲਾ ਕਰਨ ਦੀ ਸਮਰੱਥਾ, ਸਮੇਂ ਦੀ ਪਾਬੰਦੀ ਆਦਿ ਗੁਣਾਂ ਨੂੰ ਦੇਖਦਿਆਂ ਇਨ੍ਹਾਂ ਨੂੰ ਨਾਭਾ ਰਿਆਸਤ 'ਚ ਵੱਖ-ਵੱਖ ਪਦਵੀਆਂ 'ਤੇ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ। ਹਰ ਸੇਵਾ ਸਮੇਂ ਇਨ੍ਹਾਂ ਆਪਣੀ ਸੂਝ-ਸਮਝ ਤੇ ਸਮਰੱਥਾ ਦਾ ਲੋਹਾ ਮੰਨਵਾਇਆ। ਵੱਖ-ਵੱਖ ਪਦਵੀਆਂ 'ਤੇ ਕੀਤੇ ਕਾਰਜਾਂ ਬਾਰੇ ਅਸੀਂ ਸਮੇਂ, ਸਥਾਨ ਦੀ ਪਾਬੰਦੀ ਕਾਰਨ ਵਿਸਥਾਰ ਵਿਚ ਨਹੀਂ ਲਿਖ ਸਕਦੇ। ਕੇਵਲ ਮੁੱਢਲੀ ਜਾਣਕਾਰੀ ਵਜੋਂ ਵਿਸ਼ੇਸ਼ ਸੇਵਾਵਾਂ ਦਾ ਹੀ ਜ਼ਿਕਰ ਕਰਾਂਗੇ, ਸੂਝਵਾਨ ਪਾਠਕ ਅਹੁਦਿਆਂ ਦੀ ਮਹੱਤਤਾ ਤੋਂ ਖ਼ੁਦ ਅੰਦਾਜ਼ਾ ਲਗਾ ਲੈਣਗੇ। ਭਾਈ ਕਾਨ੍ਹ ਸਿੰਘ ਨੂੰ ੧੮੮੪ ਈ. ਵਿਚ ਕੇਵਲ ੨੩ ਸਾਲ ਦੀ ਆਯੂ 'ਚ ਨਾਭਾ-ਪਤੀ ਮਹਾਰਾਜਾ ਹੀਰਾ ਸਿੰਘ ਨੇ ਆਪਣਾ ਮੁਸਾਹਿਬ ਤੇ ਸਲਾਹਕਾਰ ਲਾਇਆ। ੧੮੮੮ ਈ. ਵਿਚ ਮਹਾਰਾਜਾ ਹੀਰਾ ਸਿੰਘ ਦੇ ਸਹਿਜ਼ਾਦੇ ਕੰਵਰ ਰਿਪੁਦਮਨ ਸਿੰਘ ਦੇ ਉਸਤਾਦ ਨਿਯੁਕਤ ਹੋਏ ਅਤੇ ੧੮੯੩ ਈ. 'ਚ ਮਹਾਰਾਜਾ ਹੀਰਾ ਸਿੰਘ ਨੇ ਇਨ੍ਹਾਂ ਨੂੰ ਨਿੱਜੀ ਸਕੱਤਰ ਨਿਯੁਕਤ ਕਰ ਲਿਆ। ੧੮੯੫ ਈ. ਸਿਟੀ ਮੈਜਿਸਟਰੇਟ ਨਾਭਾ ਤੇ ਨਹਿਰਾਂ ਦੇ ਅਫ਼ੀਸਰ ਇੰਚਾਰਜ ਨਿਯੁਕਤ ਹੋਏ। ੧੮੯੬ ਈ.'ਚ ਡਿਪਟੀ ਕਮਿਸ਼ਨਰ ਜ਼ਿਲ੍ਹਾ ਫੂਲ ਬਣਨ ਦਾ ਸਤਿਕਾਰ ਭਾਈ ਕਾਨ੍ਹ ਸਿੰਘ ਜੀ ਨਾਭਾ ਨੂੰ ਹਾਸਲ ਹੋਇਆ।

ਭਾਈ ਸਾਹਿਬ ਨੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ੧੯੦੬ ਈ. ਵਿਚ ਪਹਾੜੀ ਰਿਆਸਤਾਂ ਅਤੇ ਕਾਬਲ ਦਾ ਭ੍ਰਮਣ ਕੀਤਾ। ਰਿਆਸਤ ਨਾਭਾ ਦੇ ਮਾਮਲੇ ਸਬੰਧੀ ੧੯੦੮ ਈ. 'ਚ ਉਹ ਪਹਿਲੀ ਵੇਰ ਵਲਾਇਤ ਫੇਰੀ 'ਤੇ

ਗਏ ਅਤੇ ਦੂਸਰੀ ਵਾਰ ਭਾਈ ਸਾਹਿਬ ਨੇ ੧੯੧੦ ਈ. ਵਿਚ ਟਿੱਕਾ ਸਾਹਿਬ ਨਾਭਾ ਦੇ ਗਾਰਡੀਅਨ ਵਜੋਂ ਵਲਾਇਤ ਦੀ ਯਾਤਰਾ ਕੀਤੀ। ੧੯੦੮ ਈ. 'ਚ ਹੀ ਰਾਇਲ ਏਸ਼ੀਅਨ ਸੁਸਾਇਟੀ ਲੰਡਨ ਦੇ ਮੈਂਬਰ ਬਣੇ ਅਤੇ ੧੯੧੧ ਈ.'ਚ ਨਾਭਾ ਰਿਆਸਤ ਦੇ ਵਿਦੇਸ਼ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ। ੧੯੧੨ ਈ. 'ਚ ਭਾਈ ਕਾਨ੍ਹ ਸਿੰਘ ਜੀ ਨਾਭਾ ਰਿਆਸਤ ਦੀ ਹਾਈਕੋਰਟ ਦੇ ਜੱਜ ਨਿਯੁਕਤ ਹੋਏ।

ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਥਾਪਤੀ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ 'ਚੋਂ ਬੁੱਤ ਹਟਾਉਣ, ਖਾਲਸਾ ਦੀਵਾਨ ਨਾਭਾ ਦੀ ਸਥਾਪਤੀ, 'ਖਾਲਸਾ-ਪੰਥ ਦੀ ਹਕੀਕਤ' ਮੁਕੱਦਮੇ ਵਿਚ ਪ੍ਰਮੁੱਖ ਗਵਾਹੀ, ਸਿੰਘ ਸਭਾ ਮਸੂਰੀ ਦੀ ਪ੍ਰਧਾਨਗੀ, ਗੁਰਦੁਆਰਾ ਮਾਲ ਟੇਕਰੀ (ਨਾਂਦੇੜ) ਦੇ ਮੁਕੱਦਮੇ ਦੀ ਗਵਾਹੀ, ਸਿੱਖ ਐਜੂਕੇਸ਼ਨ ਕਾਨਫਰੰਸ ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ, ਧਾਰਮਿਕ ਸਲਾਹਕਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਸਲਾਹਕਾਰ, ਯੰਗਮੈਂਨਜ਼ ਸਿੱਖ ਐਸੋਸੀਏਸ਼ਨ ਸ਼ਿਮਲਾ ਦੀ ਪ੍ਰਧਾਨਗੀ (੧੯੩੩-੩੮) ਆਦਿ ਪ੍ਰਬੰਧਕੀ, ਪ੍ਰਸ਼ਾਸਕੀ ਕੰਮਾਂ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਸਫ਼ਲਤਾ ਸਹਿਤ ਸੰਪੂਰਨ ਕੀਤਾ। ਮਿਸਟਰ ਮੈਕਾਲਫ਼ ਦੇ ਸਲਾਹਕਾਰ ਵਜੋਂ ਇਤਿਹਾਸ ਲਿਖਣ 'ਚ ਇਤਿਹਾਸਿਕ ਮਦਦ ਤੋਂ ਇਲਾਵਾ ਵਿਸ਼ੇਸ਼ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਰੀਦਕੋਟੀ ਟੀਕੇ ਦੀ ਸੁਧਾਈ ਦਾ ਇਤਿਹਾਸਿਕ/ਧਾਰਮਿਕ ਕਾਰਜ, ਸੱਚਮੁਚ ਅਦਭੁਤ ਕਰਾਮਾਤੀ ਕਾਰਜ ਹਨ ਜੋ ਭਾਈ ਕਾਨ੍ਹ ਸਿੰਘ ਜੀ ਨਾਭਾ ਪਾਸੋਂ ਕਰਤਾ ਪੁਰਖ ਨੇ ਕਰਵਾਏ।

ਭਾਈ ਸਾਹਿਬ ਗੁਰਮਤਿ ਤੇ ਪੰਜਾਬੀ ਸਾਹਿਤ ਦੇ ਅਜਿਹੇ ਉੱਘੇ ਚੇਤਨ ਚਿੰਤਕ ਸਨ ਜੋ ਕਿਸੇ ਜਾਣਕਾਰੀ ਦੇ ਮੁਥਾਜ ਨਹੀਂ। ਅੱਖਰ ਗਿਆਨ ਦਾ ਧਾਰਨੀ ਹਰ ਪਾਠਕ ਤੇ ਲੇਖਕ ਉਨ੍ਹਾਂ ਦੇ ਨਾਂ ਤੇ ਕੰਮ ਤੋਂ ਬਾਖ਼ੂਬੀ ਵਾਕਫ਼ ਹੈ। ਵਿਸ਼ੇਸ਼ ਕਾਰਜ ਉਨ੍ਹਾਂ ਪਾਸੋਂ ਵਾਹਿਗੁਰੂ ਨੇ ਇਹ ਕਰਵਾਇਆ ਕਿ ਉਨ੍ਹਾਂ ਦੀਆਂ ਪ੍ਰਾਪਤ ਸਾਰੀਆਂ ਸਾਹਿਤਕ ਕਿਰਤਾਂ ਪੰਜਾਬੀ ਤੇ ਗੁਰਮਤਿ ਸਾਹਿਤ ਦੇ ਪਾਠਕ-ਚਿੰਤਕ ਤੇ ਲੇਖਕ ਹਵਾਲੇ ਵਜੋਂ ਵਰਤਦੇ ਹਨ। ਪੰਜਾਬੀ ਸਾਹਿਤ ਦੀ ਅਮੀਰੀ ਨੂੰ ਉਤਸ਼ਾਹਿਤ ਕਰਨ ਲਈ ਕਾਵਿ-ਸ਼ਾਸਤਰ ਤੇ ਵਿਆਕਰਣ ਦੇ ਗੁਰ ਅਥਵਾ ਸੂਤ੍ਰ ਉਨ੍ਹਾਂ ਨੇ ਉਚੇਚ ਕਰਕੇ ਲਿਖੇ। 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਦੇ ਕਰਤਾ ਵਜੋਂ ਉਨ੍ਹਾਂ ਦੀ ਮਿਹਨਤ ਕੋਸ਼ਕਾਰੀ ਦੇ ਖੇਤਰ 'ਚ ਮੀਲ-ਪੱਥਰ ਸਾਬਤ ਹੋਈ ਅਤੇ ਉਨ੍ਹਾਂ ਦੀ ਪਹਿਚਾਣ ਵਿਸ਼ਵ ਪੱਧਰ 'ਤੇ ਸਥਾਪਿਤ ਹੋਈ। ਗੁਰਮਤਿ ਸਾਹਿਤ ਦੀ ਸਿਰਜਣਾ ਉਹ ਆਖ਼ਰੀ ਸਾਹਾਂ ਤੀਕ ਸਰਲਤਾ ਤੇ ਸਪੱਸ਼ਟਤਾ ਨਾਲ ਕਰਦੇ ਰਹੇ। ਪੰਜਾਬੀ, ਗੁਰਮਤਿ ਸਾਹਿਤ ਤੋਂ ਇਲਾਵਾ ਉਹ ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾ ਦੇ ਵੀ ਸਥਾਪਿਤ ਵਿਦਵਾਨ ਚਿੰਤਕ ਸਨ।

ਸਿੱਖ ਕੋਸ਼ਕਾਰੀ ਖੇਤਰ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਅੱਜ ਵੀ ਸਿਖ਼ਰ 'ਤੇ ਹੈ। ਇਸ ਲੇਖ ਦਾ ਮਨੋਰਥ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ, ਦਰਸ਼ਨ ਤੇ ਸਾਹਿਤਕ

ਸੇਵਾਵਾਂ ਦਾ ਮੁਲੰਅਕਣ ਕਰਨਾ ਨਹੀਂ, ਕੇਵਲ ਤੇ ਕੇਵਲ ਉਨ੍ਹਾਂ ਦੇ ਜਨਮ ਦਿਨ 'ਤੇ ਸ਼ਰਧਾ-ਸਤਿਕਾਰ ਭੇਟ ਕਰਨਾ ਹੈ। ਇੱਥੇ ਕੇਵਲ ਅਸੀਂ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਸਾਹਿਤਕ ਕਿਰਤਾਂ ਬਾਰੇ ਅਤਿ ਸੰਖੇਪ 'ਚ ਹੀ ਵਿਚਾਰ ਕਰ ਸਕਦੇ ਹਾਂ। ਪੰਜਾਬੀ ਤੇ ਗੁਰਮਤਿ ਸਾਹਿਤ ਨੂੰ ਭਾਈ ਸਾਹਿਬ ਦੀ ਸਭ ਤੋਂ ਵਡਮੁੱਲੀ ਤੇ ਇਤਿਹਾਸਿਕ ਦੇਣ ਹੈ : 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਤੇ 'ਗੁਰਮਤਿ ਮਾਰਤੰਡ' (ਦੋ ਭਾਗ)। 'ਮਹਾਨਕੋਸ਼' ਭਾਈ ਸਾਹਿਬ ਦੇ ਚਿੰਤਨ, ਸਿਦਕ ਤੇ ਸਿਰੜ ਦੀ ਸਿਖਰ ਹੈ ਜੋ ੨੦ ਮਈ, ੧੯੧੨ ਨੂੰ ਅਰੰਭ ਹੋ ਕੇ ੬ ਫਰਵਰੀ, ੧੯੨੬ ਨੂੰ ੧੪ ਸਾਲ ਦੀ ਨਿਰੰਤਰ ਮਿਹਨਤ ਨਾਲ ਸੰਪੂਰਨ ਹੋਇਆ, ਪਰ ਇਸ ਨੂੰ ਪ੍ਰਕਾਸ਼ਿਤ ਕਰਨ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਇਹ ਇਕ ਵੱਖਰੀ ਦਾਸਤਾਨ ਹੈ। ਇਸ ਗ੍ਰੰਥ ਬਾਰੇ ਇਹ ਕਹਿ ਸਕਦੇ ਹਾਂ ਇਹ ਗੁਰਬਾਣੀ, ਗੁਰਮਤਿ ਵਿਚਾਰਧਾਰਾ, ਸਿੱਖ ਸਾਹਿਤ, ਇਤਿਹਾਸ ਨਾਲ ਸੰਬੰਧਿਤ, ਪੰਜਾਬੀ ਸਾਹਿਤ ਦਾ ਪਹਿਲਾ ਕੋਸ਼ਕਾਰੀ ਕਾਰਜ ਤੇ ਹਵਾਲਾ ਗ੍ਰੰਥ ਹੈ, ਜਿਸ ਦਾ ਅੱਜ ਤੀਕ ਕੋਈ ਬਦਲ ਨਹੀਂ। ਅਸੀਂ ਉਨ੍ਹਾਂ ਵਿਦਵਾਨਾਂ, ਸਾਹਿਤਕਾਰਾਂ, ਲੇਖਕਾਂ, ਸਾਹਿਤ-ਪ੍ਰੇਮੀਆਂ ਨੂੰ ਵੀ ਸ਼ਰਧਾ ਭੇਟ ਕਰਦੇ ਹਾਂ ਜਿਨ੍ਹਾਂ ਨੇ ਇਸ ਗ੍ਰੰਥ ਨੂੰ ਤਿਆਰ ਕਰਨ ਤੇ ਪ੍ਰਕਾਸ਼ਿਤ ਕਰਨ ਵਿਚ ਕਿਸੇ ਵੀ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਮਦਦ ਕੀਤੀ।

ਭਾਈ ਕਾਨ੍ਹ ਸਿੰਘ ਜੀ ਦੀ ਦੂਸਰੀ ਅਮਰ ਕਿਰਤ ਹੈ : 'ਗੁਰਮਤਿ ਮਾਰਤੰਡ' ਜਿਸ ਨੂੰ ਦੋ ਭਾਗਾਂ ਵਿਚ ਪ੍ਰਕਾਸ਼ਿਤ ਕਰਨ ਦੀ ਸੇਵਾ ਸ਼੍ਰੋਮਣੀ ਸਿੱਖ ਸੰਸਥਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਕਰ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਇਤਿਹਾਸਿਕ ਕਾਰਜ ੧੯੬੨ ਈ. 'ਚ ਭਾਈ ਸਾਹਿਬ ਦੇ ਅਕਾਲ ਚਲਾਣੇ ਤੋਂ ੨੪ ਸਾਲ ਬਾਅਦ ਅਰੰਭ ਕੀਤਾ ਜੋ ਨਿਰੰਤਰ ਜਾਰੀ ਹੈ। 'ਗੁਰਮਤਿ ਮਾਰਤੰਡ' ਕੋਸ਼ ਨਹੀਂ, ਗੁਰਮਤਿ ਸਾਹਿਤ ਦਾ ਸੰਦਰਭ ਗ੍ਰੰਥ ਹੈ, ਜਿਸ ਵਿਚ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਅੱਖ਼ਰ-ਕ੍ਰਮ ਅਨੁਸਾਰ ਵਿਸਥਾਰ ਸਹਿਤ ਅੰਕਿਤ ਕੀਤਾ ਗਿਆ ਹੈ। ਇਸ ਵਿਚ ਸ਼ਬਦਾਂ, ਸੰਕਲਪਾਂ, ਵਿਕਲਪਾਂ, ਸਿੱਖ ਜੀਵਨ-ਜਾਚ, ਰਹਿਤ-ਨਾਮੇ, ਸੰਸਕਾਰ, ਸਿੱਖ ਰਹਿਤ ਮਰਯਾਦਾ, ਰੀਤੀਆਂ, ਕੁਰੀਤੀਆਂ ਆਦਿ ਦਾ ਬਾਖ਼ੂਬੀ ਵਰਣਨ ਪਾਵਨ ਗੁਰਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਦੀਆਂ ਰਚਨਾਵਾਂ ਤੋਂ ਇਲਾਵਾ ਭਾਰਤੀ ਇਤਿਹਾਸ-ਮਿਥਿਹਾਸ ਦੇ ਹਵਾਲਿਆਂ ਸਹਿਤ ਕੀਤਾ ਹੈ। 'ਗੁਰਮਤਿ ਮਾਰਤੰਡ' ਨੂੰ ਤਿਆਰ ਕਰਨ ਲਈ ਲੱਗਭਗ ੩੦ ਸਿੱਖ ਸੰਦਰਭ ਗ੍ਰੰਥਾਂ, ਪੁਸਤਕਾਂ ਦੀ ਸਹਾਇਤਾ ਭਾਈ ਸਾਹਿਬ ਨੇ ਪ੍ਰਾਪਤ ਕੀਤੀ ਹੈ। ਗੁਰਮਤਿ ਵਿਚਾਰਧਾਰਾ, ਸਿੱਖ-ਸਿਧਾਂਤਾਂ, ਸਿੱਖ ਰਹਿਤ ਮਰਯਾਦਾ ਤੇ ਸਿੱਖ ਇਤਿਹਾਸ ਦੀ ਸਮਝ ਵਾਸਤੇ ਇਹ ਗ੍ਰੰਥ ਸਿੱਖ ਧਰਮ ਦੇ ਹਰ ਪਾਠਕ- ਲੇਖਕ ਨੂੰ ਪੜ੍ਹਨਾ ਚਾਹੀਦਾ ਹੈ। ਇਸ ਦੇ ਪੜ੍ਹਨ ਨਾਲ 'ਸਿੱਖੀ' ਦੀ ਸੂਝ, ਸਮਝ ਤੇ ਸਪੱਸ਼ਟਤਾ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ ਦੀ

ਪੁਸਤਕ 'ਹਮ ਹਿੰਦੂ ਨਹੀਂ' ਸਭ ਤੋਂ ਵੱਧ ਚਰਚਾ 'ਚ ਰਹੀ ਤੇ ਰਹੇਗੀ। ਇਹ ਪੁਸਤਕ ਨਿਰਮਲ ਸਿੱਖ ਸਿਧਾਂਤਾਂ, ਵਿਚਾਰਧਾਰਾ, ਹੋਂਦ-ਹਸਤੀ, ਪਹਿਚਾਣ ਤੇ ਵਿਲੱਖਣਤਾ ਨੂੰ ਸਪੱਸ਼ਟ ਕਰਦੀ ਹੈ। ਇਹ ਪੁਸਤਕ ਵਿਚਾਰ ਨਾਲ ਸਾਬਤ ਕਰਦੀ ਹੈ, ਕਿ ਸਿੱਖ ਵਿਚਾਰਧਾਰਾ, ਵਿਚਾਰ, ਵਿਵਹਾਰ ਕਰਕੇ ਵਿਲੱਖਣ ਤੇ ਵਿਸ਼ੇਸ਼ ਹੈ।

ਭਾਈ ਸਾਹਿਬ ਦੀ ਇਕ ਰਚਨਾ ਹੈ, 'ਸ਼ਰਾਬ ਨਿਸ਼ੇਧ' ਜਿਸ ਵਿਚ ਸ਼ਰਾਬ ਦੀ ਵਰਤੋਂ ਤੋਂ ਸਾਨੂੰ ਵਰਜਿਆ ਗਿਆ ਹੈ। ਇਸ ਪੁਸਤਕ ਵਿਚ ਸਿੱਖ ਧਰਮ, ਇਸਲਾਮ, ਈਸਾਈ ਆਦਿ ਧਰਮਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਹੈ, ਕਿ ਧਰਮੀ ਸਦਵਾਉਣ ਵਾਲਾ ਸ਼ਰਾਬ ਦਾ ਸੇਵਨ ਨਹੀਂ ਕਰ ਸਕਦਾ। ਪੰਜਾਬੀ ਤੇ ਗੁਰਮਤਿ ਸਾਹਿਤ ਨਾਲ ਸਿੱਧੇ-ਅਸਿੱਧੇ ਤੌਰ 'ਤੇ ਸੰਬੰਧਿਤ ਹੋਰ ਕਿਰਤਾਂ ਹਨ ਜਿਵੇਂ ਕਿ : 'ਗੁਰੁਛੰਦ ਦਿਵਾਕਰ', 'ਗੁਰੁ ਸ਼ਬਦਾਲੰਕਾਰ', 'ਸਦ ਦਾ ਪਰਮਾਰਥ', ਇਨ੍ਹਾਂ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਨ ਦੀ ਸੇਵਾ ਪਹਿਲੀ ਵਾਰ ਨਾਭਾ ਰਿਆਸਤ ਵੱਲੋਂ ਹੀ ਕੀਤੀ ਗਈ ਤੇ 'ਚੰਡੀ ਦੀ ਵਾਰ ਸਟੀਕ' ਦਾ ਪ੍ਰਕਾਸ਼ਨ ੧੯੩੫ ਈ. 'ਚ ਨਾਮਧਾਰੀ ਦਰਬਾਰ, ਭੈਣੀ ਸਾਹਿਬ, ਵੱਲੋਂ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਸਾਹਿਤਕ ਕਿਰਤਾਂ : 'ਰਾਜ ਧਰਮ', 'ਨਾਟਕ ਭਾਵਾਰਥ ਦੀਪਕਾ', 'ਟੀਕਾ ਜੈਮਿਨੀ ਅਸ੍ਵਮੇਧ', 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਕਰ', 'ਠੱਗ ਲੀਲ੍ਹਾ' ਆਦਿ ਪ੍ਰਮੁੱਖ ਹਨ। ਅਰੰਭਕ ਸਮੇਂ ਨੇ ਭਾਈ ਸਾਹਿਬ 'ਨਾਟਕ ਭਾਵਾਰਥ ਦੀਪਕਾ', 'ਸਮਸਯਾ ਪੂਰਤੀ' ਤੇ 'ਟੀਕਾ ਵਿਸ਼ਨੂੰ ਪੁਰਾਣ' ਵੀ ਤਿਆਰ ਕੀਤੇ।

ਗੁਰਮਤਿ ਸਾਹਿਤ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨੇ ਸਿਖਿਆਰਥੀਆਂ ਤੇ ਸਾਹਿਤ-ਪ੍ਰੇਮੀਆਂ ਦੀ ਸਹਾਇਤਾ ਵਾਸਤੇ ਕਵੀ ਨੰਦ ਦਾਸ ਵੱਲੋਂ ਤਿਆਰ ਕੀਤੇ, 'ਅਨੇਕਾਰਥ ਕੋਸ਼', 'ਨਾਮਮਾਲਾ ਕੋਸ਼' ਤੇ ਕਵੀ ਜੈ ਕਿਸ਼ਨ ਦਾਸ ਰਚਿਤ 'ਰੂਪਦੀਪ ਪਿੰਗਲ' ਦੀ ਸੁਧਾਈ ਤੇ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕਰਵਾਇਆ। ਉਕਤ ਰਚਨਾਵਾਂ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਸਫ਼ਰਾਂ ਸਮੇਂ ਆਪਣੇ ਪਰਵਾਰ ਨੂੰ ਲਿਖੇ ਪੱਤਰਾਂ ਨੂੰ ਵੀ ਉਨ੍ਹਾਂ ਦੇ ਪੋਤ-ਨੂੰਹ ਡਾ. ਰਛਪਾਲ ਕੌਰ ਨੇ ਸੰਪਾਦਿਤ ਕਰ ਕੇ 'ਭਾਈ ਕਾਨ੍ਹ ਸਿੰਘ ਨਾਭਾ' ਦੇ 'ਅਣ-ਪ੍ਰਕਾਸ਼ਤ ਸਫ਼ਰਨਾਮੇ' ਦੇ ਨਾਂ ਹੇਠ ਪ੍ਰਕਾਸ਼ਿਤ ਕਰਵਾ ਕੇ ਇਤਿਹਾਸਿਕ ਕਾਰਜ ਕੀਤਾ ਹੈ।

ਸਦ-ਖੇੜੇ ਤੇ ਵਿਗਾਸ 'ਚ ਵਿਚਰਨ, ਹਾਜ਼ਰ-ਜੁਆਬ ਭਾਈ ਸਾਹਿਬ, ਭਾਈ ਕਾਨ੍ਹ ਸਿੰਘ ਨਾਭਾ ਸਰੀਰ ਤੇ ਸੁਭਾਅ ਕਰਕੇ ਬੜੇ ਨਿਰਮਲ ਸਾਫ਼- ਸੁਥਰੇ ਸਰਲ ਤੇ ਸਪੱਸ਼ਟ ਸਨ। ਉਹ ਹਰ ਤਰ੍ਹਾਂ ਦੁਬਿਧਾ-ਦੁਰਗੰਧ, ਗੰਦਗੀ ਤੇ ਵਿਚਾਰ-ਆਚਾਰ, ਵਿਵਹਾਰ ਦੀ ਮਲੀਨਤਾ ਤੋਂ ਹਮੇਸ਼ਾਂ ਦੂਰ ਰਹੇ। ਉਨ੍ਹਾਂ ਦੀ ਸ਼ਖ਼ਸੀ-ਸ਼ਖ਼ਸੀਅਤ ਬੜੀ ਨਿੱਖ਼ਰੀ ਹੋਈ ਸੀ। ਸਰੀਰਕ ਸਾਫ਼-ਸਫਾਈ ਵਾਸਤੇ ਜਿੱਥੇ, ਸਾਫ਼ ਵਾਤਾਵਰਣ 'ਚ ਹੀ ਰਹਿਣਾ ਪਸੰਦ ਕਰਦੇ ਅਤੇ ਬਸਤਰਾਂ ਦੀ ਨਿਰਮਲਤਾ ਬਾਰੇ ਵੀ ਬਹੁਤ ਸੁਚੇਤ ਸਨ। ਕਿਸੇ ਵੀ ਤਰ੍ਹਾਂ ਦਾ ਗੰਧਲਾ-ਪਨ ਉਨ੍ਹਾਂ ਨੂੰ ਪਸੰਦ ਨਹੀਂ ਸੀ, ਭਾਵੇਂ ਵਿਚਾਰਾਂ ਦਾ ਹੋਵੇ ਜਾਂ ਉਹ ਵਾਤਾਵਰਣ ਦਾ। ਉਸ

ਸਮੇਂ ਵੀ ਉਹ ਪਾਣੀ ਪੁਣਿਆ ਹੋਇਆ ਨਿਰਮਲ ਤੇ ਸ਼ੁੱਧ ਹੀ ਪੀਂਦੇ ਸਨ। ਤਨ-ਮਨ ਤੇ ਵਿਚਾਰ ਕਰਕੇ ਭਾਈ ਕਾਨ੍ਹ ਸਿੰਘ ਨਾਭਾ, ਸੁਤੰਤਰ ਸਿੱਖ ਸੋਚ ਦੇ ਧਾਰਨੀ ਸਨ। ਉਹ ਸਦਾ ਸੁਤੰਤਰ ਸਿੱਖ ਸੋਚ, ਸੁਤੰਤਰ ਜੀਵਨ ਤੇ ਰਹਿਤ ਦੇ ਧਾਰਨੀ ਰਹੇ। ਨਿਰਮਲ ਸੋਚ, ਨਿਰਮਲ ਜੀਵਨ-ਜਾਚ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਗੰਧਲੇਪਨ ਤੋਂ ਨਫ਼ਰਤ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਜਾਗਣ, ਸੌਣ, ਸੈਰ ਕਰਨ, ਖਾਣ-ਪੀਣ ਤੇ ਕੰਮ ਕਰਨ ਦਾ ਸਮਾਂ ਨਿਸ਼ਚਿਤ ਸੀ। ਉਨ੍ਹਾਂ ਸਮੇਂ ਦਾ ਹਮੇਸ਼ਾਂ ਸਦ-ਉਪਯੋਗ ਕੀਤਾ।

ਕਹਿਣੀ ਤੇ ਕਰਨੀ ਦੇ ਸੂਰਮੇ, ਸਰਦਾਰ ਬਹਾਦਰ, ਸਾਦਾ ਜੀਵਨ, ਸਦਾ ਵਿਗਾਸ 'ਚ ਵਿਚਰਨ ਵਾਲੀ ਸ਼ਖ਼ਸੀਅਤ, ਭਾਈ ਕਾਨ੍ਹ ਸਿੰਘ ਨਾਭਾ ਲੱਗਭਗ ੬੭ ਸਾਲ ਜੀਵਨ-ਯਾਤਰਾ ਸਫ਼ਲੀ ਕਰ, ਸਰੀਰ ਕਰਕੇ ੨੩ ਨਵੰਬਰ, ੧੯੩੮ ਈ. ਨੂੰ ਨਾਸ਼ਵਾਨ ਸੰਸਾਰ ਨੂੰ ਆਖਰੀ ਫਤਿਹ ਬੁਲਾ ਗਏ, ਪਰ ਭਾਈ ਸਾਹਿਬ ਜੀ ਸਦ-ਜੀਵਤ ਤੇ ਸਦ-ਜਾਗਤ ਹਨ ਆਪਣੀਆਂ ਅਮਰ-ਕਿਰਤਾਂ, ਅਚਾਰ-ਵਿਚਾਰ ਤੇ ਵਿਵਹਾਰ ਕਰਕੇ। ■

# ਅਣਕਹੀ ਪੀੜ-ਮਹਾਰਾਜਾ ਦਲੀਪ ਸਿੰਘ ਦੀ ਵਿਥਿਆ

*-ਸ. ਹਰਪ੍ਰੀਤ ਸਿੰਘ ਨਿਰਗੁਨ**

*ਝੁੱਲੇ ਬਰਬਾਦੀ ਦੇ ਝੱਖੜ, ਕਿੰਝ ਦੱਸਣ ਇਹ ਬੁੱਲੀਆਂ,*
*ਸਭ ਕੁਝ ਖੋਹ ਕੇ ਲੈ ਗਈਆਂ ਮੇਰਾ, ਇੰਝ ਹਨੇਰੀਆਂ ਝੁੱਲੀਆਂ।*
*ਦੱਸਾਂ ਕਿਸਨੂੰ ਆਪਣਾ ਦੁਖ ਮੈਂ, ਸਦਾ ਹੀ ਕੱਲ੍ਹਾ ਕੱਲ੍ਹਾ ਹਾਂ,*
*ਆਨ, ਸ਼ਾਨ, ਪਛਾਣ ਦੇ ਬਾਝੋਂ ਹੋ ਗਿਆ ਝੱਲਾ ਝੱਲਾ ਹਾਂ,*
*ਮਿਲੇ ਕੋਈ ਆਪਣਾ ਦੁਖ ਵੰਡਾਵੇ, ਤਾਂਘ 'ਚ ਅੱਖੀਆਂ ਖੁੱਲ੍ਹੀਆਂ,*
*ਸਭ ਕੁਝ ਖੋਹ ਕੇ ਲੈ ਗਈਆਂ ਮੇਰਾ, ਇੰਝ ਹਨੇਰੀਆਂ ਝੁੱਲੀਆਂ।*
*ਯਾਦਾਂ ਨੇ ਜੋ ਲਾਹੌਰ ਦੀਆਂ, ਸੌਣ ਨਹੀਓਂ ਦੇਂਦੀਆਂ,*
*ਗੂੰਜਾਂ ਨੇ ਜੋ ਜੈਕਾਰਿਆਂ ਦੀਆਂ, ਅੱਖ ਲਾਉਣ ਨਹੀਓਂ ਦੇਂਦੀਆਂ,*
*ਧੁੰਦਲੀਆਂ ਨੇ ਯਾਦਾਂ ਭਾਵੇਂ, ਪਰ ਰੂਹ ਦੇ ਵਿਚ ਘੁਲੀਆਂ,*
*ਸਭ ਕੁਝ ਖੋਹ ਕੇ ਲੈ ਗਈਆਂ ਮੇਰਾ, ਇੰਝ ਹਨੇਰੀਆਂ ਝੁੱਲੀਆਂ।*
*ਮਿਲ ਜਾਂਦਾ ਜੇ ਇੱਕ ਮੌਕਾ ਤਾਂ, ਮੈਂ ਫੇਰ ਨਿਸ਼ਾਨ ਝੁਲਾ ਦੇਂਦਾ,*
*ਸ਼ੇਰੇ-ਪੰਜਾਬ ਦੇ ਖ਼ੂਨ ਦੀ ਹੈ ਕੈਸੀ, ਤਾਸੀਰ ਮੈਂ ਵਿਖਾ ਦੇਂਦਾ,*
*ਜੋ ਸਮੇਂ ਨੇ ਦਿੱਤੀਆਂ ਭਾਗਾਂ ਸਿਰ, ਓ ਗੰਢਾਂ ਨਹੀਂ ਪਰ ਖੁੱਲੀਆਂ*
*ਸਭ ਕੁਝ ਖੋਹ ਕੇ ਲੈ ਗਈਆਂ ਮੇਰਾ, ਇੰਝ ਹਨੇਰੀਆਂ ਝੁੱਲੀਆਂ।* ■

**੧੭੦, ਰੋਸ਼ਨ ਵਿਹਾਰ ਕਾਲੋਨੀ, ਬਾਉਲੀ ਇੰਦਰਜੀਤ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੋ. +੯੧੯੮੧੪੨-੭੩੧੪੩*

# ਗੁਰਬਾਣੀ ਵਿਚ ਸੇਵਾ ਦਾ ਸੰਕਲਪ

*-ਡਾ. ਸੁਰਿੰਦਰ ਸਿੰਘ ਕੈਥਲ**

ਗੁਰਬਾਣੀ ਦੇ ਪ੍ਰਮੁੱਖ ਸਿਧਾਂਤਾਂ ਵਿਚ ਸੇਵਾ-ਭਾਵਨਾ ਦਾ ਸਥਾਨ ਪ੍ਰਮੁੱਖ ਹੈ ਤੇ ਇਸ ਦੀਆਂ ਪਰਤਾਂ ਦੀ ਮੌਜੂਦਗੀ ਕਿਸੇ ਨਾ ਕਿਸੇ ਰੂਪ ਵਿਚ ਸਮੁੱਚੀ ਗੁਰਬਾਣੀ-ਸੰਰਚਨਾ ਵਿਚ ਕਾਰਜਸ਼ੀਲ ਹੈ। ਇਸ ਦਾ ਪ੍ਰਮੁੱਖ ਕਾਰਨ ਇਸ ਸੰਕਲਪ ਦੀ ਵਿਵਹਾਰਕ ਕਾਰਜਸ਼ੀਲਤਾ ਹੈ, ਜੋ ਮਨੁੱਖਾ ਸਰੀਰ, ਆਤਮਾ ਤੇ ਮਨ ਨਾਲ ਅੰਤਰ ਸੰਬੰਧਿਤ ਹੈ। ਗੁਰਬਾਣੀ ਦਾ ਨੈਤਿਕ-ਵਿਧਾਨ ਸੇਵਾ ਦੇ ਸੰਕਲਪ ਉੱਪਰ ਉਸਾਰਿਆ ਹੋਇਆ ਹੈ, ਜਿਸ ਵਿੱਚੋਂ ਸਹਿਜ ਰੂਪ ਵਿਚ ਸਦਗੁਣ ਪੈਦਾ ਹੁੰਦੇ ਹਨ। ਮਾਨਵੀ ਸੇਵਾ, ਸਮਰਪਣ, ਤਿਆਗ, ਨਿਮਰਤਾ, ਦਇਆ, ਸੰਤੋਖ-ਸਬਰ, ਕੁਰਬਾਨੀ ਪ੍ਰੇਮ ਆਦਿ ਅਜਿਹੇ ਨੈਤਿਕ ਗੁਣ ਇਸ ਸੰਕਲਪ ਦਾ ਵਿਹਾਰਕ ਤੇ ਭਾਵਾਤਮਕ ਰੂਪ ਹਨ। ਇਨ੍ਹਾਂ ਦਾ ਸੁਮੇਲ ਹੀ 'ਸਚਿਆਰ' ਮਨੁੱਖ ਦੀ ਉਸਾਰੀ ਤੇ ਉੱਚਾ-ਸੁੱਚਾ ਵਿਅਕਤਿਤਵ ਹੈ, ਜੋ ਅੱਗੇ ਉਸ ਨੂੰ ਅੰਤਮ ਲਕਸ਼ ਦੀ ਪ੍ਰਾਪਤੀ ਦੀ ਸੋਝੀ ਕਰਾਉਂਦਾ ਹੈ। ਇਹੋ ਗੁਰਾਬਾਣੀ ਦਾ ਨੈਤਿਕ-ਸੰਸਾਰ ਹੈ।

ਸਿੱਖ ਸਭਿਆਚਾਰ ਵਿਚ ਨਿਸ਼ਕਾਮ ਸੇਵਾ-ਭਾਵਨਾ ਉੱਚੀ-ਸੁੱਚੀ ਮਾਨਸਿਕ ਅਵਸਥਾ ਦੀ ਸੂਚਕ ਹੈ। ਨਿਸ਼ਕਾਮ ਸੇਵਾ-ਭਾਵਨਾ ਤਨ-ਮਨ-ਧਨ ਰਾਹੀਂ ਮਨੁੱਖ ਨੂੰ ਨਿਮਰ ਬਣਾ ਕੇ ਨਾਕਾਰਤਮਕ ਬਿਰਤੀਆਂ ਨੂੰ ਮੂਲੋਂ ਖ਼ਤਮ ਕਰਦੀ ਹੈ। ਮਨੁੱਖ ਪ੍ਰਭੂ ਦਾ ਸੱਚਾ ਸੇਵਕ ਬਣ ਕੇ ਹਉਮੈਂ, ਵੈਰ-ਵਿਰੋਧ, ਦੁਸ਼ਮਣੀ, ਪਾਪ ਤੇ ਝੂਠ ਨੂੰ ਮਨ ਵਿੱਚੋਂ ਦੂਰ ਕਰਦਾ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੇਵਾ ਦਾ ਮਹਾਤਮ ਸਮਝਾਉਂਦੇ ਹੋਏ ਉਪਦੇਸ਼ ਦਿੰਦੇ ਹਨ:

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)*

ਸੇਵਾ-ਭਾਵਨਾ ਨੂੰ ਭਾਵੇਂ ਦੁਨੀਆ ਦੇ ਸਾਰੇ ਧਾਰਮਿਕ ਗ੍ਰੰਥਾਂ ਵਿਚ ਮਹੱਤਵ ਦਿੱਤਾ ਗਿਆ ਹੈ, ਪਰ ਗੁਰਬਾਣੀ ਵਿਚ ਸੇਵਾ-ਭਾਵਨਾ ਪ੍ਰਭੂ-ਪ੍ਰਾਪਤੀ ਲਈ ਇਕ ਪ੍ਰਮੁੱਖ ਅਧਿਆਤਮਿਕ ਕਰਮ ਹੈ। ਲੋੜਵੰਦਾਂ ਨਿਮਾਣਿਆਂ ਤੇ ਗ਼ਰੀਬਾਂ ਦੀ ਸੇਵਾ ਕਰਨਾ ਗੁਰਮਤਿ ਦਾ ਸੱਚਾ-ਸੁੱਚਾ ਅਸੂਲ ਹੈ। ਸਮੁੱਚੀ ਗੁਰਬਾਣੀ ਸੰਰਚਨਾ ਤੇ ਸਿੱਖ ਇਤਿਹਾਸ ਵਿਚ ਇਸ ਸਿਧਾਂਤ ਦਾ ਵਿਹਾਰਕ ਰੂਪ ਸਾਨੂੰ ਥਾਂ-ਥਾਂ 'ਤੇ ਨਜ਼ਰ ਆਉਂਦਾ ਹੈ।

ਗੁਰੂ ਸਾਹਿਬਾਨ ਨੇ ਸਮੁੱਚੀ ਲੋਕਾਈ ਨੂੰ ਪਹਿਲਾਂ ਆਪ ਸੇਵਕ ਬਣ ਕੇ ਮਨੁੱਖਤਾ ਤੇ ਲੋੜਵੰਦਾਂ ਦੀ ਨਿਸ਼ਕਮ ਸੇਵਾ ਕਰ ਕੇ ਇਹ ਸਿਖਾਇਆ ਕਿ ਮਨੁੱਖਤਾ ਦੀ ਸੇਵਾ

**ਮਕਾਨ ਨੰ. ੮੨੦, ਗਲੀ ਨੰ. ੮, ਦਰਸ਼ਨ ਸਿੰਘ ਨਗਰ, ਅਲੀਪੁਰ ਰੋਡ, ਪਟਿਆਲਾ— ੧੪੭੦੦੧; ਮੋ.੦੯੪੧੯੦-੭੩੧੨੨*

ਉੱਤਮ ਸੇਵਾ ਹੈ, ਇਸ ਨਾਲ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਿਸ਼ਕਾਮ ਸੇਵਾ-ਭਾਵਨਾ ਨੂੰ ਪ੍ਰਭੂ-ਪ੍ਰਾਪਤੀ ਦਾ ਮਾਰਗ ਦੱਸਦੇ ਹੋਏ ਮਨੁੱਖ ਮਾਤਰ ਨੂੰ ਉਪਦੇਸ਼ ਦਿੰਦੇ ਹਨ:

*-ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥*
*ਬਿਨੁ ਸੇਵਾ ਕਿਨੈ ਨ ਪਾਇਆ ਦੂਜੇ ਭਰਮਿ ਖੁਆਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੧)*

*-ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥*
*ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੩)*

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਆਪ ਸੇਵਾ ਵਿਚ ਪ੍ਰਣਾਏ ਹੋਏ ਸਨ। ਉਨ੍ਹਾਂ ਨੇ ਆਪਣੀ ਬਾਣੀ ਤੇ ਆਪਣੇ ਜੀਵਨ ਵਿਚ ਸੇਵਾ-ਭਾਵਨਾ ਨੂੰ ਪ੍ਰਮੁੱਖਤਾ ਦਿੱਤੀ, ਗੁਰੂ ਜੀ ਦਾ ਫੁਰਮਾਨ ਹੈ:

*ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥*
*ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮)*

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਨੂੰ ਉੱਚੀ ਮਾਨਸਿਕ ਸਥਿਤੀ ਨਾਲ ਜੋੜਦੇ ਹੋਏ ਮਨੁੱਖ ਨੂੰ ਉਪਦੇਸ਼ ਦਿੰਦੇ ਹਨ:

*-ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੪)*

ਸੇਵਕ ਨੂੰ ਆਪਣੇ ਇਸ਼ਟ 'ਤੇ ਪੂਰਨ ਭਰੋਸਾ ਹੁੰਦਾ ਹੈ। ਸੇਵਕ ਲਈ ਸਭ ਬਰਾਬਰ ਹਨ, ਕੋਈ ਜਾਤ-ਪਾਤ ਨਹੀਂ, ਕੋਈ ਦੁਸ਼ਮਣ ਨਹੀਂ, ਕੋਈ ਪਾਪ ਨਹੀਂ, ਬਸ ਮਨ ਵਿਚ ਪ੍ਰਭੂ ਜੋਤਿ ਵਸਦੀ ਹੈ ਤੇ ਸਾਰਾ ਪਾਸਾਰਾ ਹੀ ਉਸ ਦਾ ਰੂਪ ਨਜ਼ਰ ਆਉਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :

*ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ ॥*
*ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੨)*

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪ੍ਰਸੰਗ ਵਿਚ ਮਨੁੱਖ ਨੂੰ ਉਪਦੇਸ਼ ਦਿੰਦੇ ਹਨ:

*-ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੬)*

*-ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਕੋਲੋਂ ਵੀਹ ਰੁਪਏ ਲੈ ਕੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਜੋ ਸੇਵਾ ਕੀਤੀ, ਉਹ 'ਸੱਚੇ ਸੌਦੇ' ਦੀ ਪਵਿੱਤਰ ਪਰਿਭਾਸ਼ਾ ਸੀ। ਗੁਰੂ ਜੀ ਦੇ ਸਮੁੱਚੇ ਜੀਵਨ ਵਿਚ 'ਕਿਰਤ ਕਰਨੀ', 'ਨਾਮ ਜਪਣਾ' ਤੇ 'ਵੰਡ ਛਕਣਾ' ਵਰਗਾ ਵਡਮੁੱਲਾ ਵਿਹਾਰਕ ਸਿਧਾਂਤ ਸੇਵਾ-ਸੰਕਲਪ ਦੀ ਉੱਤਮ ਮਿਸਾਲ ਹੈ, ਜਿਸ 'ਤੇ ਸਮੁੱਚਾ ਸਿੱਖ ਸੱਭਿਆਚਾਰ ਉੱਸਰਿਆ ਹੋਇਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਪਣੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਤੀ ਸੇਵਾ-ਸਮਰਪਣ ਦੀ ਭਾਵਨਾ ਇੱਕ ਸੱਚੇ ਸੇਵਕ ਦੀ ਲਾਸਾਨੀ ਉਦਾਹਰਨ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਵਡੇਰੀ ਆਯੂ ਵਿਚ ਰੋਜ਼ਾਨਾ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਇਸ਼ਨਾਨ ਦੀ ਨਿਰੰਤਰ ਸੇਵਾ ਤੇ ਲੰਗਰ ਦੀ ਸੰਸਥਾ ਨੂੰ ਨਵਾਂ ਰੂਪ ਦੇਣਾ ਆਦਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਇੱਕ ਆਦਰਸ਼ਕ ਸੇਵਕ ਬਣ ਕੇ ਮਨੁੱਖਤਾ ਦੀ ਸੇਵਾ ਸ਼ਰਧਾ, ਪ੍ਰੇਮ ਤੇ ਸਮਰਪਣ ਨਾਲ ਕਰਨਾ, ਸ੍ਰੀ ਗੁਰੂ ਅਰਜਨ ਦੇਵ ਜੀ ਸੇਵਾ, ਕੁਰਬਾਨੀ, ਸਮਰਪਣ, ਧੀਰਜ, ਦਇਆ ਦੀ ਲਾਸਾਨੀ ਸ਼ਖ਼ਸੀਅਤ ਸਨ, ਇਸੇ ਕਰਕੇ ਅੱਜ ਸੰਸਾਰ ਉਨ੍ਹਾਂ ਨੂੰ 'ਸ਼ਹੀਦਾਂ ਦੇ ਸਿਰਤਾਜ' ਕਹਿ ਕੇ ਯਾਦ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਲਈ ਸੇਵਾ-ਭਾਵਨਾ ਨੂੰ ਅਧਿਆਤਮਿਕ ਪ੍ਰਾਪਤੀ ਦਾ ਮਹੱਤਵਪੂਰਨ ਸਾਧਨ ਦੱਸਦੇ ਹਨ:

*ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥*
*ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੮੩)*

ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ 'ਮੀਰੀ-ਪੀਰੀ ਦੇ ਸਿਧਾਂਤ' ਨਾਲ ਮਨੁੱਖਤਾ ਦੀ ਸੇਵਾ, ਸ੍ਰੀ ਗੁਰੂ ਹਰਿਰਾਇ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਲੋੜਵੰਦਾਂ, ਨਿਮਾਣਿਆਂ ਤੇ ਗ਼ਰੀਬਾਂ ਦੀ ਨਿਮਰ ਹੋ ਕੇ ਸੇਵਕ ਬਣ ਕੇ ਕੀਤੀ ਸੇਵਾ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਿਆਗ-ਭਾਵਨਾ, ਕੁਰਬਾਨੀ, ਮਨੁੱਖੀ ਪ੍ਰੇਮ ਨਾਲ ਆਪਾ ਵਾਰ ਕੇ ਕੀਤੀ ਸੇਵਾ, ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਬੰਸ ਵਾਰ ਕੇ ਕੀਤੀ ਮਨੁੱਖਤਾ ਦੀ ਸੇਵਾ, ਜਿਸ ਨੇ ਮਨੁੱਖਤਾ ਅੰਦਰ 'ਖਾਲਸੇ' ਦੀ ਸਿਰਜਣਾ ਨਾਲ 'ਨਿਰਭਉ' ਦੇ ਨਵੇਂ ਅਰਥ ਭਰੇ। ਜ਼ੁਲਮ ਤੇ ਜ਼ਾਬਰ ਦੇ ਟਾਕਰੇ ਲਈ ਨਿਮਾਣਿਆਂ, ਨਿਓਟਿਆਂ ਵਿਚ ਨਵਾਂ ਜੋਸ਼, ਨਵੀਂ ਰੂਹ, ਨਵੇਂ ਰੂਪ ਰਾਹੀਂ ਕੀਤੀ ਗਈ ਮਹਾਨ ਸੇਵਾ ਹੈ। ਅਜਿਹੀ ਨਿਸ਼ਕਾਮ ਸੇਵਾ ਦੀ ਸੰਸਾਰ ਦੇ ਇਤਿਹਾਸ ਵਿਚ ਮਿਸਾਲ ਮਿਲਣੀ ਅਸੰਭਵ ਹੈ। ਇਸ ਸੇਵਾ ਤੇ ਕੁਰਬਾਨੀ ਨੇ ਆਮ ਮਨੁੱਖ ਵਿਚ ਅਜਿਹੀ ਕ੍ਰਾਂਤੀਕਾਰੀ ਤੇ ਸ਼ਕਤੀਸ਼ਾਲੀ ਰੋਸ਼ਨੀ ਭਰ ਦਿੱਤੀ ਕਿ ਉਹ 'ਸਵਾ ਲਾਖ ਸੇ ਏਕ ਲੜਾਊਂ' ਦੀ ਸੰਸਾਰ ਦੇ ਇਤਿਹਾਸ ਵਿਚ ਲਾਸਾਨੀ ਮਿਸਾਲ ਬਣ ਗਿਆ। ਸਮੁੱਚਾ ਸਿੱਖ ਇਤਿਹਾਸ

ਕੁਰਬਾਨੀ, ਸੇਵਾ, ਸਮਰਪਣ ਦਇਆ ਤੇ ਪ੍ਰੇਮ ਦਾ ਇਤਿਹਾਸ ਹੈ, ਜਿਸ ਨੇ ਬੰਦ-ਬੰਦ ਕਟਵਾ ਕੇ, ਖੋਪਰੀਆਂ ਲੁਹਾ ਕੇ, ਆਰਿਆਂ ਨਾਲ ਚਿਰਵਾ ਕੇ, ਚਰਖੜੀਆਂ 'ਤੇ ਚੜ੍ਹ ਕੇ, ਆਪਣੇ ਬੱਚਿਆਂ ਦੇ ਟੁੱਕੜੇ ਝੋਲੀਆਂ ਵਿਚ ਪੁਆ ਕੇ ਵੀ ਸੀਅ ਨਹੀਂ ਕੀਤੀ, ਸਗੋਂ ਨਿਮਰ ਸੇਵਕ ਬਣ ਕੇ ਪ੍ਰਭੂ ਦਾ ਭਾਣਾ ਮੰਨਿਆ। ਇਹੋ ਕੌਮ ਦੀ ਕੌਮ ਪ੍ਰਤੀ ਸੇਵਾ-ਭਾਵਨਾ ਹੈ, ਜੋ ਹਮੇਸ਼ਾ ਸੰਸਾਰ ਦੀ ਸਮੁੱਚੀ ਲੋਕਾਈ ਲਈ 'ਸਰਬੱਤ ਦਾ ਭਲਾ' ਮੰਗਦੀ ਹੈ। ਇਹੋ ਸੇਵਾ ਤੇ ਸਮਰਪਣ ਨੇ ਲਹੂ ਭਿੱਜਾ ਵਿਲੱਖਣ ਇਤਿਹਾਸ ਸਿਰਜਿਆ।

ਸਿੱਖ ਇਤਿਹਾਸ ਵਿਚ ਅਜਿਹੇ ਸੇਵਕਾਂ ਸੂਰਬੀਰਾਂ ਦੀ ਗਿਣਤੀ ਵਰਣਨਯੋਗ ਤੇ ਬਹੁਤ ਲੰਮੀ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਮਨੀ ਸਿੰਘ ਜੀ, ਪੀਰ ਬੁੱਧੂ ਸ਼ਾਹ ਜੀ, ਬਾਬਾ ਦੀਪ ਸਿੰਘ ਜੀ, ਪੰਜ ਪਿਆਰੇ, ਚਾਲੀ ਮੁਕਤੇ ਤੇ ਭਾਈ ਘਨ੍ਹੱਈਆ ਜੀ ਵਰਗੇ ਅਨੇਕਾਂ ਆਦਰਸ਼ਕ ਸੇਵਕਾਂ, ਸਿੰਘਾਂ-ਸਿੰਘਣੀਆਂ ਨਾਲ ਇਤਿਹਾਸ ਭਰਿਆ ਹੋਇਆ ਹੈ।

ਸਿੱਖ ਇਤਿਹਾਸ ਵਿਚ ਦਸਵੇਂ ਪਾਤਸ਼ਾਹ ਸਮੇਂ ਭਾਈ ਘਨ੍ਹੱਈਆ ਜੀ ਦਾ ਮਨੁੱਖਤਾ ਲਈ ਪਿਆਰ ਤੇ ਨਿਸ਼ਕਾਮ-ਸੇਵਾ ਗੁਰੂ ਦੀ ਸੇਵਾ ਦੀ ਇਕ ਹੋਰ ਉੱਤਮ ਮਿਸਾਲ ਹੈ। ਗੁਰਮਤਿ ਵਿਚ ਸਾਧ-ਸੰਗਤ ਦੀ ਸੇਵਾ, ਗ਼ਰੀਬਾਂ ਨਿਮਾਣਿਆਂ ਲੋੜਵੰਦਾਂ ਦੀ ਸੇਵਾ, ਲੰਗਰ ਦੀ ਸੇਵਾ ਹੀ ਸਮੁੱਚੀ ਮਨੁੱਖਤਾ ਦੀ ਸੇਵਾ ਮੰਨੀ ਜਾਂਦੀ ਹੈ। ਗੁਰਮਤਿ ਵਿਚ ਇਹ ਹੀ ਆਪਣੇ ਇਸ਼ਟ ਗੁਰੂ ਦੀ ਸੇਵਾ ਹੈ, ਕਿਉਂਕਿ ਸਾਰੀ ਮਨੁੱਖ-ਜਾਤੀ ਨੂੰ ਗੁਰੂ ਦਾ ਰੂਪ ਮੰਨ ਕੇ, ਉਸ ਪ੍ਰਭੂ ਦੀ ਜੋਤਿ ਹਿਰਦੇ ਵਿਚ ਸਮਝ ਕੇ ਕੀਤੀ ਸੇਵਾ ਹੀ ਸਤਿਗੁਰਾਂ ਦੀ ਸੇਵਾ ਦਾ ਪ੍ਰਮੁੱਖ ਰੂਪ ਹੈ। ਭਾਈ ਘਨ੍ਹੱਈਆ ਜੀ ਨੂੰ ਦੁਸ਼ਮਣਾਂ ਵਿਚ ਵੀ ਸਤਿਗੁਰ ਦੀ ਜੋਤਿ ਵਿਖਾਈ ਦਿੰਦੀ ਸੀ, ਕਿਉਂਕਿ ਮਨ ਵਿਚ 'ਏਕ ਪਿਤਾ ਏਕਸ ਕੇ ਹਮ ਬਾਰਿਕ' ਵੱਸਿਆ ਹੋਇਆ ਸੀ। ਮਾਨਵਤਾ ਦੀ ਇਹੋ ਜਿਹੀ ਸੇਵਾ ਹੀ ਪ੍ਰਭੂ-ਪਿਆਰਿਆਂ ਨੂੰ 'ਬ੍ਰਹਮ ਗਿਆਨੀ' ਬਣਾ ਦਿੰਦੀ ਹੈ।

ਨਿਮਰਤਾ ਦੀ ਇਹ ਉਤਕ੍ਰਿਸ਼ਟ ਪੌੜੀ ਹੈ, ਜੋ ਸਾਧਕ ਨੂੰ ਪ੍ਰਭੂ-ਪ੍ਰੀਤੀ ਨਾਲ ਇਕਸੁਰ ਕਰਦੀ ਹੈ। ਮਨੁੱਖੀ ਸਦਗੁਣਾਂ ਦਾ ਮਨ ਵਿਚ ਵਾਸਾ ਹੋਣ ਕਰਕੇ ਗੁਰਮੁਖ ਸ਼ਬਦ-ਸਿਮਰਨ ਨਾਲ ਪ੍ਰਭੂ ਦੇ ਪਿਆਰ ਦਾ ਪਾਤਰ ਬਣ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਹੋ ਜਿਹੇ ਸਾਧਕ ਲਈ ਉਪਦੇਸ਼ ਦਿੰਦੇ ਹਨ:

*ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥*
*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੩)*

ਗੁਰਬਾਣੀ ਵਿਚ ਸੇਵਾ-ਭਾਵਨਾ ਇਕ ਨਿਯਮਬੱਧ ਅਨੁਸ਼ਾਸਨਮਈ ਪਵਿੱਤਰ ਜੀਵਨ-ਜਾਚ ਹੈ। ਇਸ ਜੀਵਨ-ਜੁਗਤ ਨਾਲ ਗੁਰਮੁਖ ਵਿਅਕਤੀ ਤਨ-ਮਨ-ਧਨ ਨਾਲ ਪੂਰਨ ਰੂਪ ਵਿਚ ਆਪਣਾ ਸਾਰਾ ਜੀਵਨ ਗੁਜ਼ਾਰਦਾ ਹੈ ਤੇ ਅੰਤਮ ਰੂਪ ਵਿਚ ਅਧਿਆਤਮਿਕ ਲਕਸ਼ ਦੀ ਅਖੀਰਲੀ ਪੌੜੀ 'ਜੀਵਨ ਮੁਕਤਿ' ਤੇ ਪੁੱਜ ਜਾਂਦਾ ਹੈ। ਸਾਰੇ ਸੰਤਾਂ, ਸੂਫੀਆਂ, ਗੁਰੂ ਸਾਹਿਬਾਨ ਦਾ ਜੀਵਨ ਮਨੋਰਥ ਮਨੁੱਖਤਾ ਦੀ ਸੇਵਾ ਰਿਹਾ ਹੈ, ਜਿਸ ਰਾਹੀਂ ਉਹ ਪ੍ਰਭੂ-ਅਨੁਭਵ ਨਾਲ ਮਨੁੱਖਤਾ ਵਿੱਚ ਸ਼ੁੱਧ ਜੀਵਨ-ਜਾਚ ਤੇ ਪ੍ਰਭੂ ਮਿਲਣ ਦੀ ਜੁਗਤੀ ਵੰਡਦੇ ਰਹੇ। ■

# ਥਾਲ ਵਿਚਿ ਤਿੰਨਿ ਵਸਤੂ ਪਈਓ. . .

*-ਡਾ. ਮਨਜੀਤ ਕੌਰ**

ਲੋਕ-ਪਰਲੋਕ ਸੁਹੇਲੇ ਕਰਨ ਵਾਲੀ ਗੁਰਬਾਣੀ ਦੀ ਮਹਾਨਤਾ ਨੂੰ ਇਕ ਰੂਪਕ ਦੇ ਰਾਹੀਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਸਿਰਲੇਖ ਹੇਠ ਬੜਾ ਸੁੰਦਰ ਬਿਆਨ ਕੀਤਾ ਹੈ:

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

ਅਰਥਾਤ ਇਸ ਥਾਲ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਅਲੌਕਿਕ ਬਾਣੀ ਵਿਚ ਸਤ-ਸੰਤੋਖ ਤੇ ਚਿੰਤਨ ਦਾ ਸੰਕਲਨ ਹੈ। ਇਸ ਥਾਲ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ ਰਸ ਪਾਇਆ ਗਿਆ ਹੈ; ਜਿਸ ਦਾ ਆਧਾਰ ਹਰੇਕ ਮਨੁੱਖ ਲਈ ਲਾਜ਼ਮੀ ਹੈ। ਇਸ ਆਤਮਿਕ ਖ਼ੁਰਾਕ ਨੂੰ ਕੋਈ ਹਮੇਸ਼ਾ ਖਾਂਦਾ ਰਹੇ ਅਤੇ ਅਨੰਦ ਸਹਿਤ ਭੋਗਦਾ ਰਹੇ ਤਾਂ ਉਹ ਵਿਕਾਰਾਂ ਤੋਂ ਸਦਾ ਲਈ ਬਚਿਆ ਰਹਿ ਸਕਦਾ ਹੈ। ਹੇ ਭਾਈ! ਜੇਕਰ ਆਤਮਿਕ ਉੱਧਾਰ ਦੀ ਲੋੜ ਹੈ ਤਾਂ ਆਤਮਿਕ ਅਨੰਦ ਦੇਣ ਵਾਲੇ ਇਸ 'ਪਰਮੇਸ਼ਵਰ ਦੇ ਨਾਮ' ਰੂਪੀ ਅਨਮੋਲ ਪਦਾਰਥ ਨੂੰ ਤਿਆਗਿਆ ਨਹੀਂ ਜਾ ਸਕਦਾ। ਇਸ ਲਈ ਇਸ ਨੂੰ ਸਦਾ ਹੀ ਹਿਰਦੇ ਰੂਪੀ ਘਰ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਪਾਵਨ ਫੁਰਮਾਨ ਕਰਦੇ ਹਨ ਕਿ ਇਸ ਨਾਮ ਨਾਲ ਵਾਹਿਗੁਰੂ ਦੇ ਚਰਨਾਂ ਨਾਲ ਲੱਗ ਕੇ ਘੋਰ ਅੰਧਕਾਰਮਈ ਭਵਸਾਗਰ ਤੋਂ ਪਾਰ ਉਤਰਿਆ ਜਾ ਸਕਦਾ ਹੈ। ਇਸ ਤਰ੍ਹਾਂ ਪਰਮਾਤਮਾ ਦਾ ਨੂਰ ਹਰ ਥਾਂ ਦਿਖਾਈ ਦੇਣ ਲੱਗਦਾ ਹੈ।

ਜਿਸ ਨੂੰ ਅਪਾਰ ਪੂਰਨ ਗੁਰੂ ਦੀ ਰਹਿਮਤ ਸਦਕਾ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਪਾਰਬ੍ਰਹਮ ਪਰਮੇਸ਼ਵਰ ਕਣ-ਕਣ ਵਿਚ ਵੱਸਦਾ ਪ੍ਰਤੀਤ ਹੁੰਦਾ ਹੈ। ਮਨੁੱਖ ਦੇ ਖੋਟੇ ਕਰਮ ਸੁਕਰਮਾਂ ਵਿਚ ਬਦਲ ਜਾਂਦੇ ਹਨ, ਜਿਸ ਨਾਲ ਪਸ਼ੂਆਂ ਵਾਲੀ ਬਿਰਤੀ ਸਤਸੰਗੀ ਸੁਭਾਅ ਵਾਲੀ ਬਣ ਜਾਂਦੀ ਹੈ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੀ ਈਸ਼ਵਰੀ ਭੋਜਨ ਵਾਲੇ ਥਾਲ ਦੇ

**#2/104, Jawahar Nagar, Jaipur- 302004; (Rajasthan). M . +919929762523*

ਸੰਬੰਧ ਵਿਚ ਫੁਰਮਾਉਂਦੇ ਹਨ :

*ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥*
*ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥*
*ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥*
*ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥*
*ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥*
*ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੫)*

ਅਜਿਹੀ ਰੂਹਾਨੀ ਖੁਰਾਕ ਖਾਣ ਨਾਲ ਮਨ, ਆਤਮਾ ਤ੍ਰਿਪਤ ਹੁੰਦੀ ਹੈ ਅਤੇ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਇਹ ਤਿੰਨੋਂ ਪਦਾਰਥ ਗੁਪਤ ਰੂਪ ਵਿਚ ਹਨ। ਜਿਨ੍ਹਾਂ 'ਤੇ ਗੁਰੂ ਦੀ ਕਿਰਪਾ ਹੁੰਦੀ ਹੈ ਉਨ੍ਹਾਂ ਨੂੰ ਹੀ ਇਹ ਰਹੱਸ ਸਮਝ ਆਉਂਦਾ ਹੈ। ਆਓ! ਗੁਰੂ ਕਿਰਪਾ ਸਦਕਾ ਇਨ੍ਹਾਂ ਤਿੰਨਾਂ ਅਨਮੋਲ ਰਤਨਾਂ 'ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰੀਏ :-

੧. ਸਤੁ : ਸੱਚ ਅਰਥਾਤ ਉੱਚਾ ਆਚਰਣ।
੨. ਸੰਤੋਖ : ਸੰਤੋਖ ਅਰਥਾਤ ਜੋ ਵਾਹਿਗੁਰੂ ਨੇ ਦਿੱਤਾ ਹੈ; ਉਸ ਵਿਚ ਰਾਜ਼ੀ ਰਹਿਣਾ ਤੇ ਸ਼ੁਕਰਾਨਾ ਕਰਨਾ।
੩. ਵਿਚਾਰੋ : ਚਿੰਤਨ ਅਰਥਾਤ ਆਤਮਿਕ ਜੀਵਨ ਦੀ ਸਮਝ ਤੇ ਵਿਵੇਕ ਬੁੱਧ।

੧. ਸਤੁ : ਉਸ ਪਰਮ-ਪਿਤਾ ਪਰਮੇਸ਼ਵਰ ਦਾ ਨਾਮ ਸਿਮਰਨ ਅਤੇ ਉਸ ਮਾਲਕ ਦੀ ਸਿਫ਼ਤ ਸਾਲਾਹ ਜੀਵ ਦੇ ਹਿਰਦੇ ਨੂੰ ਗੁਣਾਂ ਨਾਲ ਭਰਪੂਰ ਕਰ ਦਿੰਦੀ ਹੈ। ਜਿਸ ਦੇ ਫ਼ਲਸਰੂਪ ਵਿਕਾਰ ਹਿਰਦੇ ਰੂਪੀ ਘਰ ਤੋਂ ਬਾਹਰ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਪਰਮਾਤਮਾ ਦਾ ਅੰਮ੍ਰਿਤਮਈ ਨਾਮ ਹਿਰਦੇ ਰੂਪੀ ਘਰ ਵਿਚ ਪੱਕਾ ਟਿਕਾਣਾ ਬਣਾ ਲੈਂਦਾ ਹੈ ਤੇ ਇੱਥੋਂ ਹੀ ਉੱਚੇ ਆਚਰਣ ਦੇ ਨਿਰਮਾਣ ਦੀ ਸ਼ੁਰੂਆਤ ਹੁੰਦੀ ਹੈ। ਵਾਹਿਗੁਰੂ ਨਾਮ ਉਚਾਰਣ ਨਾਲ ਮੁਖ ਪਵਿੱਤਰ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥*
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

ਵਾਹਿਗੁਰੂ ਨਾਮ ਜਪਣ ਨਾਲ, ਆਚਰਣ ਵਿਚ ਪਵਿੱਤਰਤਾ ਆ ਜਾਂਦੀ ਹੈ। ਸਾਰੀਆਂ ਚਿੰਤਾਵਾਂ ਅਤੇ ਦੁਖਾਂ-ਕਲੇਸ਼ਾਂ ਤੋਂ ਮੁਕਤੀ ਮਿਲ ਜਾਂਦੀ ਹੈ। ਵੈਰੀ ਵੀ ਮਿੱਤਰ ਬਣ ਜਾਂਦੇ ਹਨ, ਪਰ ਇਸ ਤਰ੍ਹਾਂ ਦੀ ਘਾੜਤ ਸੱਚੇ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ :

*ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥*
*ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੬)*

ਅਕਾਲ ਪੁਰਖ ਵਾਹਿਗੁਰੂ ਜੀ ਦਾ ਨਾਮ ਕਰੋੜਾਂ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ। ਗੁਰੂ ਕਿਰਪਾ ਸਦਕਾ ਜਿਨ੍ਹਾਂ ਨੂੰ ਇਹ ਅਨਮੋਲ ਦਾਤ ਮਿਲਦੀ ਹੈ ਉਸ ਦੀ ਕਥਨੀ ਤੇ ਕਰਨੀ ਨਿਰਮਲ ਹੋ ਜਾਂਦੀ ਹੈ :

*ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥*
*ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੬)*

ਗੁਰਬਾਣੀ ਦੀਆਂ ਬਰਕਤਾਂ ਸਦਕਾ ਜੀਵਨ ਗੁਰਮਤਿ ਅਨੁਸਾਰ ਬਣ ਜਾਂਦਾ ਹੈ ਤੇ ਹਿਰਦਾ-ਰੂਪੀ ਕਮਲ ਖਿੜ੍ਹਿਆ ਰਹਿੰਦਾ ਹੈ :

*ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥*
*ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥*
*ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩)*

੨. ਸੰਤੋਖ :- ਸੰਤੋਖ ਤੋਂ ਭਾਵ 'ਯਥਾ ਲਾਭ ਤਥਾ ਸੰਤੁਸ਼ਟ' ਰਹਿਣ ਦੀ ਬਿਰਤੀ ਤੋਂ ਹੈ। ਕਹਿਣ ਤੋਂ ਭਾਵ ਕਿ ਜੋ ਸਾਨੂੰ ਪਰਮਾਤਮਾ ਨੇ ਬਖਸ਼ਿਆ ਹੈ ਉਸ ਵਿਚ ਖੁਸ਼ ਰਹਿਣਾ ਤੇ ਉਸ ਮਾਲਕ ਦਾ ਸ਼ੁਕਰਾਨਾ ਕਰਨਾ। ਗੁਰਬਾਣੀ ਪੜ੍ਹ-ਸੁਣ ਕੇ ਗੁਰੂ ਕਿਰਪਾ ਸਦਕਾ ਇਹ ਸਮਝ ਆਉਂਦੀ ਹੈ ਕਿ ਬਿਨਾਂ ਸੰਤੋਖ ਤੋਂ ਬੰਦੇ ਨੂੰ ਕਦੇ ਰੱਜ ਨਹੀਂ ਆਉਂਦਾ। ਗੁਰਬਾਣੀ ਦਾ ਫੁਰਮਾਨ ਹੈ:

*ਬਿਨਾ ਸੰਤੋਖ ਨਹੀ ਕੋਊ ਰਾਜੈ ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥*
*ਨਾਮ ਰੰਗਿ ਸਰਬ ਸੁਖੁ ਹੋਇ ॥*
*ਬਡਭਾਗੀ ਕਿਸੈ ਪਰਾਪਤਿ ਹੋਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੯)*

ਇਸੇ ਲਈ ਗੁਰਬਾਣੀ ਦਾ ਮਨੁੱਖਾਂ ਲਈ ਇਹੀ ਪਾਵਨ ਸੰਦੇਸ਼ ਹੈ ਕਿ ਉਹ ਉੱਚਿਤ ਸਾਧਨਾਂ ਨਾਲ ਮਿਹਨਤ ਦੀ ਕਮਾਈ ਕਰ ਕੇ ਮਿਲ ਵੰਡ ਕੇ ਖਾਵੇ। ਗ਼ਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਜਾਣੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਤਿੰਨ-ਰਤਨ ਅਨਮੋਲ ਸਿਧਾਂਤਾਂ ਨੂੰ ਹਮੇਸ਼ਾ ਯਾਦ ਰੱਖੇ :-

੧. ਕਿਰਤ ਕਰੋ : ਸੱਚੀ-ਸੁੱਚੀ ਮਿਹਨਤ ਦੀ ਕਿਰਤ ਕਮਾਈ ਕਰਨੀ।
੨. ਨਾਮ ਜਪੋ : ਇਕ ਅਕਾਲ ਪੁਰਖੁ ਵਾਹਿਗੁਰੂ ਦਾ ਸਿਮਰਨ ਕਰਨਾ।
੩. ਵੰਡ ਛਕੋ : ਸੱਚੀ-ਸੁੱਚੀ ਕਿਰਤ ਨੂੰ ਮਿਲ ਵੰਡ ਕੇ ਛਕਣਾ ਅਤੇ ਆਪਣੀ ਨੇਕ ਕਮਾਈ ਵਿੱਚੋਂ ਘੱਟੋ-ਘੱਟ ਦਸਵਾਂ ਹਿੱਸਾ (ਦਸਵੰਧ) ਲੋਕ-ਹਿੱਤਾਂ ਲਈ ਲਗਾਉਣਾ।

ਅਸਲ ਵਿਚ ਗੁਰਬਾਣੀ ਦਾ ਇਹ ਹੀ ਪਾਵਨ ਸੰਦੇਸ਼ ਹੈ :

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*

*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥. . .*
*ਸਗਲ ਥਾਨ ਤੇ ਓਹੁ ਊਤਮ ਥਾਨੁ ॥*
*ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਇਸੇ ਤਰ੍ਹਾਂ ਸੱਚੀ-ਸੁੱਚੀ ਕਿਰਤ ਕਰਨੀ ਤੇ ਪਰਾਇਆ ਹੱਕ ਨਾ ਮਾਰਨਾ। ਗੁਰਬਾਣੀ ਵਿਚ ਪਰਾਇਆ ਹੱਕ ਖਾਣਾ ਹਿੰਦੂ ਵੀਰ ਲਈ ਗਾਂ ਤੇ ਮੁਸਲਮਾਨ ਵੀਰ ਲਈ ਸੂਅਰ ਦਾ ਮਾਸ ਖਾਣ ਸਮਾਨ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਇਸ ਦੇ ਨਾਲ ਇਕ ਅਕਾਲ ਪੁਰਖ ਦਾ ਸਿਮਰਨ ਕਰਨਾ, ਜਿਸ ਦੇ ਨਾਲ ਆਤਮਿਕ ਜੀਵਨ ਖੁਸ਼ਹਾਲ ਹੁੰਦਾ ਹੈ ਤੇ ਲੋਕ-ਪਰਲੋਕ ਸੁਹੇਲੇ ਹੁੰਦੇ ਹਨ। ਇਸ ਤਰ੍ਹਾਂ ਇਕ ਵਾਹਿਗੁਰੂ ਦਾ ਸਿਮਰਨ ਤੇ ਵਿਸ਼ਵਾਸ ਮਿਹਨਤ ਦੀ ਕਮਾਈ ਤੇ ਮਿਲ-ਵੰਡ ਕੇ ਖਾਣ ਦੇ ਗੁਣ ਨਾਲ ਹੀ ਜੀਵਨ ਦੇ ਅਸਲ ਮਾਰਗ ਦੀ ਸਹੀ ਪਛਾਣ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ :

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

੩. ਵੀਚਾਰੋ:- ਵੀਚਾਰੋ ਤੋਂ ਭਾਵ ਹੈ— ਆਤਮਿਕ ਜੀਵਨ ਦੀ ਸਮਝ। ਗੁਰੂ ਕਿਰਪਾ ਸਦਕਾ ਜਿਸ ਜੀਵ ਨੂੰ ਗੁਰਬਾਣੀ ਦੀ ਵਿਚਾਰ ਕਰਨੀ ਆ ਜਾਂਦੀ ਹੈ ਉਹ ਇਸ ਸੰਸਾਰ ਰੂਪੀ ਭਵਸਾਗਰ ਤੋਂ ਸਹਿਜਤਾ ਨਾਲ ਪਾਰ ਉਤਰ ਜਾਂਦੇ ਹਨ। ਇਸ ਦੇ ਉਲਟ ਮਨਮੁਖ ਮਨ ਦੇ ਪਿੱਛੇ ਭਟਕਦੇ ਹੋਏ ਆਪਣਾ ਜੀਵਨ ਨਰਕ ਬਣਾ ਲੈਂਦੇ ਹਨ। ਵਿਚਾਰਹੀਣ ਮਨੁੱਖ ਆਪਣੀ ਚਤੁਰਾਈ ਤੇ ਅਕਲਮੰਦੀ ਦਾ ਝੂਠਾ ਗੁਮਾਨ ਕਰਦਾ ਹੋਇਆ ਦੁਖਾਂ ਵਿਚ ਹੀ ਭਟਕਦਾ ਰਹਿੰਦਾ ਹੈ:

*ਨ ਸਬਦੁ ਬੂਝੈ ਨ ਜਾਣੈ ਬਾਣੀ ॥*
*ਮਨਮੁਖਿ ਅੰਧੇ ਦੁਖਿ ਵਿਹਾਣੀ ॥*
*ਸਤਿਗੁਰੁ ਭੇਟੇ ਤਾ ਸੁਖੁ ਪਾਏ ॥*
*ਹਉਮੈ ਵਿਚਹੁ ਠਾਕਿ ਰਹਾਏ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੫)*

ਗੁਰੂ ਸ਼ਬਦ ਦੀ ਵਿਚਾਰ ਕਰ ਕੇ ਆਪਣੇ ਜੀਵਨ ਮਨੋਰਥ ਨੂੰ ਸਮਝਣਾ ਤੇ ਫਿਰ ਸਫ਼ਲ ਜੀਵਨ ਜੀਊਣ ਦੀ ਕਲਾ (ਜੁਗਤਿ) ਜੋ ਗੁਰਬਾਣੀ ਵਿਚ ਦਰਸਾਈ ਗਈ ਹੈ ਉਸ ਮੁਤਾਬਕ ਜੀਵਨ ਬਣਾਉਣਾ। ਇਹ ਹੀ ਹੈ ਅਸਲ ਜੀਵਨ-ਮਨੋਰਥ। ਗੁਰਬਾਣੀ ਦਾ ਫੁਰਮਾਨ ਹੈ:

*ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥*

*ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੬)*

ਇਸ ਸੰਦਰਭ ਵਿਚ ਜਪੁਜੀ ਸਾਹਿਬ ਜੀ ਦੀ ਪਾਵਨ ਬਾਣੀ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪਾਵਨ ਫੁਰਮਾਨ ਹੈ :

*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥*
*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨)*

ਗੁਰੂ ਪਾਤਸ਼ਾਹ ਜੀ ਦਾ ਪਾਵਨ ਉਪਦੇਸ਼ ਹੈ ਕਿ ਕਲਜੁਗੀ ਜੀਵ ਕਰਮ-ਕਾਂਡੀ ਹੋ ਕੇ ਰਹਿ ਗਏ ਹਨ। ਮਨੁੱਖ ਨੇ ਕਦੇ ਵਿਚਾਰ ਹੀ ਨਹੀਂ ਕੀਤਾ ਕਿ ਜੇਕਰ ਸਤਿਗੁਰੂ ਦੀ ਇਕ ਸਿੱਖਿਆ ਵੀ ਸੁਣ ਲਈ ਜਾਵੇ ਤਾਂ ਮਨੁੱਖ ਦੀ ਬੁੱਧੀ ਵਿਚ ਰਤਨ ਜਵਾਹਰਾਤ ਤੇ ਅਨਮੋਲ ਮੋਤੀ ਉਪਜ ਪੈਂਦੇ ਹਨ। ਗੁਰਬਾਣੀ ਦੀ ਵਿਚਾਰ ਨਾਲ ਜੀਵ ਸਾਰੇ ਵਹਿਮਾਂ-ਭਰਮਾਂ ਤੋਂ ਮੁਕਤ ਹੋ ਜਾਂਦਾ ਹੈ :

*ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ ॥*
*ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)*

ਗੁਰਬਾਣੀ ਦੀ ਮਹਿਮਾ ਅਪਾਰ ਹੈ ਇਸ ਰਾਹੀਂ ਸਾਨੂੰ ਸਮਝ ਆਉਂਦੀ ਹੈ ਕਿ ਨਾਮ ਧਨ ਅਨਮੋਲ ਹੈ। ਇਸ ਧਨ ਨਾਲ ਹੀ ਸੱਚੀ ਸੋਭਾ ਮਿਲਦੀ ਹੈ। ਇਸ ਧਨ ਨੂੰ ਪ੍ਰਾਪਤ ਕਰ ਕੇ ਕਿਸੇ ਦੀ ਮੁਥਾਜੀ ਨਹੀਂ ਰਹਿ ਜਾਂਦੀ। ਇਸ ਸੰਦਰਭ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਪਾਵਨ ਬਾਣੀ 'ਸੁਖਮਨੀ ਸਾਹਿਬ' ਸਾਡਾ ਮਾਰਗ-ਦਰਸ਼ਨ ਕਰਦੀ ਹੈ :

*ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥*
*ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥. . .*
*ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥*
*ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੩)*

ਸੱਚਮੁਚ ਗੁਰਬਾਣੀ ਦੇ ਆਸ਼ੇ ਅਨੁਸਾਰ ਜਿਸ ਨੇ ਆਪਣਾ ਜੀਵਨ ਉਸਾਰਿਆ ਉਹ ਆਪਣੀ ਮਿਹਨਤ ਸਫ਼ਲੀ ਕਰ ਗਏ ਤੇ ਅਨੇਕਾਂ ਜੀਵਾਂ ਨੂੰ ਇਸ ਸੁਚੱਜੇ ਰਾਹ 'ਤੇ ਪਾਉਂਦੇ ਹੋਏ ਆਪ ਵੀ ਵਾਹਿਗੁਰੂ ਦੀ ਹਜ਼ੂਰੀ ਵਿਚ ਸੁਰਖ਼ਰੂ ਹੋਏ। ਇਸ ਲਈ ਸਾਨੂੰ ਚਾਹੀਦਾ ਹੈ ਕਿ ਕਿਸੇ ਵੀ ਪ੍ਰਾਪਤੀ ਦਾ ਗੁਮਾਨ ਨਾ ਕਰਦੇ ਹੋਏ ਹਉਮੈਂ ਜਿਹੇ ਦੀਰਘ ਰੋਗ ਤੋਂ ਗੁਰੂ ਕਿਰਪਾ ਸਦਕੇ ਮੁਕਤ ਹੋ ਕੇ ਬਸ ਇਹੀ ਅਰਦਾਸ ਬੇਨਤੀ ਕਰਦੇ ਰਹੀਏ ਕਿ :

*ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥*

*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੨)*

ਇਸ ਬੇਸ਼ਕੀਮਤੀ ਜੀਵਨ ਵਿਚ ਵਿਚਰਦੇ ਹੋਏ, ਗੁਣਾਂ ਦੀ ਸਾਂਝ ਪਾਈਏ। ਦੂਜਿਆਂ ਦੇ ਦੋਸ਼ਾਂ ਨੂੰ ਨਾ ਵੇਖਦੇ ਹੋਏ ਆਪਣੇ ਗਿਰੇਬਾਨ ਵਿਚ ਝਾਤੀ ਮਾਰੀਏ। ਇਕ ਸ਼ਾਇਰ ਇਸ ਸੰਦਰਭ ਵਿਚ ਬੜਾ ਸੁੰਦਰ ਲਿਖਦਾ ਹੈ :-

*ਤੂੰ ਦੂਸਰੋਂ ਕੇ ਗੁਨਾਹੋ ਕੋ ਬੇਨਕਾਬ ਨ ਕਰ।*
*ਈਸ਼ਵਰ ਦੇਖਤਾ ਹੈ ਤੂੰ ਹਿਸਾਬ ਨ ਕਰ।*

ਸ੍ਰੀ ਗੁਰੂ ਨਾਨਕ ਪਾਤਸ਼ਾਹ ਪਾਵਨ ਬਾਣੀ ਵਿਚ ਸਾਨੂੰ ਇਹੀ ਸੰਦੇਸ਼ ਦਿੰਦੇ ਹਨ ਕਿ ਅਵਗੁਣਾਂ ਨੂੰ ਛੱਡ ਕੇ ਗੁਣਾਂ ਦੀ ਸਾਂਝ ਪਾ ਕੇ ਅਪਣਾਅ ਕੇ ਮਨੁੱਖਾ ਜੀਵਨ ਸਫ਼ਲ ਬਣਾਓ। ਗੁਰਬਾਣੀ ਦਾ ਫੁਰਮਾਨ ਹੈ:

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥*
*ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ੭੬੫)*

ਵਾਹਿਗੁਰੂ ਰਹਿਮਤ ਕਰੇ, ਅੰਮ੍ਰਿਤਮਈ ਬਾਣੀ ਅਨੁਸਾਰ ਸਾਡਾ ਜੀਵਨ ਬਣੇ ਜਿਸ ਸਦਕੇ *ਇਹ ਲੋਕ ਸੁਖੀਏ ਪਰਲੋਕ ਸੁਹੇਲੇ* ਵਾਲੀ ਅਵਸਥਾ ਬਣ ਸਕੇ। ■

## ਪਿੰਡ ਮਾਦੀ ਕੇ ਵਿਖੇ ਅੰਮ੍ਰਿਤ-ਸੰਚਾਰ

ਸ. ਸੁਰਜੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸੰਗਤਸਰ (ਯਾਦਗਾਰ ਸ਼ਹੀਦ ਬਾਬਾ ਦੀਪ ਸਿੰਘ ਜੀ) ਪਿੰਡ ਮਾਦੀ ਕੇ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ੨੮ ਜਨਵਰੀ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਗੁਰੂ ਕੇ ਬਾਗ਼ ਦਾ ਮੋਰਚਾ

*-ਸ. ਦਲਜੀਤ ਸਿੰਘ ਗਲਾਲੀਪੁਰ**

ਦੁਨੀਆ ਵਿਚ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹੋਈਆਂ ਹਨ ਜਿਨ੍ਹਾਂ ਦੇ ਸਿਰਾਂ 'ਤੇ ਬਿਪਤਾ ਰੂਪੀ ਬੱਦਲ ਅਕਸਰ ਮੰਡਰਾਉਂਦੇ ਰਹੇ ਹਨ। ਇਨ੍ਹਾਂ ਕੌਮਾਂ ਵਿਚ ਸਿੱਖ ਕੌਮ ਦਾ ਨਾਮ ਉਭਰਵੇਂ ਰੂਪ ਵਿਚ ਲਿਆ ਜਾ ਸਕਦਾ ਹੈ। ਸੰਕਟ ਦੀ ਜਿਹੜੀ ਬੱਦਲਵਾਈ ਸਿੱਖ ਕੌਮ ਦੇ ਉੱਪਰ ਛਾਈ ਰਹੀ ਉਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਮਿਲਦੀ ਹੈ। ਮੁਗ਼ਲ ਕਾਲ ਸਮੇਂ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਤਾਂ ਉਹ ਘਰ-ਘਾਟ ਛੱਡ ਕੇ ਜੰਗਲਾਂ ਵਿਚ ਚਲੇ ਗਏ ਸਨ। ਉਨ੍ਹਾਂ ਦਿਨ੍ਹਾਂ ਵਿਚ ਗੁਰੂ-ਘਰ ਦਾ ਪ੍ਰਬੰਧ ਅਜਿਹੇ ਮਹੰਤਾਂ ਪਾਸ ਆ ਗਿਆ ਸੀ ਜੋ ਗੁਰਮਤਿ ਵਿਰੋਧੀ ਰੀਤਾਂ ਦੇ ਸ਼ਿਕਾਰ ਹੋ ਕੇ ਮਨਮੱਤ ਦਾ ਪ੍ਰਚਾਰ ਕਰਨ ਲੱਗ ਪਏ ਸਨ। ਅੰਗਰੇਜ਼ ਰਾਜ ਸਮੇਂ ਅੰਗਰੇਜ਼ਾਂ ਨੇ ਸਿੱਖਾਂ ਵਿਚ ਫੁੱਟ ਪਾਉਣ ਲਈ ਪਾੜੋ ਅਤੇ ਰਾਜ ਕਰੋ (Divide And Rule) ਦੀ ਨੀਤੀ ਨੂੰ ਅਪਣਾਇਆ। ਇਨ੍ਹਾਂ ਹਾਲਾਤ ਨੂੰ ਦੇਖਦਿਆਂ ਹੋਇਆਂ ਕੁਝ ਸੂਝਵਾਨ ਸਿੱਖਾਂ ਨੇ ਦੇਸ਼ ਵਿਚ 'ਸਿੰਘ ਸਭਾ', 'ਖਾਲਸਾ ਦੀਵਾਨ', 'ਖਾਲਸਾ ਅਖ਼ਬਾਰ', 'ਖਾਲਸਾ ਸਮਾਚਾਰ', 'ਖਾਲਸਾ ਟ੍ਰੈਕਟ ਸੋਸਾਇਟੀਆਂ' ਰਾਹੀਂ ਖੋਜ-ਭਰਪੂਰ ਲੇਖ ਪ੍ਰਕਾਸ਼ਿਤ ਕਰ ਕੇ ਲੋਕਾਂ ਵਿਚ ਵੰਡੇ ਅਤੇ ਇਸ ਪ੍ਰਚਾਰ ਸਦਕਾ ਨਵੀਂ ਜਾਗ੍ਰਿਤੀ ਲਿਆਂਦੀ, ਜਿਸ ਦੇ ਫਲਸਰੂਪ ਸਿੱਖਾਂ ਨੇ ਆਪਣੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਪੰਥ ਦੀ ਚੁਣੀ ਹੋਈ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਬਣਾ ਕੇ ਉਸਾਰੂ ਕੰਮ ਕੀਤਾ। ਇਸੇ ਲੜੀ ਅਧੀਨ ਹੀ ਗੁਰਦੁਆਰਾ ਗੁਰੂ ਕਾ ਬਾਗ਼ ਨੂੰ ਮਹੰਤਾਂ ਪਾਸੋਂ ਅਜ਼ਾਦ ਕਰਾਉਣ ਲਈ ਸਿੰਘਾਂ ਨੂੰ ਮੋਰਚਾ ਲਾਉਣਾ ਪਿਆ।

ਸ੍ਰੀ ਅੰਮ੍ਰਿਤਸਰ ਤੋਂ ਅਜਨਾਲੇ ਨੂੰ ਜਾਂਦੀ ਸੜਕ ਉੱਪਰ ਸ੍ਰੀ ਅੰਮ੍ਰਿਤਸਰ ਤੋਂ ੧੩-੧੪ ਮੀਲ ਦੀ ਦੂਰੀ ਅਤੇ ਸੜਕ ਤੋਂ ਥੋੜਾ ਜਿਹਾ ਹਟ ਕੇ ਪਿੰਡ ਘੁੱਕੇਵਾਲੀ ਰੋਡ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੀ ਜੂਹ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਹੈ। ਇਸ ਅਸਥਾਨ 'ਤੇ ਪਹਿਲਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਫਿਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ। ਗੁਰਦੁਆਰਾ ਸਾਹਿਬ ਦੇ ਲਾਗੇ ਹੀ ਗੁਰਦੁਆਰਾ ਸਾਹਿਬ ਦੀ ਮਲਕੀਅਤ ਵਾਲੀ ਜ਼ਮੀਨ ਹੈ ਜੋ ਕਿਸੇ ਸਮੇਂ ਬਾਗ਼ ਸੀ, ਜਿਸ ਨੂੰ 'ਗੁਰੂ ਕਾ ਬਾਗ਼' ਕਿਹਾ ਜਾਂਦਾ ਹੈ।

ਗੁਰਦੁਆਰਾ ਸੁਧਾਰ ਲਹਿਰ ਚੱਲਣ ਸਮੇਂ ਮਹੰਤ ਸੁੰਦਰ ਦਾਸ ਉਦਾਸੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਦੇਖਦਾ ਸੀ। ਉਹ ਬੜੇ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ ਅਤੇ ਸੰਗਤ ਨੂੰ ਉਸ ਵਿਰੁੱਧ ਭਾਰੀ ਰੋਸ ਅਤੇ ਸ਼ਿਕਾਇਤਾਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

**ਸਾਬਕਾ ਸੁਪਰਵਾਈਜ਼ਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਕਮੇਟੀ ਨੇ ਅੰਤ੍ਰਿੰਗ ਮੈਂਬਰ ਸ. ਦਾਨ ਸਿੰਘ ਵਿਛੋਆ ਦੀ ਡਿਊਟੀ ਲਗਾਈ ਕਿ ਉਹ ਮਹੰਤ ਸੁੰਦਰ ਦਾਸ ਨੂੰ ਆਪਣਾ ਆਚਰਨ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਠੀਕ ਕਰਨ ਸੰਬੰਧੀ ਗੱਲਬਾਤ ਕਰਨ। ੩੧ ਜਨਵਰੀ, ੧੯੨੧ ਈ. ਨੂੰ ਗੁਰੂ ਕੇ ਬਾਗ਼ ਵਿਖੇ ਸਜੇ ਭਾਰੀ ਦੀਵਾਨ ਵਿਚ ਮਹੰਤ ਨੇ ਗੁਰੂ ਸੰਗਤ ਵੱਲੋਂ ਪੇਸ਼ ਹੋਈਆਂ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ ਕਿ ਕਿਸੇ ਇਸਤਰੀ ਨਾਲ ਅਯੋਗ ਸੰਬੰਧ ਨਹੀਂ ਰੱਖੇਗਾ, ਕਿਸੇ ਇੱਕ ਨਾਲ ਸ਼ਾਦੀ ਕਰ ਲਵਾਂਗਾ, ਅੰਮ੍ਰਿਤ ਛਕ ਕੇ ਸਿੰਘ ਸਜ ਜਾਵਾਂਗਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਨੁਸਾਰੀ ਹੋ ਕੇ ਸੇਵਾ ਕਰਾਂਗਾ। ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਜੋ ਗਿਆਰ੍ਹਾਂ ਮੈਂਬਰੀ ਕਮੇਟੀ ਬਣੀ ਉਸ ਦੇ ਪ੍ਰਧਾਨ ਸ. ਦਾਨ ਸਿੰਘ ਅਤੇ ਸਕੱਤਰ ਸ. ਇੰਦਰ ਸਿੰਘ ਮੁਕੱਰਰ ਹੋਏ। ੮ ਫਰਵਰੀ, ੧੯੨੧ ਈ. ਨੂੰ ਮਹੰਤ ਸੁੰਦਰ ਦਾਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਾਜ਼ਰ ਹੋ ਕੇ ਅੰਮ੍ਰਿਤ-ਪਾਨ ਕੀਤਾ ਅਤੇ ਉਸ ਨੇ ਈਸ਼ਰੀ ਨਾਮੀ ਇਕ ਇਸਤਰੀ ਨਾਲ ਅਨੰਦ ਕਾਰਜ ਕਰਾ ਲਿਆ। ਮਹੰਤ ਦਾ ਨਾਮ ਸ. ਜੁਗਿੰਦਰ ਸਿੰਘ ਅਤੇ ਇਸਤਰੀ ਦਾ ਨਾਮ ਬੀਬੀ ਗਿਆਨ ਕੌਰ ਰੱਖਿਆ ਗਿਆ। ਇਸ ਦੇ ਨਾਲ ਹੀ ਮਹੰਤ ਗੁਰਦੁਆਰਾ ਕਮੇਟੀ ਦੇ ਅਧੀਨ ਹੋ ਕੇ ਸੇਵਾ ਕਰਨ ਲੱਗਾ।

੨੩ ਅਗਸਤ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ. ਦਾਨ ਸਿੰਘ ਦੀ ਜਥੇਦਾਰੀ ਹੇਠ ਇਕ ਜਥਾ ਗੁਰੂ ਕੇ ਬਾਗ਼ ਦਾ ਪ੍ਰਬੰਧ ਪੱਕੇ ਪੈਰੀਂ ਸੰਭਾਲਣ ਲਈ ਭੇਜਿਆ। ਮਹੰਤ ਦੀ ਸ਼ਿਕਾਇਤ ਉੱਤੇ ਸੁਪ੍ਰਿੰਟੈਂਡੈਂਟ ਪੁਲੀਸ, ਮਿਸਟਰ ਮੈਕਫਰਸਨ ਆਪਣੀ ਗਾਰਦ ਲੈ ਕੇ ਪੁੱਜਾ ਪਰੰਤੂ ਜਦੋਂ ਉਸ ਨੂੰ ਅਖ਼ਬਾਰਾਂ ਆਦਿ ਦੀਆਂ ਰਿਪੋਟਰਾਂ ਤੋਂ ਤਸਦੀਕ ਹੋ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਹੰਤ ਦਾ ਲਿਖਤੀ ਸਮਝੌਤਾ ਹੋ ਚੁੱਕਾ ਹੈ, ਜਿਸ ਅਨੁਸਾਰ ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹੈ ਤਾਂ ਉਸ ਨੇ ੫ ਸਤੰਬਰ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਚਿੱਠੀ ਲਿਖੀ ਹੈ ਕਿ ਮੈਂ ਗੁਰੂ ਕੇ ਬਾਗ ਵਿੱਚੋਂ ਪੁਲਿਸ ਹਟਾਉਣੀ ਚਾਹੁੰਦਾ ਹਾਂ, ਜੇ ਤੁਹਾਨੂੰ ਲੋੜ ਹੋਵੇ ਤਾਂ ਕੁਝ ਸਮਾਂ ਰੱਖੀ ਵੀ ਜਾ ਸਕਦੀ ਹੈ, ਪਰ ਇਸ ਦਾ ਖਰਚਾ-ਪਾਣੀ ਕਮੇਟੀ ਨੂੰ ਦੇਣਾ ਪਵੇਗਾ। ਇਸ ਦੇ ਉੱਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੯ ਸਤੰਬਰ, ੧੯੨੧ ਈ. ਨੂੰ ਮੈਕਫਰਸਨ ਨੂੰ ਲਿਖਿਆ ਗਿਆ ਕਿ ਸਾਨੂੰ ਪੁਲਿਸ ਦੀ ਕੋਈ ਲੋੜ ਨਹੀਂ। ਆਪ ਕਿਰਪਾ ਕਰ ਕੇ ਪੁਲਿਸ ਫੋਰਸ ਹਟਾ ਲਵੋ ਜੇਕਰ ਸਾਨੂੰ ਕਦੀ ਜ਼ਰੂਰਤ ਹੋਈ ਤਾਂ ਆਪ ਨੂੰ ਇਤਲਾਹ ਕਰ ਦਿੱਤੀ ਜਾਵੇਗੀ।

੯ ਅਗਸਤ, ੧੯੨੨ ਈ. ਨੂੰ ਪੰਜ ਸਿੰਘ ਜੋ ਗੁਰੂ ਕੇ ਲੰਗਰ ਲਈ ਬਾਗ਼ ਵਿੱਚੋਂ ਬਾਲਣ ਲਈ ਲੱਕੜਾਂ ਲੈਣ ਗਏ ਸਨ, ਨੂੰ ਮਹੰਤਾਂ ਵੱਲੋਂ ਸੱਦੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮਿਸਟਰ ਜੈਨਕਿਨ ਦੀ ਅਦਾਲਤ ਵਿਚ ਪੇਸ਼ ਕਰ ਕੇ ਇਨ੍ਹਾਂ ਨੂੰ ਬਾਗ਼ ਵਿੱਚੋਂ ਲੱਕੜਾਂ ਵੱਢਣ ਦੇ ਦੋਸ਼ ਵਿਚ ਛੇ-ਛੇ ਮਹੀਨੇ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਗਈ ਜਦੋਂ ਕਿ ਜ਼ਮੀਨ ਜਿਸ ’ਚੋਂ ਲੱਕੜਾਂ ਵੱਢੀਆਂ ਗਈਆਂ ਸਨ, ਮਹੰਤ ਨਾਲ ਹੋਏ ਸਮਝੌਤੇ ਅਨੁਸਾਰ ਗੁਰਦੁਆਰਾ ਸਾਹਿਬ ਦੀ ਮਲਕੀਅਤ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੋਜ਼ਾਨਾ ਪੰਜ-ਪੰਜ ਸਿੰਘਾਂ ਦਾ ਜਥਾ ਜਾਂਦਾ ਰਿਹਾ,

ਜਿਨ੍ਹਾਂ ਨੂੰ ਪੁਲਿਸ ਫੜ ਲੈਂਦੀ ਅਤੇ ਪੁੱਛ-ਗਿੱਛ ਕਰਨ ਉਪਰੰਤ ਦੂਰ ਲਿਜਾ ਕੇ ਛੱਡ ਦਿੰਦੀ।

ਪੁਲਿਸ ਇੰਚਾਰਜ ਮਿਸਟਰ ਬੀ. ਟੀ. ਦੀ ਕਮਾਨ ਹੇਠ ਵਿਸ਼ੇਸ਼ ਪੁਲਿਸ ਗਾਰਦ ਗੁਰੂ ਕੇ ਬਾਗ਼ ਭੇਜੀ ਗਈ, ਜਿਸ ਨੇ ੨੬ ਅਗਸਤ ਨੂੰ ਲੱਕੜਾਂ ਲੈਣ ਗਏ ੩੬ ਸਿੰਘਾਂ ਦੇ ਜਥੇ ਦੀ ਸਖ਼ਤ ਮਾਰ-ਕੁਟਾਈ ਕੀਤੀ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਸਿੰਘਾਂ ਨੂੰ ਕੇਸਾਂ ਤੋਂ ਫੜ-ਫੜ ਧੂਹਿਆ ਗਿਆ ਅਤੇ ਬੰਦੂਕਾਂ ਦੇ ਬੱਟਾਂ ਅਤੇ ਲਾਠੀਆਂ ਨਾਲ ਮਾਰ-ਕੁੱਟ ਕੀਤੀ ਗਈ, ਜਿਸ ਕਾਰਨ ਸਾਰੇ ਪੰਥ ਵਿਚ ਸਰਕਾਰ ਦੇ ਖ਼ਿਲਾਫ਼ ਭਾਰੀ ਰੋਸ ਫੈਲ ਗਿਆ। ੨੬ ਤਾਰੀਖ਼ ਨੂੰ ਹੀ ਜਦੋਂ ਕਿ ਗੁਰੂ ਕੇ ਬਾਗ ਸਬੰਧੀ ਵਿਚਾਰ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਹੋ ਰਹੀ ਸੀ ਅਤੇ ਜਿਸ ਵਿਚ ੭੫ ਮੈਂਬਰ ਹਾਜ਼ਰ ਸਨ ਤਾਂ ਡੀ. ਸੀ. ਵੱਲੋਂ ੯ ਮੁਖੀਆਂ ਦੇ ਵਾਰੰਟ ਜਾਰੀ ਹੋਣ ਦੀ ਇਤਲਾਹ ਭੇਜੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭਾਰੀ ਦੀਵਾਨ ਵਿਚ ਸੰਗਤਾਂ ਨੇ ਸਜ-ਧਜ ਨਾਲ ਆਪਣੇ ਨੇਤਾਵਾਂ ਨੂੰ ਗ੍ਰਿਫ਼ਤਾਰੀ ਲਈ ਤੋਰਿਆ ਜਿਨਾਂ ਵਿੱਚੋਂ ਪ੍ਰਮੁੱਖ ਸਨ: ਸ. ਬਹਾਦਰ ਮਹਿਤਾਬ ਸਿੰਘ, ਪ੍ਰਧਾਨ, ਭਗਤ ਜਸਵੰਤ ਸਿੰਘ ਸਕੱਤਰ ਅਤੇ ਪ੍ਰੋਫ਼ੈਸਰ ਸਾਹਿਬ ਸਿੰਘ ਮੀਤ ਸਕੱਤਰ, ਸ. ਗੁਰਮੁਖ ਸਿੰਘ ਝਬਾਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਤੇ ਮਾਸਟਰ ਤਾਰਾ ਸਿੰਘ ਵਰਕਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਇਸੇ ਦੀਵਾਨ ਵਿਚ ਗੁਰੂ ਕੇ ਬਾਗ਼ ਲਈ ਜ਼ੋਰਦਾਰ ਸ਼ਾਂਤਮਈ ਅੰਦੋਲਨ ਚਲਾਉਣ ਦਾ ਐਲਾਨ ਕੀਤਾ ਗਿਆ। ਉਧਰ ਸਰਕਾਰ ਵੱਲੋਂ ਸਭ ਜ਼ਿਲ੍ਹਿਆਂ ਨੂੰ ਤਾਰਾਂ ਭੇਜੀਆਂ ਗਈਆਂ ਕਿ ਕੋਈ ਵੀ ਜਥਾ ਗੁਰੂ ਕੇ ਬਾਗ਼ ਵੱਲ ਨਾ ਚੱਲਣ ਦੇਣ। ਗੁਰੂ ਕੇ ਬਾਗ਼ ਤਕ ਪੁੱਜਣ ਦੇ ਸਾਰੇ ਰਾਹ ਸੀਲ ਕਰ ਦਿੱਤੇ ਗਏ। ਬਾਹਰੋਂ ਰਸਦ ਆਉਣੀ ਬੰਦ ਕਰ ਦਿੱਤੀ ਗਈ।

੨੭, ੨੮ ਅਗਸਤ ਨੂੰ ਗੁਰੂ ਕੇ ਬਾਗ਼ ਪੁੱਜੇ ਜਥਿਆਂ ਦੀ ਸਖਤ ਮਾਰ-ਕੁਟਾਈ ਕੀਤੀ ਗਈ। ਜ਼ਖ਼ਮੀਆਂ ਨੂੰ ਡਾਕਟਰੀ ਸਹਾਇਤਾ ਤੋਂ ਵੀ ਵਾਂਝਿਆਂ ਰੱਖਿਆ ਗਿਆ। ੨੯ ਅਗਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋ ਕੇ ਅਤੇ ਪੂਰਨ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਮਾਲਵੇ ਦੇ ਅਣਖੀਲੇ ਸਿੰਘਾਂ ਦਾ ਜਥਾ ਗੁਰੂ ਕੇ ਬਾਗ਼ ਲਈ ਰਵਾਨਾ ਹੋਇਆ, ਜਿਸ ਦੇ ਜਥੇਦਾਰ ਭਾਈ ਪ੍ਰਤਾਪ ਸਿੰਘ ਸਨ। ੩੦ ਅਗਸਤ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਜਥੇ ਦੀ ਅਗਵਾਈ ਭਾਈ ਬਚਨ ਸਿੰਘ ਨੇ ਕੀਤੀ। ਇਹ ਦੋਵੇਂ ਜਥੇ ਜਦੋਂ ਰਾਣੀ ਵਾਲਾ ਪੁਲ ਲੰਘ ਰਹੇ ਸਨ ਤਾਂ ਪੁਲਿਸ ਨੇ ਇਨ੍ਹਾਂ ਦੀ ਸਖਤ ਮਾਰ-ਕੁੱਟ ਕੀਤੀ। ੩੦ ਅਗਸਤ ਸ਼ਾਮ ਨੂੰ ਸਰਕਾਰ ਦੀ ਸਖਤੀ ਦੇ ਰੋਸ ਵਜੋਂ ਸ੍ਰੀ ਅੰਮ੍ਰਿਤਸਰ ਵਿਚ ਭਾਰੀ ਜਲੂਸ ਨਿਕਲਿਆ। ਇਸੇ ਦਿਨ ਹੀ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਦੀ ਤਲਾਸ਼ੀ ਵੀ ਲਈ ਗਈ।

ਹਰ ਰੋਜ਼ ੧੦੦ ਜਾਂ ਇਸ ਤੋਂ ਵਧੀਕ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਕੇ ਬਾਗ਼ ਲਈ ਰਵਾਨਾ ਹੁੰਦਾ ਅਤੇ ਮੰਜ਼ਿਲ-ਏ-ਮਕਸੂਦ ’ਤੇ ਪਹੁੰਚਣ ਤੋਂ ਪਹਿਲਾਂ ਹੀ ਧਰਮ ਦੀ ਸ਼ਮ੍ਹਾਂ ਉੱਤੇ ਮਰ ਮਿਟਣ ਦਾ ਪ੍ਰਣ ਕਰ ਕੇ ਆਏ ਕੌਮੀ ਪ੍ਰਵਾਨਿਆਂ ਨੂੰ ਰੋਕ ਕੇ ਲਾਠੀਚਾਰਜ ਕੀਤਾ ਜਾਂਦਾ ਅਤੇ ਉਨ੍ਹਾਂ ਨੂੰ ਛੱਲੀਆਂ ਵਾਂਗ ਕੁੱਟਿਆ ਜਾਂਦਾ। ਪੱਗਾਂ ਲਾਹ

ਕੇ ਕੇਸਾਂ ਅਤੇ ਦਾਹੜੀਆਂ ਤੋਂ ਫੜ ਕੇ ਧੂਹਿਆ ਜਾਂਦਾ, ਜ਼ਖ਼ਮੀਆਂ ਤੇ ਬੇਹੋਸ਼ ਹੋਏ ਸਿੰਘਾਂ ਉੱਪਰ ਘੋੜ-ਚੜੇ ਸਵਾਰਾਂ ਦੀ ਦੌੜ ਕਰਾ ਕੇ ਇਨ੍ਹਾਂ ਨੂੰ ਲਤਾੜਿਆ ਤੇ ਮਧੋਲਿਆ ਜਾਂਦਾ।

ਜਿਸ ਕਿਸੇ ਨੇ ਵੀ ਇਸ ਭਿਆਨਕ ਸਾਕੇ ਨੂੰ ਅੱਖੀਂ ਡਿੱਠਾ ਜਾਂ ਇਸ ਬਾਰੇ ਸੁਣਿਆ, ਉਸ ਨੇ ਹੀ ਇਸ ਦੀ ਘੋਰ ਨਿੰਦਾ ਕੀਤੀ। ਸੀ. ਐਫ ਐਂਡਰੀਊਜ਼ ਜਿਸ ਨੇ ਇੱਕ ਹੀ ਮਸੀਹਾ ਤਵਾਰੀਖ਼ ਵਿਚ ਸੂਲੀ ਚੜ੍ਹਦਾ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਮਸੀਹੇ ਤਸੀਹੇ ਝੱਲਦੇ ਤੱਕ ਰੋ ਉਠਿਆ। ਉਸ ਨੇ ਸਰ ਐਡਵਰਡ ਮੈਕਲੈਗਨ, ਗਵਰਨਰ ਪੰਜਾਬ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਉਸ ਨੇ ਇਹ ਕਤਲ-ਓ-ਗਾਰਤ ਬੰਦ ਕਰਨ ਲਈ ਖਾਸ ਜ਼ੋਰ ਪਾਇਆ। ਨਤੀਜੇ ਵਜੋਂ ਗਵਰਨਰ ੧੩ ਸਤੰਬਰ, ੧੯੨੨ ਈ. ਨੂੰ ਗੁਰੂ ਕੇ ਬਾਗ਼ ਪਹੁੰਚਿਆ ਅਤੇ ਉਸ ਨੇ ਆਪਣੀ ਅੱਖੀਂ ਮਾਸੂਮਾਂ ਉੱਤੇ ਅਕਹਿ ਤੇ ਅਸਹਿ ਜਬਰ ਹੁੰਦਾ ਵੇਖਿਆ। ਗਵਰਨਰ ਪੰਜਾਬ ਦੇ ਹੁਕਮ ਨਾਲ ਰਾਹ ਵਾਲੀ ਚੌਕੀ ਉਠਾ ਲਈ ਗਈ ਅਤੇ ਜਥੇ ਗੁਰੂ ਕੇ ਬਾਗ਼ ਤਕ ਪੁੱਜਣ ਲੱਗ ਪਏ, ਮਾਰ-ਕੁਟਾਈ ਕਰਨੀ ਵੀ ਬੰਦ ਕਰ ਦਿੱਤੀ ਗਈ ਅਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ।

ਸੰਸਾਰ ਭਰ ਵਿਚ ਅੰਗਰੇਜ਼ੀ ਜ਼ੁਲਮ ਦੀ ਨਿੰਦਾ ਹੋ ਰਹੀ ਸੀ। ਅਖ਼ਬਾਰਾਂ ਵਿਚ ਸੁਰਖੀਆਂ ਦੇ ਕੇ ਗੁਰੂ ਕੇ ਬਾਗ਼ ਦਾ ਹਾਲ ਛਾਪਿਆ ਜਾ ਰਿਹਾ ਸੀ। ਸੀ. ਐਫ. ਐਂਡਰੀਊਜ਼ ਆਦਿਕ ਨਾਮਵਰ ਵਿਅਕਤੀ ਦੇ ਪ੍ਰੈੱਸ ਨੂੰ ਦਿੱਤੇ ਬਿਆਨਾਂ ਨੇ ਇਕ ਵਾਰੀ ਭਾਂਬੜ ਮਚਾ ਦਿੱਤਾ ਅਤੇ ਅੰਗਰੇਜ਼ ਸਰਕਾਰ ਅੰਦਰ-ਖਾਤੇ ਡਾਢੀ ਘਬਰਾ ਗਈ ਸੀ। ਸਾਢੇ ਪੰਜ ਹਜ਼ਾਰ ਤੋਂ ਉੱਪਰ ਸਿੰਘ ਗ੍ਰਿਫ਼ਤਾਰ ਹੋ ਚੁੱਕੇ ਸਨ, ਪਰੰਤੂ ਪਤਾ ਨਹੀਂ ਕਿਧਰੋਂ ਧੜਾ-ਧੜ ਜਥਿਆਂ ਦੇ ਜਥੇ ਸਿਰ ਉੱਤੇ ਕਫਨ ਬੰਨੀ ਚੱਲੇ ਆ ਰਹੇ ਸਨ।

ਕਾਫੀ ਯਤਨਾਂ ਉਪਰੰਤ ਸਰਕਾਰ ਨੂੰ ਸਮਝੌਤੇ ਦਾ ਇਕ ਰਾਹ ਮਿਲ ਹੀ ਗਿਆ। ੧੭ ਨਵੰਬਰ, ੧੯੨੨ ਈ. ਨੂੰ ਰੀਟਾਇਡ ਇੰਜੀਨੀਅਰ ਰਾਏ ਬਹਾਦਰ ਸਰ ਗੰਗਾ ਰਾਮ ਲਾਹੌਰ ਨੇ ਸੁਝਾਅ ਦਿੱਤਾ ਕਿ ਉਹ ਮਹੰਤ ਦੀ ਜ਼ਮੀਨ ਇੱਕ ਸਾਲ ਲਈ ਪਟੇ ਉੱਤੇ ਲੈ ਲਵੇਗਾ ਅਤੇ ਜ਼ਿਲ੍ਹਾ ਮੈਜਿਸਟਰੇਟ ਡੰਨਿਟ ਨੂੰ ਬੇਨਤੀ ਕਰੇਗਾ ਕਿ ਮੈਨੂੰ ਪੁਲਿਸ ਦੀ ਲੋੜ ਨਹੀਂ ਅਤੇ ਨਾ ਹੀ ਮੈਂ ਸਿੱਖਾਂ ਨੂੰ ਗੁਰੂ ਕੇ ਲੰਗਰ ਲਈ ਬਾਲਣ ਵੱਢਣੋਂ ਰੋਕਣਾ ਚਾਹੁੰਦਾ ਹਾਂ ਤੇ ਇਸ ਤਰ੍ਹਾਂ ਪੁਲਿਸ ਦੇ ਵਾਪਸ ਜਾਣ ਨਾਲ ਮੋਰਚੇ ਦਾ ਮਕਸਦ ਖਤਮ ਹੋ ਜਾਏਗਾ। ਇੰਜ ਹੀ ਹੋਇਆ, ਸਰਕਾਰ ਨੇ ਮਹੰਤ ਨੂੰ ਜ਼ੋਰ ਦੇ ਕੇ ਸਰ ਗੰਗਾ ਰਾਮ ਨੂੰ ਜ਼ਮੀਨ ਪਟੇ ਉੱਤੇ ਦੇਣ ਲਈ ਮਨਾ ਲਿਆ ਭਾਵੇਂ ਜ਼ਮੀਨ ਪਹਿਲਾਂ ਹੀ ਗੁਰਦੁਆਰਾ ਕਮੇਟੀ ਦੇ ਕਬਜ਼ੇ ਵਿਚ ਸੀ। ਡੀ. ਸੀ. ਦੀ ਕੋਠੀ ਪੁੱਜ ਕੇ ਸਰ ਗੰਗਾ ਰਾਮ ਨੇ ਮਹੰਤ ਪਾਸੋਂ ਜ਼ਮੀਨ ਦਾ ੨੦੦੦/- ਰੁਪਏ ਸਾਲ ਉੱਤੇ ਠੇਕਾ ਲੈ ਲਿਆ। ਮਹੰਤ ਅਤੇ ਗੰਗਾ ਰਾਮ ਦੋਹਾਂ ਨੇ ਲਿਖ ਕੇ ਦੇ ਦਿੱਤਾ ਕਿ ਸਾਨੂੰ ਪੁਲਿਸ ਦੀ ਰੱਖਿਆ ਦੀ ਲੋੜ ਨਹੀਂ। ਸੋ ਇਸ ਬਹਾਨੇ ੧੮ ਨਵੰਬਰ, ੧੯੨੨ ਈ. ਨੂੰ ਸਰਕਾਰ ਨੇ ਪੁਲਿਸ ਵਾਪਸ ਬੁਲਾ ਲਈ ਅਤੇ ਇਸ ਤਰ੍ਹਾਂ ਗੁਰੂ ਕੇ ਬਾਗ਼ ਦਾ ਮੋਰਚਾ ਫਤਿਹ ਹੋਇਆ, ਜਿਸ ਵਿਚ ਖਾਲਸਾ ਜੀ ਦੀ ਨਿਡਰਤਾ, ਬਹਾਦਰੀ, ਸਿੱਦਕਦਿਲੀ ਅਤੇ ਦ੍ਰਿੜ੍ਹਤਾ ਦੀ ਧਾਂਕ ਦੇਸ-ਪ੍ਰਦੇਸ ਵਿਚ ਦੂਰ-ਦੂਰ ਤਕ ਸਭ ਦੇ ਦਿਲਾਂ ਵਿਚ ਬੈਠ ਗਈ। ਇਹ ਆਪਣੇ-ਬੇਗਾਨੇ ਹਰ ਕਿਸੇ ਦੇ ਪਿਆਰ, ਸਤਿਕਾਰ ਅਤੇ ਹਮਦਰਦੀ ਦੇ ਪਾਤਰ ਬਣ ਗਏ। ■

*ਜੁਲਾਈ ੨੦੨੦ ਦਾ ਬਾਕੀ. . .*

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਣੀ ਪ੍ਰਵਚਨ : ਪਾਰ-ਸੰਪਰਦਾਇਕ ਅੰਤਰਦ੍ਰਿਸ਼ਟੀ

*-ਡਾ. ਚਮਕੌਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਵਚਨ ਦੀ ਪਰਮਾਰਥੀ ਮਹਾਂਦ੍ਰਿਸ਼ਟੀ ਵਿਭਿੰਨ ਧਰਮਪੰਥਾਂ/ਧਰਮ-ਪਰੰਪਰਾਵਾਂ ਨੂੰ ਹਕੀਕੀ ਧਰਮ ਦੇ ਗੌਰਵ ਨਾਲ ਜੋੜਨ ਲਈ ਇਕ ਸਰਬਸਾਂਝੀ ਰਚਨਾ-ਵਿਉਂਤ ਪੇਸ਼ ਕਰਦੀ ਹੈ ਉਹ ਹੈ ਆਪੋ ਆਪਣੇ ਧਰਮ-ਵਿਸ਼ਵਾਸਾਂ, ਅਭਿਆਸਾਂ ਅਤੇ ਧਾਰਨਾਵਾਂ ਨੂੰ ਸ੍ਰੇਸ਼ਟ ਅਮਲਾਂ ਨਾਲ ਸੰਬੰਧਿਤ ਕਰਨਾ। ਸ਼ੁੱਭ-ਅਮਲ ਹੀ ਧਾਰਮਿਕ ਵਡੱਪਣ ਦਾ ਚਿਹਨ ਅਤੇ ਮਿਆਰ ਹੈ; ਇਹ ਹੀ ਜੀਵਨ ਆਨੰਦ ਦੀ ਜ਼ਾਮਨੀ ਹੈ ਜਿਸ ਦੀ ਤਵੱਕੋ ਹਰ ਧਰਮ ਪਰੰਪਰਾ ਦੇ ਪੈਰੋਕਾਰਾਂ ਤੋਂ ਕੀਤੀ ਗਈ ਹੈ। ਜਨਮਸਾਖੀ ਪਰੰਪਰਾ[੯] ਵਿਚ ਗੁਰੂ ਨਾਨਕ ਸਾਹਿਬ ਦੀ ਬਗਦਾਦ ਫੇਰੀ ਸਮੇਂ ਹਾਜ਼ੀਆਂ ਵੱਲੋਂ ਪੁੱਛੇ ਪ੍ਰਸ਼ਨ ਦਾ ਜਵਾਬ, ਇਸ ਸੱਚ ਦਾ ਪ੍ਰਮਾਣਿਕ ਹਵਾਲਾ ਹੈ ਜਿਸ ਨੂੰ ਭਾਈ ਗੁਰਦਾਸ ਜੀ ਨੇ ਵੀ ਪ੍ਰਮਾਣਿਤ ਕੀਤਾ ਹੈ :

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?*
*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*[੧੦]

ਬਾਣੀ ਪ੍ਰਵਚਨ ਵਿਚ ਵੱਖ-ਵੱਖ ਧਰਮਾਂ ਦੀਆਂ ਧਰਮ-ਸ਼ਾਸਤਰੀ ਧਾਰਨਾਵਾਂ, ਚਿੰਨ੍ਹਾਂ ਤੇ ਰਵਾਇਤਾਂ ਪ੍ਰਤੀ ਸਾਰਥਕ ਅਤੇ ਵਿਵੇਕਸ਼ੀਲ ਪਹੁੰਚ ਰੱਖਦਿਆਂ ਪੇਸ਼ ਕੀਤੀ ਪੁਨਰ-ਵਿਆਖਿਆ ਸ਼ੁੱਭ ਅਮਲਾਂ ਨਾਲ ਸੰਚਿਤ ਹਕੀਕੀ ਧਾਰਮਿਕਤਾ ਦੀ ਪੇਸ਼ਕਾਰੀ ਹੈ :

*-ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥*
*ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥*[੧੧]
*-ਮਿਹਰ ਮਸੀਤਿ ਸਿਦਕੁ ਮਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥*
*ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥*
*ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥*[੧੨]
*-ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥*
*ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥*[੧੩]

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਵਿਚ ਦੂਜੀਆਂ ਧਰਮ-ਪਰੰਪਰਾਵਾਂ ਨਾਲ ਸੰਵਾਦ ਰਚਾਉਣ ਸਮੇਂ ਉਨ੍ਹਾਂ ਦੀ ਹਸਤੀ ਨੂੰ ਘਟਾ

**ਡਾਇਰੈਕਟਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ — ੧੪੭੦੦੨; (ਪਟਿਆਲਾ) ਮੋ. ੯੪੧੭੯-੩੫੪੭੪, ੮੭੨੭੦-੭੭੭੨੫*

ਕੇ ਪੇਸ਼ ਕਰਨ ਦਾ ਵਿਸ਼ਿਸ਼ਟਵਾਦੀ (exclusivistic) ਦ੍ਰਿਸ਼ਟੀਕੋਣ ਜਾਂ ਉਸ ਪਛਾਣ ਨੂੰ ਜਜ਼ਬ ਕਰਨ ਦੀ ਚੇਸ਼ਟਾ ਤੋਂ ਪ੍ਰੇਰਿਤ ਸਮਾਵੇਸ਼ਵਾਦੀ (inclusivistic) ਦ੍ਰਿਸ਼ਟੀਕੋਣ ਕਿਤੇ ਵੀ ਨਜ਼ਰ ਨਹੀਂ ਪੈਂਦਾ। ਇਸ ਦੇ ਉਲਟ ਉਪਰੋਕਤ ਪ੍ਰਕਰਨਾਂ ਵਿਚ ਹਿੰਦੂ, ਮੁਸਲਮਾਨ ਤੇ ਜੋਗ ਮੱਤ ਦੇ ਚਿਹਨਾਂ, ਵਿਸ਼ਵਾਸਾਂ, ਰੀਤੀਆਂ ਨੂੰ ਗੁਣਮੂਲਕ ਵਿਆਖਿਆ ਰਾਹੀਂ ਵਧੇਰੇ ਅਰਥ-ਭਰਪੂਰ ਬਣਾਉਣ ਦੀ ਜੁਗਤ ਉਜਾਗਰ ਹੁੰਦੀ ਹੈ।

ਇਹ ਜੁਗਤਕਾਰੀ ਇਕ ਪਾਸੇ ਧਰਮ ਦੇ ਵਿਸ਼ਵਾਰਥੀ (universal) ਅਰਥ ਉਜਾਗਰ ਕਰਨ ਵਾਲੀਆਂ ਰਚਨਾ-ਵਿਉਂਤਾਂ ਦੁਆਰਾ ਹਰ ਵਰਗ/ਧਰਮਗ੍ਰੰਥ ਦੇ ਪੈਰੋਕਾਰਾਂ ਨਾਲ ਸਾਂਝ ਤੇ ਸਹਿਹੋਂਦ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਵਾਤਾਵਰਣ ਤਿਆਰ ਕਰਦੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਇਹ ਬਹੁਧਰਮੀ ਪਛਾਣਾਂ ਨੂੰ ਉਨ੍ਹਾਂ ਦੀ ਹੀ ਪੈਰਾਲੋਜੀ ਰਾਹੀਂ ਵਧੇਰੇ ਮਹੱਤਵਸ਼ੀਲ ਬਣਾਉਣ ਲਈ ਵਿਲੱਖਣ ਸੰਵਾਦੀ-ਵਿਧੀ ਵੀ ਪੇਸ਼ ਕਰਦੀ ਹੈ। ਸੋ ਪਰਮਾਰਥੀ ਮਹਾਂਦ੍ਰਿਸ਼ਟੀ ਦੁਆਰਾ ਸਮਾਜਿਕ-ਸੱਭਿਆਚਾਰਕ ਵਰਗ-ਵਰਤਾਰੇ ਦਰਮਿਆਨ ਸੰਤੁਲਨ ਕਾਇਮ ਕਰਨ ਵਾਲੀ ਇਹ ਸੰਵਾਦੀ ਅੰਤਰਦ੍ਰਿਸ਼ਟੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਦੀ ਇਕ ਨਿਵੇਕਲੀ ਵਿਸ਼ੇਸ਼ਤਾ ਵਜੋਂ ਰੂਪਮਾਨ ਹੁੰਦੀ ਹੈ।

ਬਾਣੀ-ਪ੍ਰਵਚਨ ਦੀ ਪਰਮਾਰਥੀ ਮਹਾਂਦ੍ਰਿਸ਼ਟੀ ਮਨੁੱਖ ਦੀ ਸ੍ਰੇਸ਼ਟਤਾ ਸ਼ੁੱਭ-ਅਮਲਾਂ ਦੁਆਰਾ ਹਾਸਲ ਹੋਣਾ ਸਵੀਕਾਰਦੀ ਹੈ। ਇਸ ਦ੍ਰਿਸ਼ਟੀ ਤੋਂ ਵਿਭਿੰਨ ਧਰਮਾਂ, ਜਾਤਾਂ, ਨਸਲਾਂ, ਲਿੰਗ-ਭੇਦਾਂ, ਦੇਸਾਂ, ਇਲਾਕਿਆਂ, ਭਾਸ਼ਾਵਾਂ ਨਾਲ ਸੰਬੰਧਿਤ ਸਾਰੇ ਮਨੁੱਖ ਰੱਬੀ ਰੂਹ ਨਾਲ ਪ੍ਰਜਵਲਿਤ ਪੰਜ ਤੱਤਾਂ ਦੇ ਸਰੀਰ ਹਨ। ਇਸ ਕਰਕੇ ਹਿੰਦੂ, ਮਸਲਮਾਨ ਵਿਭਿੰਨ ਪਛਾਣਾਂ ਦਾ ਮਸਲਾ ਸੱਭਿਆਚਾਰਕ ਪ੍ਰਸੰਗਾਂ ਤੋਂ ਉੱਪਰ ਕੋਈ ਅਰਥ ਨਹੀਂ ਰੱਖਦਾ।[੧੪] ਇਸ ਸੰਸਾਰ ਵਿਚ ਜੀਵਨ ਇਕ ਸੀਮਾਬੱਧ ਸਫਰ ਹੈ ਜਿਸ ਵਿਚ ਸਭ ਜੀਵਾਂ ਦੀ ਸਥਿਤੀ ਇਕ ਮੁਸਾਫਰ ਵਾਲੀ ਹੈ। ਮੌਤ ਰੂਪੀ ਸੁਨੇਹਾ ਮਿਲਣ 'ਤੇ ਸਭ ਨੇ ਬਿਨਾਂ ਦੇਰੀ ਆਪੋ-ਆਪਣੀਆਂ ਸਰੀਰਕ ਤੇ ਸੱਭਿਆਚਾਰਕ ਪਛਾਣਾਂ ਨੂੰ ਤਿਆਗ ਕੇ ਇੱਥੋਂ ਤੁਰ ਜਾਣਾ ਹੈ। ਪਰਮਾਰਥੀ ਮਹਾਂਦ੍ਰਿਸ਼ਟੀ ਤੋਂ ਸ਼ੁੱਭ-ਅਮਲ ਹੀ ਮੁਕਤੀ ਦੇ ਜ਼ਾਮਨ ਹਨ ਅਤੇ ਜੀਵਨ ਦੀ ਕਾਮਯਾਬੀ ਜਾਂ ਨਾਕਾਮਯਾਬੀ ਦਾ ਪੈਮਾਨਾ ਇਹੋ ਅਮਲ ਹੀ ਹਨ। ਇਸ ਲਈ ਹਿੰਦੂ ਮੁਸਲਮਾਨ ਦੇ ਦਾਅਵੇ/ਝਗੜੇ ਵਿਅਰਥ ਹਨ :

*ਜੇਤੇ ਜੀਅ ਤੇਤੇ ਵਾਟਾਊ॥ ਚੀਰੀ ਆਈ ਢਿਲ ਨ ਕਾਊ॥*
*ਏਥੈ ਜਾਣੈ ਸੁ ਜਾਇ ਸਿਞਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥*
*ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥*[੧੫]

ਇਸ ਤਰ੍ਹਾਂ ਧਾਰਮਿਕ ਬਹੁਵਾਦ ਦੇ ਸੰਦਰਭ ਵਿਚ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਸੰਜੋਈ ਅਤੇ ਸ਼ੁੱਭ ਅਮਲਾਂ ਨੂੰ ਪ੍ਰਣਾਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ, ਬਹੁਧਰਮੀ ਪਰੰਪਰਾਵਾਂ ਅਤੇ ਸੰਪਰਦਾਵਾਂ ਦੀਆਂ ਤਮਾਮ ਸੰਰਚਨਾਵਾਂ

ਨੂੰ ਗੁਣਮੂਲਕ ਵਿਆਖਿਆ ਦੁਆਰਾ ਹਕੀਕੀ ਧਾਰਮਿਕਤਾ ਦੀ ਭਾਵ-ਸੰਵੇਦਨਾ ਨਵੇਂ ਸਿਰਿਓਂ ਊਰਜਿਤ ਕਰਦੀ ਹੈ। ਸੱਚ ਤੋਂ ਵਿਜੋਗੀਆਂ ਬਹੁਧਰਮੀ ਰਚਨਾ-ਵਿਉਂਤਾਂ/ਬਣਤਰਾਂ ਤੇ ਅਭਿਆਸਾਂ ਨੂੰ ਮੁੜ ਤੋਂ ਸੱਚ ਧਰਮ ਨਾਲ ਜੋੜ ਕੇ ਸਾਰਥਿਕਤਾ ਪ੍ਰਦਾਨ ਕਰਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਯੋਜਨ ਹੈ। ਰੂਹਾਨੀ-ਹਕੀਕੀ ਅਰਥ ਪ੍ਰਦਾਨ ਕਰਨ ਦੀ ਇਸ ਪ੍ਰਕਿਰਿਆ ਦੌਰਾਨ ਬਹੁਧਰਮੀ ਸੰਰਚਨਾਵਾਂ, ਵਿਸ਼ਵਾਸ ਤੇ ਅਭਿਆਸ, ਪਰਮਸੱਚ ਨਾਲ ਸੰਜੋਗ ਸਥਾਪਿਤ ਕਰ ਕੇ ਅਥਵਾ, ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਊਰਜਿਤ ਅਤੇ ਗਤੀਸ਼ੀਲ ਹੋ ਕੇ ਪੇਸ਼ ਹੁੰਦੇ ਹਨ। ਪੁਨਰ-ਵਿਆਖਿਆ ਤੇ ਪੁਨਰ-ਪੇਕਸ਼ਾਰੀ ਦੀ ਇਸ ਪ੍ਰਵਚਨ-ਵਿਧੀ ਨਾਲ ਸੰਜੋਏ ਅਨੇਕਾਂ ਪ੍ਰਕਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪਵਿੱਤਰ ਪਾਠ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ :

*-ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪਰਸਾਦੀ ਏਕੋ ਜਾਣੈ॥*
*ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ॥*
*ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥*
*ਦਾਨਸਬੰਦੁ ਸੋਈ ਦਿਲਿ ਧੋਵੈ॥ ਮੁਸਲਮਾਣੁ ਸੋਈ ਮਲੁ ਖੋਵੈ॥*
*ਪੜਿਆ ਬੂਝੈ ਸੋ ਪਰਵਾਣੁ॥ ਜਿਸੁ ਸਿਰਿ ਦਰਗਹ ਕਾ ਨੀਸਾਣੁ॥*[੧੬]
*-ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥*
*ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥*
*ਸੋਈ ਬ੍ਰਹਮਣੁ ਪੂਜਣ ਜੁਗਤੁ॥*[੧੭]
*-ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਦਾ ਭਰਮੁ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥*[੧੮]

ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਜੈਨੀਆਂ, ਸੰਨਿਆਸੀਆਂ ਸਮੇਤ ਵੱਖ-ਵੱਖ ਧਰਮ-ਪਰੰਪਰਾਵਾਂ ਦੇ ਧਰਮ-ਪੰਥੀਆਂ ਦੇ ਸੱਚ ਤੋਂ ਵਿਜੋਗੇ ਅਭਿਆਸਾਂ ਦੀ ਮੁਜਾਹਮਤੀ ਅਤੇ ਸਵੱਛ-ਸਦਾਚਾਰਕ ਜੀਵਨ ਲਈ ਉਤਸ਼ਾਹਵਰਧਕ ਅਰਥ ਪ੍ਰਦਾਨ ਕਰਨ ਵਾਲੇ ਅਜਿਹੇ ਅਨੇਕਾਂ ਪ੍ਰਕਰਨ, ਇਸ ਅੰਤਰ-ਦ੍ਰਿਸ਼ਟੀ ਨਾਲ ਸੰਚਿਤ ਹਨ ਕਿ ਧਰਮ ਦਾ ਹਕੀਕੀ ਸਰੂਪ ਬਾਹਰਮੁਖੀ ਦਿਖਾਵਿਆਂ ਅਤੇ ਵਖਰੇਵਿਆਂ ਤੋਂ ਉਚੇਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਧਰਮ, ਸੰਪਰਦਾਵਾਂ ਜਾਂ ਮੱਤ-ਮਤਾਂਤਰਾਂ ਦੀਆਂ ਤਅੱਸਬੀ ਧਾਰਨਾਵਾਂ ਤੇ ਸੰਕੀਰਨ ਦਾਇਰਿਆਂ ਤੋਂ ਪਾਰ ਝਾਕਣ ਵਾਲੀ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਸੰਚਿਤ ਉਹ ਰਚਨਾ-ਵਿਉਂਤ ਹੈ ਜਿਸ ਵਿਚ ਹਿੰਦੂ-ਮੁਸਲਮਾਨਾਂ ਸਮੇਤ ਸਭ ਭਾਈਚਾਰਿਆਂ ਦੀਆਂ ਵੰਨ-ਸੁਵੰਨਤਾਵਾਂ ਨੂੰ ਸਾਂਝ-ਸਹਿਹੋਂਦ ਦੇ ਇਕਸੁਰਤਾਪੂਰਨ ਰਿਸ਼ਤਿਆਂ ਨਾਲ ਬੰਨ੍ਹਣ ਵਾਲੀ ਅੰਤਰਦ੍ਰਿਸ਼ਟੀ ਨਿਹਿਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ-ਪ੍ਰਵਚਨ ਦਾ ਬਹੁਵਾਦੀ ਪਰਿਪੇਖ,

ਧਾਰਮਿਕ ਵਿਭਿੰਨਤਾਵਾਂ ਨੂੰ ਕੁਦਰਤ ਦੇ ਬਹੁਰੰਗੇ ਤੇ ਬਹੁਵੰਨੇ ਯਥਾਰਥ ਦਾ ਸਹਜ ਪ੍ਰਗਟਾਵਾ ਅਤੇ ਉਸ ਦਾ ਅਭਿੰਨ ਅੰਗ ਸਵੀਕਾਰਦਾ ਹੋਇਆ ਪ੍ਰਮਾਣਿਕਤਾ ਬਖ਼ਸ਼ਦਾ ਹੈ। ਦੂਜੇ ਪਾਸੇ ਸੱਭਿਆਚਾਰਕ ਸੰਦਰਭ ਵਿਚ ਇਨ੍ਹਾਂ ਵਿਭਿੰਨਤਾਵਾਂ ਨੂੰ ਵੰਡ-ਵਿਤਕਰਿਆਂ ਵਾਲੀ ਡੱਬੇਬੰਦ ਸੰਰਚਨਾ ਵਿਚ ਬੰਨ੍ਹਣ ਵਾਲੀ ਵਿਸ਼ਿਸ਼ਟਵਾਦੀ ਸੋਚ ਨੂੰ ਨਕਾਰਦਾ ਹੈ। ਇਸ ਬਾਣੀ-ਪ੍ਰਵਚਨ ਵਿਚ ਨਫ਼ਰਤ, ਬੇਗਾਨਗੀ ਤੇ ਧੜੇਬਾਜ਼/ਫੁਟਪਾਊ ਪ੍ਰਵਿਰਤੀ ਉਭਾਰਨ ਦੀਆਂ ਸੰਭਾਵਨਾਵਾਂ ਵਾਲੇ ਵਿਸ਼ਿਸ਼ਟਵਾਦੀ ਅਭਿਆਸਾਂ ਦੀ ਮੁਜਾਹਮਤੀ ਪੇਸ਼ ਕੀਤੀ ਗਈ ਹੈ ਅਤੇ ਇਹ ਵਿਭਿੰਨ ਧਰਮ-ਸੰਪਰਦਾਵਾਂ ਵਿਚਕਾਰ ਸ਼ਾਂਤੀਪੂਰਨ ਸਹਿਹੋਂਦ ਤੇ ਪਰਸਪਰ ਇਕਸੁਰਤਾ ਵਿਕਸਿਤ ਕਰਨ ਲਈ ਪਰਮਾਰਥੀ ਰਚਨਾ-ਵਿਉਂਤਾਂ ਸਿਰਜਦਾ ਹੈ :

*-ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥*
*ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥*[੧੯]
*-ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥*
*ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥*[੨੦]
*-ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥*
*ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥*[੨੧]
*-ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥*
*ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥*
*ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ॥*[੨੨]

ਸੋ ਬਾਣੀ ਪ੍ਰਵਚਨ ਦੀ ਦ੍ਰਿਸ਼ਟੀ ਵਿਚ ਧਰਮਪੰਥ ਜਾਂ ਧਾਰਮਿਕ ਮੱਤ-ਮਤਾਂਤਰ ਅਨੇਕ ਹਨ ਜਦਕਿ ਉਨ੍ਹਾਂ ਦਾ ਸਰੋਤ ਇੱਕੋ ਹੈ; ਸਾਂਝਾ ਹੈ। ਏਕ ਅਤੇ ਅਨੇਕ ਦਾ ਇਹ ਸਮਵਰਤਨ, ਆਤਮ ਨੂੰ ਪਾਰ-ਸੰਪਰਦਾਇਕ ਦ੍ਰਿਸ਼ਟੀ ਨਾਲ ਸੰਜੋਣ ਵਾਲੀ ਵਿਲੱਖਣ ਜੁਗਤਕਾਰੀ ਵਜੋਂ ਪੇਸ਼ ਹੁੰਦਾ ਹੈ। ਬਾਣੀ ਸਿਰਜਣ ਦੀ ਮੂਲ ਪ੍ਰੇਰਨਾਤਮਕ ਮਹਾਂਦ੍ਰਿਸ਼ਟੀ ਇਸ ਸਮਵਰਤਨ ਨੂੰ ਬ੍ਰਹਿਮੰਡ ਦੀ ਹੋਂਦਕਾਰੀ ਅਤੇ ਸੰਤੁਲਨ ਦੀ ਅਤਿ ਲੋੜੀਂਦੀ ਤੇ ਲਾਜ਼ਮੀ ਵਿਉਂਤਕਾਰੀ ਦੇ ਰੂਪ ਵਿਚ ਤਸਲੀਮ ਕਰਕੇ ਚੱਲਦੀ ਹੈ। ਇਸ ਸਮਵਰਤਨ ਵਿਚ ਕਾਇਨਾਤੀ ਅਨੇਕਤਾ ਅਨਿਯਮਤ, ਬੇਮੁਹਾਰੀ ਜਾਂ ਬੇਤਰਤੀਬੀ ਨਹੀਂ ਬਲਕਿ ਏਕਤਾ ਵਿਚ ਪਰੁੱਤੀ/ਵਿਉਂਤੀ ਹੋਈ ਹੈ। ਇਹ ਏਕਤਾ, ਇਕਸੁਰਤਾ ਦੀ ਵਾਹਕ ਹੈ ਅਤੇ ਨਿਆਂਕਾਰਤਾ ਦੀ ਜ਼ਾਮਨੀ ਹੈ ਅਤੇ ਨਿਰੰਕੁਸ਼ ਜਾਂ ਨਿਰਪੇਖ ਇਕਸਾਰਵਾਦੀ ਪ੍ਰਵਿਰਤੀ ਤੋਂ ਮੁਕਤ ਹੈ। ਬਾਣੀ-ਪ੍ਰਵਚਨ ਵਿਚ ਪ੍ਰਵਾਹਿਤ ਏਕ ਤੇ ਅਨੇਕ ਦੇ ਸੰਜੋਗ-ਵਿਜੋਗ ਦੀ ਇਹ ਰੱਬੀ ਖੇਡ ਅਥਵਾ ਸਮਵਰਤਨ, ਬ੍ਰਹਿਮੰਡੀ ਕਰਵਾਈ ਦੇ ਸੰਚਾਲਨ ਦੀ ਨਿਯਮਕਾਰੀ ਜਾਂ ਵਿਧਾਨ ਹੈ, 'ਹੁਕਮ' ਹੈ ਜਿਸ ਵਿਚ ਸਰਦਾਰੀ ਚੜ੍ਹਤ ਕਾਇਮ ਕਰਨ ਲਈ ਪਰਸਪਰ ਤਨਾਅ, ਕਸ਼ਮਕਸ਼, ਟਕਰਾਉ ਜਾਂ ਮੁਕਾਬਲੇਬਾਜ਼ੀ ਦੀ ਕੋਈ ਗੁੰਜਾਇਸ਼ ਨਹੀਂ। ਧਰਮ ਅਨੇਕਤਾ ਦੇ ਵਰਤਾਰੇ ਵਿਚ ਇਹੋ ਅੰਤਰਦ੍ਰਿਸ਼ਟੀ ਦਰਕਾਰ ਹੈ, ਜਿਸ ਨੂੰ ਬਾਣੀ-ਪ੍ਰਵਚਨ

ਦੇ ਅਨੇਕਾਂ ਪ੍ਰਕਰਨ ਖੂਬਸੂਰਤ ਅੰਦਾਜ਼ ਵਿਚ ਪੇਸ਼ ਕਰਦੇ ਹਨ। ਮਿਸਾਲ ਵਜੋਂ :

*-ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ॥*
*ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥ਰਹਾਉ॥*
*ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥*
*ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥*[੨੩]
*-ਭੀਤਰਿ ਏਕੁ ਅਨੇਕ ਅਸੰਖ॥ ਕਰਮ ਧਰਮ ਬਹੁ ਸੰਖ ਅਸੰਖ॥*
*ਬਿਨੁ ਭੈ ਭਗਤੀ ਜਨਮੁ ਬਿਰੰਥ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ॥*[੨੪]

ਬਾਣੀ-ਪ੍ਰਵਚਨ ਦੇ ਉਪਰੋਕਤ ਪ੍ਰਕਰਨਾਂ ਵਿੱਚੋਂ ਧਰਮ-ਸੰਪਰਦਾਵਾਂ ਦੇ ਸਵੈ-ਸਿਰਜਿਤ ਵਿਸ਼ਿਸ਼ਟਵਾਦੀ ਦਾਇਰਿਆਂ ਦੀ ਡੱਬੇਬੰਦ ਸੋਚ-ਦ੍ਰਿਸ਼ਟੀ ਨੂੰ ਸਿਰਜਣਹਾਰ ਦੀ ਅਪਾਰਤਾ, ਬਹੁਵੰਨਤਾ, ਬਹੁਰੰਗਤਾ ਨਾਲ ਤਾਲਮੇਲ ਬਣਾਉਣ ਦੀ ਸਮਰੱਥਾ ਵਾਲੀ ਪਰਮਾਰਥੀ ਰਚਨਾ-ਜੁਗਤ ਪ੍ਰਤੀਬਿੰਬਤ ਹੁੰਦੀ ਹੈ। ਇਹ ਰਚਨਾ-ਜੁਗਤ ਵਿਭਿੰਨ ਧਰਮ-ਸੰਪਰਦਾਵਾਂ ਨੂੰ ਸਿਰਜਣਹਾਰ ਦੀ ਸਰਗੁਣੀ ਰੂਪ-ਵਿਭਿੰਨਤਾ ਦਾ ਸਹਜ-ਪ੍ਰਗਟਾਵਾ ਸਵੀਕਾਰਦੀ ਹੋਈ, ਬ੍ਰਹਮਦ੍ਰਿਸ਼ਟੀ ਅਥਵਾ ਪਰਮਾਰਥੀ ਮਹਾਂਦ੍ਰਿਸ਼ਟੀ ਦੁਆਰਾ ਉਨ੍ਹਾਂ ਨੂੰ ਹਕੀਕੀ ਧਰਮ ਦੇ ਅਰਥਾਂ ਨਾਲ ਸੰਚਿਤ ਕਰਨ ਵੱਲ ਰੁਚਿਤ ਹੈ। ਇੱਥੇ ਪਾਰਬ੍ਰਹਮ ਹੀ ਸਾਰੇ ਧਾਰਮਿਕ ਸਿਧਾਂਤਾਂ, ਮੱਤਾਂ ਦਾ ਮੂਲ ਸਰੋਤ ਅਤੇ ਸਿਰਜਣਹਾਰ ਹੈ ਜੋ ਧਰਮ ਸੰਪਰਦਾਵਾਂ ਦੇ ਸੰਕੀਰਨ ਦਾਇਰਿਆਂ 'ਚ ਬੰਦ ਨਹੀਂ ਭਾਵ ਉਨ੍ਹਾਂ ਤੋਂ ਪਾਰ ਹੈ ਪਰੰਤੂ ਉਹ ਇਨ੍ਹਾਂ ਸਮਸਤ ਸੰਪਰਦਾਵਾਂ ਵਿੱਚੋਂ ਗੈਰਹਾਜ਼ਰ ਵੀ ਨਹੀਂ।

ਬਾਣੀ-ਪ੍ਰਵਚਨ ਅਨੁਸਾਰ ਸਾਰੇ ਸਰੀਰ ਇੱਕੋ ਹੀ ਰੱਬੀ ਸ਼ਕਤੀ ਨੇ ਸਾਜੇ ਹਨ ਅਤੇ ਸਾਰੇ ਲੋਕਾਂ ਵਿਚ ਇੱਕੋ ਹੀ ਨੂਰ ਹੈ। ਰੱਬੀ ਰਹਿਮਤ ਨਾਲ ਹਰ ਕੋਈ ਸੱਚ ਦੀ ਪ੍ਰਾਪਤੀ ਦਾ ਹੱਕਦਾਰ ਹੈ। ਸੋ ਇਸ ਦ੍ਰਿਸ਼ਟੀ ਤੋਂ ਵਿਭਿੰਨ ਧਾਰਮਿਕ ਮੱਤਾਂ, ਜਾਤਾਂ, ਵਰਗਾਂ ਦੇ ਲੋਕਾਂ ਨੂੰ ਉਚੇ-ਨੀਵੇਂ, ਮਾੜੇ-ਚੰਗੇ ਦੀਆਂ ਕੋਟੀਆਂ ਵਿਚ ਵੰਡਣਾ ਕਿਸੇ ਤਰ੍ਹਾਂ ਵੀ ਉੱਚਿਤ ਨਹੀਂ :

*ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥*
*ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥*
*ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ॥*[੨੫]

ਸੱਚੇ ਧਰਮੀ ਨੂੰ ਸਾਰੇ ਜੀਵ/ਜੀਵਨ-ਜੋਤਾਂ ਪਾਰਬ੍ਰਹਮ ਦਾ ਹੀ ਰੂਪ ਨਜ਼ਰ ਆਉਂਦੇ ਹਨ ਅਤੇ ਉਹ ਸਾਰੇ ਵਜੂਦਾਂ ਵਿਚ ਉਸ ਦਿੱਬ-ਸ਼ਕਤੀ ਦਾ ਪਸਾਰਾ ਦੇਖਦਾ ਹੈ। ਪਰਮਾਰਥੀ ਮੁਹਾਵਰੇ ਵਿਚ ਸਮਦ੍ਰਿਸ਼ਟੀ ਦੀ ਇਸ ਰਚਨਾ-ਵਿਉਂਤ ਵਿੱਚੋਂ ਰੂਹਾਨੀ ਇਕਸੁਰਤਾ ਦਾ ਸਿਰਜਨਹਾਰ ਨਜ਼ਰੀਆ ਪੇਸ਼ ਹੁੰਦਾ ਦੇਖਿਆ ਜਾ ਸਕਦਾ ਹੈ :

*-ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥*
*ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ॥*[੨੬]
*-ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥*

*ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥*
*ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥*[੨੭]

ਬਾਣੀ-ਪ੍ਰਵਚਨ ਵਿਚ ਨਿਹਿਤ ਪਾਰਸੰਪਰਦਾਇਕ ਅੰਤਰਦ੍ਰਿਸ਼ਟੀ ਬਹੁਧਰਮੀ ਵਿਲੱਖਣਤਾਵਾਂ ਪ੍ਰਤੀ ਵਿਸ਼ਿਸ਼ਟਵਾਦੀ ਰਵੱਈਆ (exclusivistic attitude) ਨਹੀਂ ਰੱਖਦੀ ਬਲਕਿ ਇਹ ਸਰਬੱਤ ਧਾਰਮਿਕ ਵਿਭਿੰਨਤਾਵਾਂ ਨੂੰ ਰੂਹਾਨੀ ਮਹਾਂਦ੍ਰਿਸ਼ਟੀ ਨਾਲ ਸੰਯੋਜਤ ਹੋਣ ਲਈ ਸਾਂਝ-ਸਹਿਯੋਗ, ਪਰਸਪਰ ਇਕਸੁਰਤਾ ਤੇ ਸਹਿਣਸ਼ੀਲਤਾ ਦੀ ਪ੍ਰਫੁਲਤਾ ਲਈ ਉਪਯੋਗੀ ਤੇ ਉਸਾਰੂ ਪ੍ਰੇਰਨਾ-ਵਿਧੀ ਵਜੋਂ ਪੇਸ਼ ਹੁੰਦੀ ਹੈ। ਬਹੁਵਾਦੀ ਪਰਿਪੇਖ ਤੋਂ ਇਸ ਧਾਰਨਾ ਦਾ ਬੁਨਿਆਦੀ ਆਧਾਰ ਸਮਸਤ ਵਿਭਿੰਨਤਾਵਾਂ, ਵਿਲੱਖਣਤਾਵਾਂ ਨੂੰ ਸਵੀਕ੍ਰਿਤੀ ਦੇਣਾ ਹੈ ਜੋ ਕਿ ਰੱਬੀ ਰਚਨਾਕਾਰੀ ਦਾ ਖ਼ੂਬਸੂਰਤ ਸੁਹਜ-ਵਰਤਾਰਾ ਜਾਂ ਵਿਸਮਾਦੀ ਖੇਡ ਹੈ।

ਭਾਰਤੀ ਅਤੇ ਸਾਮੀ ਧਰਮਾਂ ਵਿਚਕਾਰ ਸਾਂਝ-ਸੁਮੇਲ ਵਾਲਾ ਸਹਿਹੋਂਦੀ ਮਾਹੌਲ ਕਾਇਮ ਕਰਨ ਵਿਚ ਸੂਫੀਆਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਵੱਡਾ ਯੋਗਦਾਨ ਰਿਹਾ ਹੈ। ਧਾਰਮਿਕ ਵਿਭਿੰਨਤਾਵਾਂ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸਮਦ੍ਰਿਸ਼ਟੀ ਸੂਫੀ ਸੰਤਾਂ ਦੀ 'ਸੁਲਹਕੁਲ' ਦੀ ਸੰਕਲਪਨਾ ਨਾਲ ਸੁਮੇਲਤਾ ਕਾਇਮ ਕਰਦੀ ਹੈ। 'ਸੁਲਹਕੁਲ' ਦਾ ਅਰਥ ਹੈ – ਸਭ ਨਾਲ ਪਿਆਰ ਮੁਹੱਬਤ, ਮਿੱਤਰਤਾ; ਕਿਸੇ ਵੀ ਦੀਨ-ਧਰਮ ਨਾਲ ਦੁਸ਼ਮਣੀ ਨਾ ਰੱਖਣਾ; ਦੋਸਤ-ਦੁਸ਼ਮਣ ਨਾਲ ਇੱਕ ਸਮਾਨ ਪ੍ਰੇਮ ਨਾਲ ਪੇਸ਼ ਆਉਣਾ।[੨੮] ਭਾਰਤ ਵਿਚ ਸੂਫੀਆਂ ਦਾ ਦ੍ਰਿਸ਼ਟੀਕੋਣ 'ਸੁਲੇਹਕੁਲ' ਤੇ 'ਅਲ-ਖਲਕ-ਆਯਾਲੁੱਲਾਹ' ਦੇ ਸਿਧਾਂਤਾਂ ਉੱਤੇ ਆਧਾਰਿਤ ਸੀ। 'ਅਲ-ਖ਼ਲਕੁ-ਆਯਾਲੁੱਲਾਹ' ਦਾ ਅਰਥ ਸਾਰੀ ਮਖ਼ਲੂਕ (ਤਮਾਮ ਜੀਵਾਂ) ਨੂੰ ਰੱਬ ਦਾ ਟੱਬਰ ਸਮਝਣਾ।[੨੯] ਇਸ ਸਿਧਾਂਤ ਦੀ ਬਾਣੀ-ਪ੍ਰਵਚਨ ਦੀ ਸਮਦ੍ਰਿਸ਼ਟੀ ਨਾਲ ਸੁਮੇਲਤਾ ਸਪੱਸ਼ਟ ਜ਼ਾਹਰ ਹੁੰਦੀ ਹੈ।

ਧਾਰਮਿਕ ਬਹੁਵਾਦ ਨਾਲ ਸੰਬੰਧਿਤ ਵਰਤਮਾਨ ਸਰੋਕਾਰ ਤੇ ਸੰਕਲਪਨਾਵਾਂ ਜਿਵੇਂ: ਧਾਰਮਿਕ ਸਹਿਹੋਂਦ, ਇਕਸੁਰਤਾ, ਸਹਿਣਸ਼ੀਲਤਾ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਦੇ ਸੰਦਰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ-ਪ੍ਰਵਚਨ ਦਾ 'ਸੁਲਹਕੁਲ' ਦ੍ਰਿਸ਼ਟੀਕੋਣ ਮਜ਼ਹਬੀ ਕੱਟੜਤਾ ਅਤੇ ਸੰਪਰਦਾਇਕ ਸੰਕੀਰਨਤਾ ਦੇ ਨਿਵਾਰਨ ਦੀਆਂ ਰਚਨਾ-ਵਿਉਂਤਾਂ ਪੇਸ਼ ਕਰਦਾ ਹੈ। ਬਹੁਧਰਮੀ ਬਹੁਸੱਭਿਆਚਾਰਕ ਸਮਾਜ ਵਿਚ ਪਾਰ-ਸੰਪਰਦਾਇਕ ਦ੍ਰਿਸ਼ਟੀ ਦਾ ਸੰਚਾਰ ਕਰਨ ਲਈ ਸਭ ਵਿਚ ਪਾਰਬ੍ਰਹਮ ਦੀ ਪਰਮਜੋਤਿ ਨੂੰ ਪ੍ਰਜਵਲਿਤ ਦੇਖਣ ਦਾ ਨਜ਼ਰੀਆ ਪ੍ਰਦਾਨ ਕਰਦਾ ਹੈ। ਸਭ ਨਾਲ ਸਾਂਝ-ਸੁਮੇਲ, ਮਿਲਵਰਤਨ ਕਾਇਮ ਕਰਕੇ ਰਹਿਣ; ਸਾਰਿਆਂ ਨੂੰ ਨਾਲ ਲੈ ਕੇ ਚੱਲਣ ਅਤੇ ਸਾਰਿਆਂ ਦੇ ਨਾਲ ਚੱਲਣ ਦੀਆਂ ਪ੍ਰੇਰਣਾਤਮਕ ਜੁਗਤਾਂ ਪੇਸ਼ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਦੀ ਇੱਕ ਅਹਿਮ ਵਿਸ਼ੇਸ਼ਤਾ ਹੈ :

*ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ॥*
*ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ॥*[੩੦]

ਸਭ ਵਿਭਿੰਨਤਾਵਾਂ ਅੰਦਰ ਪਾਰਬ੍ਰਹਮ ਦੀ ਨੂਰੀ ਝਲਕ ਦੇਖਣ ਵਾਲੀ ਇਹ ਮਹਾਂਦ੍ਰਿਸ਼ਟੀ, ਸਾਰੇ ਜੀਵਾਂ ਨੂੰ ਇੱਕੋ ਪਰਮ-ਪਿਤਾ ਦੀ ਸੰਤਾਨ ਸਵੀਕਾਰਨ[੩੧] ਅਤੇ ਦੂਜਿਆਂ ਨੂੰ 'ਆਪਣਾ' ਸਮਝਣ ਦੇ ਭਾਵ ਜਗਾਉਂਦੀ ਹੈ। ਸਾਰਾ ਬ੍ਰਹਿਮੰਡ, ਪਾਰਬ੍ਰਹਮ ਦੀ ਸਿਰਜਨਾ ਹੈ; ਸਭ ਉਸੇ ਦਾ ਰੂਪ ਹਨ; ਸਭ ਉਸ ਪਰਮਹੋਂਦ ਦੀ ਹਾਜ਼ਰੀ ਨਾਲ ਭਰਪੂਰ ਹਨ ਤਾਂ ਕੋਈ ਪਰਾਇਆ ਜਾਂ ਬੇਗਾਨਾ ਕਿਵੇਂ ਹੋ ਸਕਦਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ-ਪ੍ਰਵਚਨ ਦੇ ਅਨੇਕਾਂ ਪ੍ਰਕਰਨਾਂ ਵਿਚ ਇਹ ਭਾਵ-ਦ੍ਰਿਸ਼ਟੀ ਸੰਜੋਈ ਹੋਈ ਨਜ਼ਰ ਆਉਂਦੀ ਹੈ :

*-ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ॥*[੩੨]
*-ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ॥*[੩੩]
*-ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ॥*
*ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥*[੩੪]

ਧਾਰਮਿਕ ਬਹੁਵਾਦ ਦੇ ਚਿੰਤਨ ਦਾ ਇੱਕ ਵੱਡਾ ਸਰੋਕਾਰ ਇਹ ਹੈ ਕਿ ਵਿਭਿੰਨ ਧਰਮ ਪਰੰਪਰਾਵਾਂ ਦੇ ਪੈਰੋਕਾਰ ਸ਼ਾਂਤੀਪੂਰਵਕ ਸਹਿਹੋਂਦੀ ਸੰਬੰਧਾਂ ਨਾਲ ਆਪਸ ਵਿਚ ਮਿਲ-ਜੁਲ ਕੇ ਕਿਵੇਂ ਰਹਿਣ? ਬਾਣੀ-ਪ੍ਰਵਚਨ ਦੇ ਨਿਮਨਲਿਖਤ ਪ੍ਰਕਰਨ ਵਿੱਚੋਂ ਬਹੁਧਰਮੀ ਵਿਸ਼ਵਾਸਾਂ ਨਾਲ ਸੰਬੰਧਿਤ ਸੱਚੇ ਭਗਤਾਂ ਨਾਲ ਮਿਲ ਕੇ ਪਰਮਾਰਥੀ ਬਚਨ-ਬਿਲਾਸ ਦੀ ਖਾਹਿਸ਼ ਪਾਰਸੰਪਰਦਾਇਕ, ਸਹਿਹੋਂਦੀ ਸੰਬੰਧ ਸਿਰਜਣ ਦੀ ਸੰਵੇਦਨਾ ਵਜੋਂ ਪਰਗਟ ਹੁੰਦੀ ਹੈ :

*-ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥*
*ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥*
*ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥*
*ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥*[੩੫]

ਜੋਗਮੱਤ ਦੇ ਬਾਰਾਂ ਪੰਥਾਂ : ਹੇਤੁ, ਪਾਵ, ਆਈ, ਗਮਯ, ਕੰਥੜੀ, ਪਾਗਲ, ਗੋਪਾਲ, ਰਾਵਲ, ਬਨ, ਧਵਜ, ਚੋਲੀ, ਦਾਸ ਅਤੇ ਛੇ ਭੇਖਾਂ : ਯੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ - ਦੇ ਹਵਾਲੇ ਨਾਲ ਬਹੁਵੰਨੀਆਂ ਅੰਤਰ-ਧਰਮੀ (inter-religious) ਅਤੇ ਆਂਤਰਿਕ-ਧਰਮੀ (Intra-religious) ਪਰੰਪਰਾਵਾਂ ਵਿਚਕਾਰ ਸਾਂਝ-ਸਹਿਹੋਂਦ ਕਾਇਮ ਕਰਨ ਲਈ ਬਾਣੀ-ਪ੍ਰਵਚਨ ਨੇ ਉਨ੍ਹਾਂ ਸਾਰਿਆਂ ਨੂੰ ਸਾਂਝੇ ਹਕੀਕੀ ਧਰਮ ਦੁਆਰਾ ਪਰਮਸੱਚ ਨਾਲ ਜੁੜਨ ਦੀ ਤਕਨੀਕ ਪੇਸ਼ ਕੀਤੀ ਹੈ। ਇਹ ਦ੍ਰਿਸ਼ਟੀਕੋਣ ਧਾਰਮਿਕ ਵਿਭਿੰਨਤਾਵਾਂ ਦੇ ਦਿਸਣਹਾਰ ਵਖਰੇਵਿਆਂ ਵਿੱਚੋਂ ਵੀ ਸੰਜੋਗੀ ਤੇ ਸਹਿਹੋਂਦੀ ਝਲਕਾਰਿਆਂ ਦੇ ਰੂਹਾਨੀ ਅਹਿਸਾਸ ਰਾਹੀਂ ਮਾਨਸਿਕ ਸ਼ਾਂਤੀ ਅਤੇ ਸੱਚ ਨੂੰ ਸਮਝਣ-ਬੁੱਝਣ ਦੀਆਂ ਜੁਗਤਾਂ ਤਲਾਸ਼ਣ ਦੀ ਵਿਧੀ ਪੇਸ਼ ਕਰਦਾ ਹੈ ਜੋ ਕਿ ਅਸਲ ਵਿਚ ਸੱਚੀ ਧਾਰਮਿਕਤਾ ਦਾ ਅਮਲ-ਅਭਿਆਸ ਹੈ :

*ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥*

*ਬਾਰਹ ਅੰਤਰਿ ਏਕੁ ਸਰੇਵਹੁ ਖਟ ਦਰਸਨ ਇਕ ਪੰਥਾ॥*
*ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥*
*ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥*[੩੬]

ਅੰਤਰ-ਧਰਮ ਸੰਵਾਦ ਦੇ ਸੰਦਰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਬਹੁਤ ਹੀ ਮਹੱਤਵਸ਼ਾਲੀ ਤੇ ਪ੍ਰਭਾਵਕਾਰੀ ਸੰਵਾਦ-ਜੁਗਤਾਂ ਦੀ ਪੇਸ਼ਕਾਰੀ ਕਰਦੀ ਹੈ। ਬਾਣੀ-ਪ੍ਰਵਚਨ ਦੀ ਸਿਰਜਨ ਪ੍ਰਕਿਰਿਆ ਵਿੱਚੋਂ ਸੰਬੋਧਿਤ ਵਰਗ ਦੀਆਂ ਧਰਮ-ਸ਼ਾਸਤਰੀ, ਧਰਮੋ-ਸੱਭਿਆਚਾਰਕ ਸੰਰਚਨਾਵਾਂ, ਸੰਕਲਪਨਾਵਾਂ, ਵਿਸ਼ਵਾਸਾਂ ਤੇ ਅਭਿਆਸਾਂ ਦੀ ਪਰਮਸੱਚ ਨਾਲ ਊਰਜਿਤ ਪੁਨਰ-ਵਿਆਖਿਆ ਅਤੇ ਅਮਲਮੁਖ ਪੇਸ਼ਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵਿਦਮਾਨ ਅੰਤਰਮੱਤ ਸੰਵਾਦ ਪ੍ਰਕਿਰਿਆ ਦੇ ਪ੍ਰਯੋਜਨ ਨੂੰ ਸਪਸ਼ਟ ਤੌਰ 'ਤੇ ਜ਼ਾਹਰ ਕਰਦੀ ਹੈ। ਬਾਣੀ-ਪ੍ਰਵਚਨ ਵਿਚ ਵਿਭਿੰਨ ਧਰਮ-ਪਰੰਪਰਾਵਾਂ ਨੂੰ ਪਰਸਪਰ ਦੂਰੀਆਂ ਮਿਟਾਉਣ, ਨਜ਼ਦੀਕੀਆਂ ਸਿਰਜਣ ਅਤੇ ਸਰਬ-ਕਲਿਆਣ ਹਿੱਤ ਕਾਰਜਸ਼ੀਲਤਾ ਤੇ ਉਪਯੋਗਤਾ ਵਧਾਉਣ ਹਿੱਤ ਪ੍ਰੇਰਨਾਤਮਕ ਪ੍ਰਸੰਗ ਉਸਾਰੇ ਗਏ ਹਨ। ਪੁਨਰ-ਵਿਆਖਿਆ ਅਤੇ ਪੁਨਰ-ਪੇਸ਼ਕਾਰੀ ਦੀ ਇਸ ਕਵਾਇਦ ਰਾਹੀਂ ਬਾਣੀ-ਪ੍ਰਵਚਨ ਦੂਜਿਆਂ ਦੇ ਦੂਜੇਪਣ ਨੂੰ ਗੌਰਵਸ਼ਾਲੀ ਬਣਾਉਣ ਅਤੇ ਉਨ੍ਹਾਂ ਦੀਆਂ ਧਾਰਮਿਕ ਤੇ ਸੱਭਿਆਚਾਰਕ ਰਚਨਾ-ਵਿਉਂਤਾਂ ਨੂੰ ਪ੍ਰਸੰਗਿਕ ਬਣਾਉਣ ਦੀ ਉਦਾਤ ਮਨਸ਼ਾ ਤਹਿਤ ਧਰਮ ਨੂੰ ਹਕੀਕੀ ਅਰਥਾਂ ਵਿਚ ਸਮਝਣ-ਅਪਣਾਉਣ ਦੀ ਸਿਫਾਰਸ਼ ਕਰਦਾ ਹੈ।

ਅੰਤਰ-ਧਰਮ ਸੰਵਾਦ ਦੇ ਸੰਦਰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਦੀ ਵਿਲੱਖਣਤਾ ਇਹ ਹੈ ਇਸ ਸੰਵਾਦ-ਪ੍ਰਕਿਰਿਆ ਦੌਰਾਨ ਬਹੁਧਰਮੀ ਸੰਕਲਪੀ ਬਣਤਰਾਂ ਦੀਆਂ ਨਿਵੇਕਲੀਆਂ ਪਛਾਣਾਂ ਅਤੇ ਅੰਤਰਭੇਦ ਕਾਇਮ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਤਰਾਂ ਦੀ ਠੇਸ ਨਹੀਂ ਪਹੁੰਚਦੀ। ਦੂਜੇ ਪਾਸੇ ਇਹ ਬਹੁਧਰਮੀ ਸੰਕਲਪੀ ਬਣਤਰਾਂ, ਨਵੇਂ ਧਰਮ-ਸ਼ਾਸਤਰੀ ਸੰਦਰਭ ਵਿਚ ਰੂਹਾਨੀ-ਹਕੀਕੀ ਅਰਥਾਂ ਨਾਲ ਸੰਚਿਤ ਹੋ ਕੇ ਤਾਜ਼ਗੀ, ਨਵੀਨਤਾ ਤੇ ਸਦਜੀਵਤਾ ਦੀ ਨਵੀਂ ਨਿਵੇਕਲੀ ਭਾਵਨਾ ਨਾਲ ਭਰਪੂਰ ਹੋ ਕੇ ਜੁਗ-ਅਨੁਕੂਲ ਸਾਰਥਿਕਤਾ ਗ੍ਰਹਿਣ ਕਰਦੀਆਂ ਹਨ। ਵਿਭਿੰਨਤਾਵਾਂ, ਵੰਨ-ਸੁਵੰਨਤਾਵਾਂ ਦੀ ਪ੍ਰਮਾਣਿਕਤਾ ਸਥਾਪਿਤ ਕਰਨ ਵਾਲੀ ਇਹ ਸੰਵਾਦ-ਪ੍ਰਕਿਰਿਆ ਪਰਮਾਰਥੀ ਚੇਤਨਾ ਨਾਲ ਸੰਜੋਈਆਂ ਕਦਰਾਂ-ਕੀਮਤਾਂ, ਨੇਕੀਆਂ-ਚੰਗਿਆਈਆਂ ਅਤੇ ਗੁਣਾਂ ਦੇ ਨੈਤਿਕ-ਵਿਧਾਨ ਦੁਆਰਾ ਗਤੀਮਾਨ ਹੁੰਦੀ ਹੈ।

ਗੁਣ, ਸਾਂਝ-ਸੰਵਾਦ ਦੇ ਸਿਰਜਕ ਅਤੇ ਜੀਵਨ-ਸੰਗਰਾਮ ਵਿਚ ਦ੍ਰਿੜ੍ਹਤਾ ਸਹਿਤ ਨਾਲ ਨਿਭਣ ਵਾਲੇ ਸਹਾਇਕ ਉਪਯੋਗੀ ਉਪਕਰਣ ਹਨ। ਗੁਣਾਂ ਦੀ ਸਾਂਝ ਪਰਸਪਰ ਪ੍ਰੇਮ-ਪਿਆਰ, ਸਨੇਹ, ਨਜ਼ਦੀਕੀਆਂ ਨੂੰ ਵਧਾਉਂਦੀ ਹੈ ਜਦਕਿ ਬੁਰਾਈਆਂ ਜਾਂ ਔਗੁਣ ਦੂਰੀਆਂ ਵਧਾਉਣ ਦੀ ਵਜ੍ਹਾ ਬਣਦੇ ਹਨ। ਇਸ ਲਈ ਗੁਣ ਜਿੱਥੋਂ ਵੀ ਮਿਲਣ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੇ ਬੇਝਿਜਕ ਹੋ ਕੇ ਗ੍ਰਹਿਣ ਕਰ ਲੈਣ

ਦੀ ਸਿਫਾਰਸ਼ ਕੀਤੀ ਹੈ :

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*[੩੭]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਵਾਦੀ ਪ੍ਰਵਚਨ-ਵਿਧੀ ਕਿਸੇ ਵਿਸ਼ੇਸ਼ ਜਾਂ ਆਪਣੀ ਧਰਮ-ਪਰੰਪਰਾ ਨੂੰ ਉੱਤਮ ਤੇ ਦੂਜੀ ਨੂੰ ਨੀਵਾਂ ਦਿਖਾਉਣ/ਦਰਸਾਉਣ ਵਾਲੀ ਵਿਸ਼ਿਸ਼ਟਵਾਦੀ ਪ੍ਰਵਿਰਤੀ ਤੋਂ ਉਚੇਰੇ ਧਰਾਤਲ 'ਤੇ ਵਿਚਰਦੀ ਹੈ ਅਤੇ ਹਰ ਪ੍ਰਸਥਿਤੀ ਵਿਚ ਪਰਸਪਰ ਸਾਂਝ, ਸਹਿਯੋਗ ਤੇ ਸਨਮਾਨ ਦੇ ਜਜ਼ਬੇ ਨਾਲ ਸੰਜੋਈ ਰਹਿੰਦੀ ਹੈ। ਇਸੇ ਦ੍ਰਿਸ਼ਟੀ ਤੋਂ ਹੀ ਬਾਣੀ-ਪ੍ਰਵਚਨ ਵਿਚ ਕਹਿਣ-ਸੁਣਨ ਦੀ ਉਸਾਰੂ ਪ੍ਰਵਿਰਤੀ ਨੂੰ ਸਲਾਹਿਆ ਅਤੇ ਉਤਸ਼ਾਹਿਤ ਵੀ ਕੀਤਾ ਗਿਆ ਹੈ। ਦੁਨੀਆ ਦੀਆਂ ਵਾਸ਼ਨਾਵਾਂ ਤੇ ਲਾਲਸਾਵਾਂ ਵਾਲੀ ਵਿਕਾਰੀ ਜੀਵਨ-ਸ਼ੈਲੀ ਤੋਂ ਨਿਰਲੇਪ ਰਹਿਣ, ਮੌਤ ਨੂੰ ਯਾਦ ਰੱਖਣ ਅਤੇ ਜੀਵਨ ਦੀ ਅਸਲੀਅਤ ਬਾਰੇ ਸਾਂਝ-ਸੰਵਾਦ ਨੂੰ ਜਾਰੀ ਰੱਖਣ ਅਤੇ ਹਕੀਕੀ ਧਰਮ ਦੀ ਸਫਲ ਜੀਵਨ-ਸ਼ੈਲੀ ਅਪਣਾਉਣ ਦੇ ਗੁਰ-ਸੂਤਰ ਦਰਸਾਏ ਗਏ ਹਨ। ਬਾਣੀ-ਪ੍ਰਵਚਨ ਅਨੁਸਾਰ ਦੁਨੀਆ 'ਚ ਟਿਕੇ ਰਹਿਣ ਅਥਵਾ ਸਦੀਵੀ ਯਾਦ ਕਾਇਮ ਰੱਖਣ ਦਾ ਹੋਰ ਕੋਈ ਤਰੀਕਾ ਤਲਾਸ਼ਿਆ ਨਹੀਂ ਜਾ ਸਕਿਆ:

*ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥*
*ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ॥*[੩੮]

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ-ਪ੍ਰਵਚਨ ਦੇ ਸਮੁੱਚੇ ਪ੍ਰਕਰਨ ਪ੍ਰਤੱਖ-ਅਪ੍ਰਤੱਖ ਰੂਪ 'ਚ ਵੰਨਸੁਵੰਨੀਆਂ ਇਸ਼ਟ-ਉਪਾਸ਼ਨਾਵਾਂ ਵਾਲੇ ਧਰਮਪੰਥਾਂ ਜਾਂ ਮੱਤ-ਮਤਾਂਤਰਾਂ ਨੂੰ ਇਕਸੁਰਤਾ ਪ੍ਰਦਾਨ ਕਰਨ ਵਾਲੀ ਪਾਰ-ਸੰਪਰਦਾਇਕ ਅੰਤਰਦ੍ਰਿਸ਼ਟੀ ਨਾਲ ਸੰਚਿਤ ਹਨ। ਬ੍ਰਹਿਮੰਡੀ ਸੋਚ-ਪ੍ਰਣਾਲੀ ਅਤੇ ਹਕੀਕੀ ਧਰਮ ਦੀ ਰੂਹ ਨੂੰ ਪ੍ਰਫੁੱਲਤ ਕਰਨ ਵਾਲੀ ਇਸ ਦੀ ਪ੍ਰਵਚਨ-ਵਿਧੀ ਲੋਕਾਈ ਨੂੰ ਮਜ਼ਹਬੀ ਕੱਟੜਤਾ, ਫਿਰਕੂ ਨਫ਼ਰਤ, ਵੈਰ-ਵਿਰੋਧ, ਈਰਖਾ, ਦਵੈਤ ਦੇ ਦਮ-ਘੁੱਟਵੇਂ ਵਾਤਾਵਰਨ ਅਤੇ ਸੰਕੀਰਨ ਦਾਇਰਿਆਂ ਵਿੱਚੋਂ ਨਿਕਲ ਕੇ ਉਦਾਰ ਮਾਨਸਿਕਤਾ ਨੂੰ ਗ੍ਰਹਿਣ ਕਰਨ ਦੀ ਸਰਗਰਮ ਜੁਗਤਕਾਰੀ ਵਜੋਂ ਪੇਸ਼ ਹੁੰਦੀ ਹੈ। ਧਾਰਮਿਕ ਬਹੁਵਾਦ ਅਤੇ ਸਮਕਾਲੀ ਚਿੰਤਨ ਦੇ ਸੰਦਰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ, ਬਹੁਧਰਮੀ ਪਰੰਪਰਾਵਾਂ ਨੂੰ ਭਾਸ਼ਾਈ, ਸੱਭਿਆਚਾਰਕ, ਭੂਗੋਲਿਕ, ਇਤਿਹਾਸਿਕ ਅਤੇ ਧਰਮ-ਸ਼ਾਸਤਰੀ ਦਾਇਰਿਆਂ ਤੋਂ ਪਾਰ ਝਾਕਣ ਵਾਲੀ ਪਰਮਾਰਥੀ ਮਹਾਂਦ੍ਰਿਸ਼ਟੀ ਅਤੇ ਸੰਵਾਦ ਸਿਰਜਣ ਦੇ ਸਮਰੱਥ ਵਿਲੱਖਣ ਰੂਹਾਨੀ ਸੰਵੇਦਨਾ ਨਾਲ ਸਰਸ਼ਾਰ ਕਰਦੀ ਹੈ।

ਇਸ ਵਿਚ ਭਿੰਨਤਾਵਾਂ ਦੀ ਸਵੀਕ੍ਰਿਤੀ, ਦੂਜੇ ਦੇ ਗੌਰਵ ਦਾ ਸਨਮਾਨ, ਦੂਜਿਆਂ ਨਾਲ ਤਾਲਮੇਲ ਕਾਇਮ ਕਰਨ ਦੀ ਚੇਸ਼ਟਾ ਅਤੇ ਹਰ ਸੂਰਤ ਵਿਚ ਉਸ ਨੂੰ ਬਰਕਰਾਰ ਰੱਖਣ ਵਾਲੀ ਅੰਤਰਦ੍ਰਿਸ਼ਟੀ ਨਿਹਿਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ-ਪ੍ਰਵਚਨ ਦਾ ਮੂਲ-ਮਨੋਰਥ ਮਾਨਵੀ ਆਤਮ ਦੀ ਨਿਵੇਕਲੀ ਘਾੜਤ ਜਾਂ ਨਿਰਮਾਣਕਾਰੀ ਦੀਆਂ ਰਚਨਾ-ਵਿਉਂਤਾਂ ਪੇਸ਼ ਕਰਨਾ ਹੈ, ਜੋ ਸਵੈ-ਵਿਕਾਸ ਦੀ ਪ੍ਰਕਿਰਿਆ ਵਿਚ ਭਿੰਨਤਾਵਾਂ ਅਤੇ ਦੂਜਿਆਂ ਦੀ ਅਹਿਮੀਅਤ ਨੂੰ ਸਮਝੇ। ਦੂਜਿਆਂ ਤੋਂ ਮੂੰਹ ਵੱਟ ਕੇ ਰੱਖਣ, ਉਨ੍ਹਾਂ ਦਾ ਦਮਨ ਕਰਨ ਜਾਂ ਉਨ੍ਹਾਂ ਨੂੰ ਘਟਾ ਕੇ ਪੇਸ਼ ਕਰਨ ਵਾਲੀ ਵਿਸ਼ਿਸ਼ਟਵਾਦੀ ਪ੍ਰਵਿਰਤੀ ਤੋਂ ਨਿਰਲੇਪ ਰਹਿੰਦੇ ਹੋਏ ਆਪਣੀ ਸ਼ਖ਼ਸੀਅਤ ਨੂੰ ਸਰਬੱਤ ਕਾਇਨਾਤੀ ਸੰਰਚਨਾਵਾਂ ਨਾਲ ਸਹਿਹੋਂਦ ਬਣਾਈ ਰੱਖਣ ਦੀ ਕਾਬਲੀਅਤ ਨਾਲ ਸੰਚਿਤ ਕਰੇ। ਇਸ ਪ੍ਰਯੋਜਨ ਹਿੱਤ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪਵਿੱਤਰ-ਪਾਠ ਵਿਚ ਸਾਰਿਆਂ ਨੂੰ ਨਾਲ ਲੈ ਕੇ ਤੁਰਨ ਅਤੇ ਸਾਰਿਆਂ ਦੇ ਨਾਲ ਹੋ ਕੇ ਤੁਰਨ ਦੀ ਵਿਲੱਖਣ ਅੰਤਰਦ੍ਰਿਸ਼ਟੀ, ਪਰਮਾਰਥੀ ਰਚਨਾ-ਵਿਉਂਤਾਂ ਦੇ ਅੰਤਰਗਤ ਪੇਸ਼ ਹੋਈ ਹੈ। ਇਸ ਤਰ੍ਹਾਂ ਵਿਭਿੰਨਤਾਵਾਂ ਨੂੰ ਪ੍ਰਵਾਨਗੀ, ਦੂਜਿਆਂ ਨਾਲ ਪ੍ਰੇਮ-ਪਿਆਰ ਤੇ ਸੱਜਣਤਾਈ ਵਾਲਾ 'ਸੁਲਹਕੁਲ' ਵਿਵਹਾਰ ਅਤੇ ਸਭ ਨਾਲ ਸਾਂਝ-ਸੰਵਾਦ ਦਾ ਸੰਜੋਗੀ ਰਿਸ਼ਤਾ ਗੰਢਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪਾਰ-ਸੰਪਰਦਾਇਕ ਅੰਤਰਦ੍ਰਿਸ਼ਟੀ ਦੇ ਮੁੱਖ ਸਰੋਕਾਰਾਂ ਵਜੋਂ ਉਘੜਦੇ ਹਨ।

ਹਵਾਲੇ ਅਤੇ ਟਿੱਪਣੀਆਂ :


੧. ਗੁਰਭਗਤ ਸਿੰਘ (ਡਾ.), *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੦੩, ਪੰਨਾ ੮੨.

੨. *ਸ੍ਰੀ ਗੁਰੂ ਗ੍ਰੰਥ ਸਾਹਿਬ,* ਜਪੁ, ੧੩.

੩. *ਉਹੀ,* ਰਾਗੁ ਬਸੰਤ, ਅਸਟਪਦੀਆ, ੧੧੮੮.

੪. *ਉਹੀ,* ਰਾਗੁ ਮਾਝ, ਵਾਰ, ੧੩੮.

੫. *ਉਹੀ,* ਰਾਗੁ ਆਸਾ, ੩੫੧.

੬. *ਉਹੀ,* ਰਾਗੁ ਮਾਰੂ, ਸੋਲਹੇ, ੧੦੨੧.

੭. *ਉਹੀ,* ਰਾਗੁ ਸੋਰਠਿ, ੫੯੬.

੮. *ਉਹੀ,* ਰਾਗੁ ਆਸਾ, ਵਾਰ, ੪੬੩-੬੪.

੯. ਕਿਰਪਾਲ ਸਿੰਘ (ਡਾ.), *ਜਨਮਸਾਖੀ ਪਰੰਪਰਾ,* ੧੨੭.

੧੦. *ਵਾਰਾਂ ਭਾਈ ਗੁਰਦਾਸ ਜੀ,* ਵਾਰ ੧ : ੩੩.

੧੧. *ਸ੍ਰੀ ਗੁਰੂ ਗ੍ਰੰਥ ਸਾਹਿਬ,* ਰਾਗ ਰਾਮਕਲੀ, ਅਸਟਪਦੀਆ, ੯੦੩.

੧੨. *ਉਹੀ,* ਰਾਗੁ ਮਾਝ, ਵਾਰ, ੧੪੦.

੧੩. *ਉਹੀ,* ਜਪੁ, ੬

੧੪. *ਉਹੀ,* ੧੧੩੬.

*ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥*


੧੫. *ਉਹੀ*, ਰਾਗੁ ਰਾਮਕਲੀ, ਵਾਰ, ੯੫੨.

੧੬. *ਉਹੀ*, ਰਾਗੁ ਧਨਾਸਰੀ, ੬੬੨.

੧੭. *ਉਹੀ*, ਸਲੋਕ ਵਾਰਾਂ ਤੇ ਵਧੀਕ, ੧੪੧੧.

੧੮. *ਉਹੀ*, ਰਾਗੁ ਮਾਝ, ਵਾਰ, ੧੪੧.

੧੯. *ਉਹੀ*, ਰਾਗੁ ਰਾਮਕਲੀ, ਸਿਧ ਗੋਸਟਿ, ੯੩੯.

੨੦. *ਉਹੀ*, ੯੪੧.

੨੧. *ਉਹੀ*, ਰਾਗੁ ਰਾਮਕਲੀ, ੮੭੭.

੨੨. *ਉਹੀ*, ਰਾਗੁ ਸਿਰੀਰਾਗੁ, ਅਸਟਪਦੀਆ, ੫੩.

੨੩. *ਉਹੀ*, ਸੋਹਿਲਾ, ੧੨.

੨੪. *ਉਹੀ*, ਰਾਗੁ ਆਸਾ, ਅਸਟਪਦੀਆ, ੪੧੩.

੨੫. *ਉਹੀ*, ਰਾਗੁ ਸਿਰੀ, ਅਸਟਪਦੀਆਂ, ੬੨.

੨੬. *ਉਹੀ*, ਰਾਗੁ ਆਸਾ, ੩੫੧.

੨੭. *ਉਹੀ*, ਰਾਗੁ ਮਾਝ, ਵਾਰ, ੧੩੮.

੨੮. (ੳ) ਜੀਤ ਸਿੰਘ ਸੀਤਲ (ਡਾ.), *ਫਾਰਸੀ-ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੯੬, ਪੰਨਾ ੪੬੨;

(ਅ) ਕਾਨ੍ਹ ਸਿੰਘ ਨਾਭਾ, *ਗੁਰਮਤ ਮਾਰਤੰਡ (ਭਾਗ ਦੂਜਾ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੀਜੀ ਵਾਰ, ੧੯੮੫, ਪੰਨਾ ੭੭੪.

੨੯. ਮੁਹੰਮਦ ਹਬੀਬ (ਡਾ.), *ਗੁਰੂ ਨਾਨਕ ਦੇਵ ਜੀ ਅਤੇ ਮੁਸਲਮਾਨ : ਅੰਤਰ ਧਾਰਮਿਕ ਸੰਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੨, ਪੰਨਾ ੧੫.

੩੦. *ਸ੍ਰੀ ਗੁਰੂ ਗ੍ਰੰਥ ਸਾਹਿਬ*, ਰਾਗੁ ਆਸਾ, ੩੬੦.

੩੧. *ਉਹੀ*, ਰਾਗੁ ਸੋਰਠਿ, ਮਹਲਾ ੫, ੬੧੧.

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*

੩੨. *ਉਹੀ*, ਰਾਗੁ ਮਾਰੂ, ਸੋਲਹੇ, ੧੦੨੧.

੩੩. *ਉਹੀ*, ਰਾਗੁ ਮਲਾਰ, ੧੨੫੫.

੩੪. *ਉਹੀ*, ਰਾਗੁ ਸੋਰਠਿ, ੫੯੭.

੩੫. *ਉਹੀ*, ਰਾਗੁ ਰਾਮਕਲੀ, ੮੭੭.

੩੬. *ਉਹੀ*, ਰਾਗੁ ਰਾਮਕਲੀ, ਸਿਧ ਗੋਸਟਿ, ੯੩੯.

੩੭. *ਉਹੀ*, ਰਾਗੁ ਸੂਹੀ, ਛੰਤ, ੭੬੫-੬੬.

੩੮. *ਉਹੀ*, ਰਾਗੁ ਧਨਾਸਰੀ, ੬੬੧.

# ਸ. ਤੇਜਾ ਸਿੰਘ ਸਮੁੰਦਰੀ : ਸ਼ਖ਼ਸੀ ਅਤੇ ਪੰਥਕ ਜੀਵਨ

*-ਡਾ. ਹਰਪ੍ਰੀਤ ਕੌਰ**

ਸ. ਤੇਜਾ ਸਿੰਘ ਸਮੁੰਦਰੀ ਜੀ ਇਕ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਸਮੁੱਚਾ ਜੀਵਨ ਇਨ੍ਹਾਂ ਗੁਣਾਂ ਨਾਲ ਓਤ-ਪੋਤ ਸੀ। ਉਹ ਇੱਕ ਨਿਸ਼ਕਾਮ, ਅਡੋਲ, ਸਿਰੜੀ, ਗੰਭੀਰ ਤੇ ਸ਼ਾਂਤ ਸੁਭਾਅ ਰੱਖਣ ਵਾਲੇ ਪੰਥਕ ਆਗੂ ਸਨ। ਉਨ੍ਹਾਂ ਨੇ ਬਿਨਾਂ ਕਿਸੇ ਅਹੁਦੇ ਦੀ ਲਾਲਸਾ ਤੋਂ ਸੇਵਾ ਭਾਵਨਾ ਨਾਲ ਅਨੇਕ ਪੰਥਕ ਕਾਰਜ ਕੀਤੇ। ਹਥਲੇ ਲੇਖ ਵਿਚ ਸ. ਤੇਜਾ ਸਿੰਘ ਸਮੁੰਦਰੀ ਜੀ ਦੇ ਸ਼ਖ਼ਸੀ ਅਤੇ ਪੰਥਕ ਜੀਵਨ ਨੂੰ ਸੰਖੇਪ ਵਿਚ ਬਿਆਨ ਕੀਤਾ ਗਿਆ ਹੈ।

ਸ. ਤੇਜਾ ਸਿੰਘ ਸਮੁੰਦਰੀ ਦਾ ਜਨਮ ੧੦ ਫੱਗਣ ਸੰਮਤ ੧੯੩੮ (੨੦ ਫਰਵਰੀ, ੧੮੮੧ ਈ.) ਨੂੰ ਅੰਮ੍ਰਿਤ ਵੇਲੇ ਪੱਟੀ ਦੇ ਨੇੜਲੇ ਪਿੰਡ ਰਾਏ ਕਾ ਬੁਰਜ ਨਾਮੀ ਪਿੰਡ ਵਿਚ ਹੋਇਆ।[੧] ਪਿਤਾ ਸ. ਦੇਵਾ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਜਨਮੇ, ਬਾਲਕ ਦਾ ਨਾਂ ਬੜੇ ਹੀ ਚਾਅ ਨਾਲ ਤੇਜਾ ਸਿੰਘ ਰੱਖਿਆ ਗਿਆ। ਸ. ਤੇਜਾ ਸਿੰਘ ਸਮੁੰਦਰੀ ਸੱਚਮੁਚ ਹੀ ਆਪਣੇ ਨਾਂ ਦੇ ਅਰਥਾਂ ਨੂੰ ਆਪਣੇ ਜੀਵਨ-ਕਾਲ ਦੌਰਾਨ ਪਾਏ ਪੂਰਨਿਆਂ ਨਾਲ ਰੂਪਮਾਨ ਕਰਦੇ ਹਨ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਨ੍ਹਾਂ ਦੀਆਂ ਦੋ ਭੈਣਾਂ ਬੀਬੀ ਆਸੋ ਤੇ ਬੀਬੀ ਦਾਤੋ ਸਨ।

ਉਨਾਂ ਦੇ ਮਾਤਾ-ਪਿਤਾ ਗੁਰਮੁਖਾਂ ਵਾਲਾ ਜੀਵਨ ਜਿਊਣ ਵਾਲੇ ਸਨ। ਸੇਵਾ ਭਾਵਨਾ ਵਾਲੇ ਮਾਤਾ ਨੰਦ ਕੌਰ ਜੀ, ਸ. ਤੇਜਾ ਸਿੰਘ ਜੀ ਦੀ ਛੋਟੀ ਉਮਰ ਵਿਚ ਹੀ ਚੜਾਈ ਕਰ ਗਏ। ਮਾਂ ਵਰਗੀ ਛਾਂ ਨੂੰ ਧਰਮ ਮਾਤਾ ਦੇ ਰੂਪ ਵਿਚ ਵਿਧਵਾ ਮਾਈ ਰਾਧਾ ਜੋ ਉਨ੍ਹਾਂ ਦੇ ਹੀ ਪਿੰਡ ਚੱਕ ਨੰ. ੧੪੦ ਦੇ ਰਹਿਣ ਵਾਲੇ ਸਨ, ਤੋਂ ਮਾਣਿਆ। ਅਨੇਕ ਔਖੇ ਸਮਿਆਂ ਵਿਚ ਮਾਈ ਰਾਧਾ ਦੀ ਮਦਦ ਕਰਕੇ ਸ. ਤੇਜਾ ਸਿੰਘ ਨੇ ਵੀ ਧਰਮੀ ਪੁੱਤਰ ਦਾ ਰਿਸ਼ਤਾ ਬਾਖੂਬੀ ਨਿਭਾਇਆ। ਇਸੇ ਤਰ੍ਹਾਂ ਰਿਸ਼ਤੇ ਵਿੱਚੋਂ ਚਾਚਾ ਲਗਦੇ ਬਾਬਾ ਕਿਹਰ ਸਿੰਘ ਨੂੰ ਉਸ ਨੇ ਧਰਮ ਦਾ ਪਿਤਾ ਬਣਾਇਆ ਸੀ।

ਜਦੋਂ ਉਨ੍ਹਾਂ ਦੇ ਪਿਤਾ ਨੂੰ ਚੱਕ ਨੰ. ੧੪੦ ਤਹਿਸੀਲ ਸਮੁੰਦਰੀ ਜ਼ਿਲ੍ਹਾ ਲਾਇਲਪੁਰ ਵਿਚ ਪੰਜ ਮੁਰੱਬੇ ਜ਼ਮੀਨ ਮਿਲੀ ਤਾਂ ਉਹ ਉੱਥੇ ਚਲੇ ਗਏ। ਤਹਿਸੀਲ ਸਮੁੰਦਰੀ ਤੋਂ ਹੀ ਸ. ਤੇਜਾ ਸਿੰਘ ਦੇ ਨਾਂ ਨਾਲ ਸਮੁੰਦਰੀ ਤਖੱਲਸ ਜੁੜ ਗਿਆ। ਸ. ਤੇਜਾ ਸਿੰਘ ਦਾ ਬਚਪਨ ਆਮ ਬੱਚਿਆਂ ਵਾਂਗ ਹੀ ਗੁਜ਼ਰਿਆ। ਛੇ ਸਾਲ ਦੀ ਉਮਰ ਵਿਚ ਪਿਤਾ ਜੀ ਉਨ੍ਹਾਂ ਨੂੰ ਆਪਣੇ ਨਾਲ ਹੀ ਫੌਜ ਵਿਚ ਲੈ ਗਏ। ਉਨ੍ਹਾਂ ਨੇ ਉੱਥੇ ਹੀ ਪੜ੍ਹਾਈ ਸ਼ੁਰੂ ਕੀਤੀ। ਛੇਵੀਂ ਜਮਾਤ ਵਿੱਚੋਂ ਪੜ੍ਹਾਈ ਛੱਡਣ ਕਾਰਨ ਬਾਕੀ ਪੜ੍ਹਾਈ ਘਰ ਵਿਚ ਹੀ

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ.੮੩੬੦੮-੯੩੦੯੫*

ਉਸਤਾਦ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਉਰਦੂ, ਪੰਜਾਬੀ ਭਾਸ਼ਾਵਾਂ ਸਿੱਖੀਆਂ ਤੇ ਕੁਝ ਹੱਦ ਤਕ ਅੰਗਰੇਜ਼ੀ ਭਾਸ਼ਾ ਵੀ ਸਿੱਖੀ। ਉਹ ਆਪਣੇ ਪਿਤਾ ਵਾਂਗ ਨਿੱਤਨੇਮੀ ਸਨ ਤੇ ਅੰਮ੍ਰਿਤ ਵੇਲੇ ਪਾਠ ਕਰਨ ਪਿੱਛੋਂ ਹੀ ਘਰ ਦਾ ਕੋਈ ਕਾਰ-ਵਿਹਾਰ ਕਰਦੇ ਸਨ। ਉਨ੍ਹਾਂ ਨੂੰ ਨਿੱਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਕੀ ਵਾਰ ਵੀ ਕੰਠ ਸੀ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਵਿਚ ਛੋਟੀ ਉਮਰ ਤੋਂ ਹੀ ਵੱਡਿਆਂ ਵਾਲੇ ਗੁਣ ਸਨ। ਔਖੇ ਸਮੇਂ ਹੌਂਸਲਾ ਨਾ ਹਾਰਨਾ, ਅਡੋਲ ਅਵਸਥਾ ਵਿਚ ਰਹਿਣਾ ਤੇ ਖੇਡਣ ਸਮੇਂ ਸਾਥੀਆਂ ਨਾਲ ਲੜਾਈ ਨਾ ਕਰਨਾ ਉਨ੍ਹਾਂ ਦੇ ਕੁਦਰਤੀ ਗੁਣ ਸਨ। ਬਚਪਨ ਤੋਂ ਲੈ ਕੇ ਆਪਣੇ ਜੀਵਨ ਦੇ ਅਖੀਰਲੇ ਸਮੇਂ ਤਕ ਉਨ੍ਹਾਂ ਨੇ ਹਰ ਥਾਂ ਲੜਾਈ ਵਿਚ ਸਮਝੌਤਾ ਕਰਵਾ ਕੇ ਨਜਿੱਠਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਗਤਕਾ, ਪੋਲੋ, ਨੇਜ਼ਾਬਾਜ਼ੀ, ਤਲਵਾਰ ਤੇ ਬੰਦੂਕ ਚਲਾਉਣ ਦਾ ਸ਼ੌਂਕ ਸੀ। ਉਨ੍ਹਾਂ ਨੇ ਕਦੀ ਵੀ ਆਪਣਾ ਸਮਾਂ ਅਜਾਈ ਨਹੀਂ ਗਵਾਇਆ, ਸਗੋਂ ਇਸ ਨੂੰ ਸਾਰਥਕ ਬਣਾਉਣ ਲਈ ਸਿੱਖ ਇਤਿਹਾਸ, ਧਾਰਮਿਕ ਪੁਸਤਕਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ। ਆਪਣੇ ਇਤਿਹਾਸ ਵਿੱਚੋਂ ਸਿੱਖ ਸੂਰਮਿਆਂ ਦਾ ਜੀਵਨ ਉਨ੍ਹਾਂ ਦਾ ਪ੍ਰੇਰਨਾ ਸ੍ਰੋਤ ਬਣਿਆ। ਸ. ਤੇਜਾ ਸਿੰਘ ਬਾਣੀ ਕੇਵਲ ਪੜ੍ਹਦੇ ਹੀ ਨਹੀਂ, ਸਗੋਂ ਇਸ ਦੇ ਅਰਥਾਂ ਦੀ ਡੂੰਘਾਈ ਤਕ ਜਾਣ ਦੀ ਕੋਸ਼ਿਸ਼ ਕਰਦੇ ਸਨ। ਉਹ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਅਖ਼ਬਾਰਾਂ ਪੜ੍ਹਨ ਵਿਚ ਵੀ ਉਨ੍ਹਾਂ ਦੀ ਖਾਸ ਰੁਚੀ ਸੀ। ਜਿਸ ਸਦਕਾ ਉਹ ਸਮਕਾਲੀਨ ਸਮੱਸਿਆਵਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਰਹਿੰਦੇ।

ਉਨ੍ਹਾਂ ਦਾ ਵਿਆਹ ਦਸ ਸਾਲ ਦੀ ਉਮਰ ਵਿਚ ਸੂਬੇਦਾਰ ਸ. ਜੇਠਾ ਸਿੰਘ ਦੀ ਸਪੁੱਤਰੀ ਬੀਬੀ ਰਾਮ ਕੌਰ ਨਾਲ ੧੮੯੧ ਈ. ਨੂੰ ਹੋਇਆ। ਦਸ ਸਾਲ ਤਕ ਕੋਈ ਔਲਾਦ ਨਾ ਹੋਣ ਕਾਰਨ ਭੈਣਾਂ ਦੁਆਰਾ ਜ਼ਿਆਦਾ ਜ਼ੋਰ ਪਾਉਣ ਉੱਤੇ ਦੂਜਾ ਵਿਆਹ ੧੯੦੧ ਈ. ਨੂੰ ਸ. ਜੀਤਾ ਸਿੰਘ ਜੀ ਦੀ ਸਪੁੱਤਰੀ ਬੀਬੀ ਸ਼ਾਮ ਕੌਰ ਨਾਲ ਹੋਇਆ। ਪਰ ਵਾਹਿਗੁਰੂ ਦੀ ਐਸੀ ਮਿਹਰ ਹੋਈ ਕਿ ਦੂਜੇ ਵਿਆਹ ਪਿੱਛੋਂ ਸ. ਤੇਜਾ ਸਿੰਘ ਦੀ ਪਹਿਲੀ ਸੁਪਤਨੀ ਬੀਬੀ ਰਾਮ ਕੌਰ ਦੇ ਘਰ ਚਾਰ ਸਪੁੱਤਰ ਤੇ ਇਕ ਪੁੱਤਰੀ ਸਤਵੰਤ ਕੌਰ (ਕੁੰਤੀ/ਕੰਤੀ) ਨੇ ਜਨਮ ਲਿਆ। ਗਿਆਨੀ ਹੀਰਾ ਸਿੰਘ ਦਰਦ ਨੇ ਦੂਜੀ ਪਤਨੀ ਦੀ ਕੁੱਖ ਤੋਂ ਇੱਕ ਪੁੱਤਰ ਦੇ ਜਨਮ ਹੋਣ ਬਾਰੇ ਦੱਸਿਆ ਹੈ ਜਿਸ ਦਾ ਨਾਂ ਚਰਨ ਸਿੰਘ ਸੀ ਜਦੋਂ ਕਿ ਡਾ. ਪਿਆਰ ਸਿੰਘ ਦੀ ਜਾਣਕਾਰੀ ਅਨੁਸਾਰ ਦੂਜੀ ਪਤਨੀ ਦੀ ਕੁੱਖ ਤੋਂ ਦੋ ਪੁੱਤਰਾਂ ਸ. ਹਰਚਰਨ ਸਿੰਘ ਤੇ ਸ. ਮਹਿੰਦਰ ਸਿੰਘ ਦਾ ਜਨਮ ਹੋਇਆ। ਉਨ੍ਹਾਂ ਦੇ ਸਪੁੱਤਰ ਸ. ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ।

ਲੱਗਭਗ ੧੮ ਸਾਲ ਦੀ ਉਮਰ ਵਿਚ ਸ. ਤੇਜਾ ਸਿੰਘ ਦੇ ਪਿਤਾ ਨੇ ਉਨ੍ਹਾਂ ਨੂੰ ੨੨ ਨੰਬਰ ਰਿਸਾਲੇ ਵਿਚ (ਦਫੇਦਾਰ) ਭਰਤੀ ਕਰਵਾ ਦਿੱਤਾ ਜਿਸ ਵਿਚ ਉਹ ਆਪ ਵੀ ਰਿਸਾਲਦਾਰ ਮੇਜਰ ਵੀ ਰਹੇ ਸਨ। ਸ. ਤੇਜਾ ਸਿੰਘ ਕੁਝ ਹੀ ਸਮੇਂ ਵਿਚ ਆਪਣੀ ਕਾਬਲੀਅਤ ਦੇ ਬਲ 'ਤੇ ਰੰਗਰੂਟਾਂ ਦੇ ਇੰਸਪੈਕਟਰ ਉਸਤਾਦ ਲੱਗ ਗਏ। ਉਨ੍ਹਾਂ ਦਾ

ਮਿਲਣਸਾਰ ਅਤੇ ਇਮਾਨਦਾਰ ਸੁਭਾਅ ਫੌਜੀ ਅਫ਼ਸਰਾਂ ਨੂੰ ਪਸੰਦ ਨਹੀਂ ਸੀ। ਉਨ੍ਹਾਂ ਨੂੰ ਫਸਾਉਣ ਦੀਆਂ ਸਾਜ਼ਿਸ਼ਾਂ ਅਕਸਰ ਹੀ ਘੜੀਆਂ ਜਾਂਦੀਆਂ ਪਰ ਆਪਣੀ ਸਿਆਣਪ ਸਦਕਾ ਹਮੇਸ਼ਾ ਹੀ ਬਚ ਜਾਂਦੇ ਸਨ। ਅੰਤ ੧੯੦੨ ਈ. ਵਿਚ ਤਿੰਨ ਸਾਲ ਪਿੱਛੋਂ ਕੁਝ ਕਾਰਨਾਂ ਕਰਕੇ ਉਨ੍ਹਾਂ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਕੁਝ ਸਮੇਂ ਬਾਅਦ ਜਦੋਂ ਉਨ੍ਹਾਂ ਦੇ ਰਿਸਾਲੇ ਦਾ ਕਮਾਂਡਿੰਗ ਅਫ਼ਸਰ ਕਰਨਲ ਲੱਕ ਉਨ੍ਹਾਂ ਦੇ ਇਲਾਕੇ ਵਿਚ ਆਇਆ ਤਾਂ ਉਸ ਨੇ ਦੁਬਾਰਾ ਜਮਾਂਦਾਰ ਬਣਾ ਕੇ ਲਿਜਾਣ ਦੀ ਗੱਲ ਕਹੀ ਪਰ ਉਨ੍ਹਾਂ ਨੇ ਕਿਹਾ ਕਿ, "ਮੈਂ ਹੁਣ ਇਕ ਹੋਰ ਹੀ ਫੌਜ ਵਿਚ ਭਰਤੀ ਹੋ ਗਿਆ ਹਾਂ।"[੨]

ਜਦੋਂ ਤੇਜਾ ਸਿੰਘ ਦੀ ਉਮਰ ਲੱਗਭਗ ੩੦ ਸਾਲ ਦੀ ਸੀ ਤਾਂ ਉਨ੍ਹਾਂ ਦੇ ਪਿਤਾ ਸ. ਦੇਵਾ ਸਿੰਘ ਵੀ ੧੯੧੧-੧੨ ਈ. ਦੇ ਲੱਗਭਗ ਅਕਾਲ ਚਲਾਣਾ ਕਰ ਗਏ। ਸ. ਤੇਜਾ ਸਿੰਘ ਜ਼ਿਆਦਾ ਪੰਥਕ ਰੁਝੇਵਿਆਂ ਕਾਰਨ ਘਰੋਂ ਬਾਹਰ ਰਹਿੰਦੇ ਸਨ। ਇਸ ਲਈ ਉਨ੍ਹਾਂ ਦੇ ਪਿਤਾ ਜੀ ਅਕਸਰ ਹੀ ਕਿਹਾ ਕਰਦੇ ਸਨ, "ਤੇਜਾ ਸਿੰਘਾ ਜਦੋਂ ਮੈਂ ਮਰਿਆ ਤਾਂ ਤੂੰ ਘਰ ਨਹੀਂ ਹੋਣਾ।"[੩] ਉਨ੍ਹਾਂ ਦੀ ਕਹਿਣੀ ਸੱਚ ਹੋਈ ਉਨ੍ਹਾਂ ਦੇ ਅੰਤਿਮ ਸਮੇਂ ਤੇਜਾ ਸਿੰਘ ਘਰ ਨਹੀਂ ਸਨ।

ਸ. ਤੇਜਾ ਸਿੰਘ ਸਮੁੰਦਰੀ ਜਦੋਂ ਇਕ ਵਾਰ ਪੰਥਕ ਕੰਮਾਂ ਵਿਚ ਜੁਟ ਗਏ ਤਾਂ ਫਿਰ ਉਨ੍ਹਾਂ ਪਰਤ ਕੇ ਨਹੀਂ ਵੇਖਿਆ। ਸਿੱਖਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ 'ਸਿੰਘ ਸਭਾ ਲਹਿਰ' ਚੱਲ ਰਹੀ ਸੀ। ਇਸ ਤੋਂ ਬਾਅਦ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਹੋਈ। ਇਨ੍ਹਾਂ ਦੀਵਾਨਾਂ ਦਾ ਮਕਸਦ ਲੋਕਾਂ ਨੂੰ ਗੁਰਸਿੱਖੀ ਲਈ ਪ੍ਰੇਰਿਤ ਕਰਨਾ ਅਤੇ ਵਿੱਦਿਆ ਦੇ ਪ੍ਰਸਾਰ ਲਈ ਸਕੂਲ ਖੋਲ੍ਹਣਾ ਸੀ। ਜਦੋਂ ਚੀਫ਼ ਖਾਲਸਾ ਦੀਵਾਨ ਦੇ ਵੱਖ-ਵੱਖ ਇਲਾਕਿਆਂ ਵਿਚ ਵੀ ਦੀਵਾਨ ਬਣੇ ਤਾਂ ਸਮੁੰਦਰੀ ਤੇ ਲਾਇਲਪੁਰ ਪਿੰਡ ਵਿਚ ਵੀ ਖਾਲਸਾ ਦੀਵਾਨ ਦੀ ਨੀਂਹ ਰੱਖੀ ਗਈ। ਸ. ਤੇਜਾ ਸਿੰਘ ਸਮੁੰਦਰੀ ਇਨ੍ਹਾਂ ਦੀਵਾਨਾਂ ਦੇ ਉੱਘੇ ਮੈਂਬਰਾਂ ਵਿੱਚੋਂ ਸਨ। ਸ. ਤੇਜਾ ਸਿੰਘ ਨੇ ਸਾਰੀ ਬਾਰ ਨੂੰ ਜਥੇਬੰਦ ਕਰਨ ਲਈ 'ਖਾਲਸਾ ਦੀਵਾਨ ਬਾਰ' ਸਥਾਪਿਤ ਕੀਤਾ।

ਉਨ੍ਹਾਂ ਨੇ ਵਿੱਦਿਅਕ ਲੋੜ ਨੂੰ ਧਿਆਨ ਵਿਚ ਰੱਖਦਿਆਂ ਸਕੂਲ, ਕਾਲਜ ਖੋਲ੍ਹਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਖਾਲਸਾ ਹਾਈ ਸਕੂਲ ਲਾਇਲਪੁਰ, ਚੱਕ ਨੰ. ੪੧ ਵਿਚ ਬਾਰ ਖਾਲਸਾ ਹਾਈ ਸਕੂਲ, ਚੱਕ ਨੰ. ੧੪੦ ਵਿਚ ਖਾਲਸਾ ਮਿਡਲ ਸਕੂਲ, ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਸਰਹਾਲੀ ਵੀ ਉਨ੍ਹਾਂ ਦੀ ਮਿਹਨਤ ਦਾ ਸਿੱਟਾ ਸਨ। ਇੱਥੋਂ ਤਕ ਕਿ ਜੇਲ੍ਹ ਵਿਚ ਹੀ ਸੰਗਤ ਨੂੰ ਪ੍ਰੇਰ ਕੇ ਲਾਇਲਪੁਰ ਖਾਲਸਾ ਕਾਲਜ ਖੁਲਵਾ ਦਿੱਤਾ। ਸ. ਤੇਜਾ ਸਿੰਘ ਚੱਕ ਨੰ. ੧੪੦ ਦੇ ਖਾਲਸਾ ਮਿਡਲ ਸਕੂਲ ਦਾ ਸਾਰਾ ਖ਼ਰਚ ਆਪ ਹੀ ਕਰਦੇ ਸਨ। ਕਈ ਵਾਰ ਅਧਿਆਪਕਾਂ ਨੂੰ ਤਿੰਨ-ਤਿੰਨ ਮਹੀਨੇ ਦੀ ਪੇਸ਼ਗੀ ਆਪਣੇ ਪੱਲਿਉਂ ਹੀ ਦੇ ਦਿੰਦੇ ਸਨ। ਆਪ ਸਰਹਾਲੀ ਸਕੂਲ ਦੇ ਮੈਨੇਜਰ ਅੰਤਲੇ ਸਮੇਂ ਤਕ ਰਹੇ।

੧੯੧੪ ਈ. 'ਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਉਪਰੰਤ ਪੈਦਾ

ਹੋਈ ਲਹਿਰ ਵਿਚ ਉਨ੍ਹਾਂ ਦਾ ਭਰਪੂਰ ਯੋਗਦਾਨ ਸੀ। ਕੰਧ ਢਾਹੁਣ ਦੇ ਵਿਰੋਧ ਵਿਚ ਸ. ਹਰਚੰਦ ਸਿੰਘ ਦੇ ਅਵਾਜ਼ ਉਠਾਉਣ 'ਤੇ ਤੇਜਾ ਸਿੰਘ ਸਮੁੰਦਰੀ ਨੇ ਇਸ ਦੀ ਹਾਮੀ ਭਰੀ। ਉਨ੍ਹਾਂ ਨੇ ਪੱਟੀ, ਲਾਹੌਰ, ਭਸੌੜ ਤੇ ਬਾਰ ਵਿਚ ਦੀਵਾਨ ਕਰਕੇ ਸਰਕਾਰ ਦਾ ਵਿਰੋਧ ਕੀਤਾ। ਸ. ਤੇਜਾ ਸਿੰਘ ਦਾ ਵਿਚਾਰ ਸੀ ਕਿ ਸਰਕਾਰ ਨੂੰ ਗੁਰਦੁਆਰਾ ਸਾਹਿਬਾਨ ਦੀਆਂ ਕੰਧਾਂ 'ਤੇ ਯਾਦਗਾਰਾਂ ਢਾਹੁਣ ਦਾ ਕੋਈ ਹੱਕ ਨਹੀਂ ਹੈ। ਆਪ ਨੇ ਗੋਜਰਾ ਅਤੇ ਹੋਰ ਸਥਾਨਾਂ 'ਤੇ ਜਲਸਿਆਂ ਨੂੰ ਵੀ ਸਫ਼ਲ ਬਣਾਉਣ ਵਿਚ ਬਣਦਾ ਹਿੱਸਾ ਪਾਇਆ। ਜਲੰਧਰ ਵਿਚ ੧੦ ਤੋਂ ੧੨ ਅਪ੍ਰੈਲ, ੧੯੧੪ ਈ. ਤਕ ਹੋਈ, ਸਿੱਖ ਵਿੱਦਿਅਕ ਕਾਨਫ਼ਰੰਸ ਵਿਚ ਜਦੋਂ ਸ. ਹਰਚੰਦ ਸਿੰਘ ਜੀ ਨੂੰ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਦੀ ਐਜੀਟੇਸ਼ਨ ਸੰਬੰਧੀ ਬੋਲਣ ਦੀ ਆਗਿਆ ਨਾ ਮਿਲੀ ਤਾਂ ਉਨ੍ਹਾਂ ਦਾ ਸਾਥ ਦਿੰਦੇ ਹੋਏ ਸ. ਤੇਜਾ ਸਿੰਘ ਸਮੁੰਦਰੀ ਰੋਸ ਵਿਚ ਪੰਡਾਲ ਤੋਂ ਬਾਹਰ ਆ ਗਏ। ਇਨ੍ਹਾਂ ਹੀ ਦਿਨਾਂ ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਨਾਲ ਡੀ.ਸੀ. ਵੱਲੋਂ ਸ. ਹਰਚੰਦ ਸਿੰਘ ਜੀ ਹੁਰਾਂ ਨੂੰ ਰਕਾਬ ਗੰਜ ਦੀ ਕੰਧ ਸੰਬੰਧੀ ਅੰਦੋਲਨ ਬੰਦ ਕਰਨ ਲਈ ਕਿਹਾ ਗਿਆ ਤਾਂ ਉਨ੍ਹਾਂ ਸਾਥੀਆਂ ਨਾਲ ਸਲਾਹ ਕਰਨ ਉਪਰੰਤ ਅੰਦੋਲਨ ਬੰਦ ਕਰ ਦਿੱਤਾ। ਸ. ਤੇਜਾ ਸਿੰਘ ਸਮੁੰਦਰੀ ਦੁਆਰਾ ਗੁਰਦੁਆਰਾ ਰਕਾਬ ਗੰਜ ਦੀ ਲਹਿਰ ਵਿਚ ਸਰਗਰਮ ਰਹਿਣ ਦਾ ਇਲਮ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਨ੍ਹਾਂ ਦੀਆਂ ਸਰਗਰਮੀਆਂ 'ਤੇ ਨਜ਼ਰਸਾਨੀ ਲਈ ਉਨ੍ਹਾਂ ਦੇ ਪਿੰਡ ਚੱਕ ੧੪੦ ਵਿਚ ਪੁਲਸੀਆ ਵੀ ਤਾਇਨਾਤ ਕੀਤਾ ਗਿਆ ਸੀ। ਪਾਬੰਦੀਆਂ ਦੀ ਮੁਥਾਜੀ ਤੋਂ ਉੱਚੀ ਪਰਵਾਜ਼ ਭਰਨ ਵਾਲੇ ਪਰਤਾਪੀ ਸਿੰਘ ਆਪਣੇ ਤੇਜ਼-ਤਰਾਰ ਰਫਤਾਰ ਵਾਲੇ ਬੋਤੇ ਦੀ ਮਦਦ ਨਾਲ ਸ. ਹਰਚੰਦ ਸਿੰਘ ਨੂੰ ਮਿਲ ਹੀ ਆਉਂਦੇ ਸਨ। ਵਿਸ਼ਵ ਯੁੱਧ ਦੇ ਖਤਮ ਹੋਣ ਨਾਲ ਕੰਧ ਦੀ ਮੁੜ ਉਸਾਰੀ ਦਾ ਮਸਲਾ ਚੁੱਕਿਆ ਗਿਆ। ਅਕਾਲੀ ਅਖ਼ਬਾਰ ਰਾਹੀਂ ਦੀਵਾਰ ਦੀ ਪੁਨਰ-ਉਸਾਰੀ ਲਈ ਸ਼ਾਂਤਮਈ ਤਰੀਕੇ ਨਾਲ ਸ਼ਹਾਦਤਾਂ ਪਾਉਣ ਲਈ ੧੦੦ ਸਿੰਘਾਂ ਦੇ ਜਥੇ ਦੀ ਮੰਗ ਕੀਤੀ। ਸ. ਤੇਜਾ ਸਿੰਘ ਸਮੁੰਦਰੀ ਨੇ ਅਖ਼ਬਾਰ ਵੇਖਦਿਆਂ ਹੀ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਆਪਣਾ ਨਾਂ ਦੇ ਦਿੱਤਾ। ੧੯੨੦ ਈ. ਨੂੰ ਕੰਧ ਦੀ ਮੁੜ ਉਸਾਰੀ ਲਈ ਜਥੇ ਨੇ ਦਿੱਲੀ ਜਾਣ ਦਾ ਦ੍ਰਿੜ ਫੈਸਲਾ ਕੀਤਾ।

੨੧ ਮਈ, ੧੯੨੦ ਈ. ਵਿਚ 'ਅਕਾਲੀ' ਅਖ਼ਬਾਰ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੇ ਯਤਨਾਂ ਸਦਕਾ ਸ਼ੁਰੂ ਹੋਇਆ।[੪] ਸਮੁੰਦਰੀ ਜੀ ਕੇਵਲ ਆਪ ਹੀ ਸਾਹਿਤ ਪੜ੍ਹਨ ਦਾ ਸ਼ੌਕ ਨਹੀਂ ਪਾਲਦੇ ਰਹੇ, ਬਲਕਿ ਇਸ ਦੇ ਪ੍ਰਚਾਰ ਪ੍ਰਸਾਰ- ਲਈ ਵੀ ਸਰਗਰਮ ਰਹੇ। ਆਪ ਜੀ ਨੇ ਲਾਹੌਰ ਪਹੁੰਚ ਕੇ ਮਾਸਟਰ ਜੀ ਨੂੰ ਆਖਿਆ ਕਿ "ਹੁਣ ਤੁਸਾਂ ਅਖ਼ਬਾਰ ਸ਼ੁਰੂ ਕਰ ਹੀ ਦਿੱਤਾ ਹੈ ਇਸ ਲਈ ਘਬਰਾਣਾ ਨਹੀਂ। ਮੈਥੋਂ ਜੋ ਵੀ ਮਦਦ ਹੋ ਸਕੀ ਕਰਾਂਗਾ ਅਤੇ ਇਸ ਅਖ਼ਬਾਰ ਨੂੰ ਚੰਗੀ ਤਰ੍ਹਾਂ ਚਲਾਵਾਂਗੇ।"[੫] ਉਨ੍ਹਾਂ ਨੇ ਉਸੇ ਸਮੇਂ ਹੀ ਪੰਜ ਸੌ ਰੁਪਏ ਦੇ ਕੇ ਅਕਾਲੀ ਅਖ਼ਬਾਰ ਲਈ ਮਾਇਕ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ। ਇਕ ਵਾਰ ਨਨਕਾਣਾ ਸਾਹਿਬ ਦੇ ਸਾਕੇ ਸੰਬੰਧੀ ਅਕਾਲੀ

ਅਖ਼ਬਾਰ ਵਿਚ ਲਾਹੌਰ ਦੇ ਕਮਿਸ਼ਨਰ ਕਿੰਗ ਦੁਆਰਾ ਮਹੰਤ ਨੂੰ ਖ਼ੂਨੀ ਘਟਨਾ ਲਈ ਸ਼ਹਿ ਦੇਣ ਵਾਲਾ ਦਰਸਾਇਆ ਗਿਆ। ਜਿਸ ਸੰਬੰਧੀ ਕਮਿਸ਼ਨਰ ਕਿੰਗ ਤੇ ਡਿਪਟੀ ਇੰਸਪੈਕਟਰ ਦੁਆਰਾ ਅਕਾਲੀ ਅਖ਼ਬਾਰ ਨੂੰ ੪੦ ਹਜ਼ਾਰ ਦਾ ਜੁਰਮਾਨਾ ਕੀਤਾ ਗਿਆ ਤਾਂ ਕੁਝ ਸੱਜਣਾਂ ਨੇ ਮੁਆਫੀ ਮੰਗਣ ਦੀ ਸਲਾਹ ਦਿੱਤੀ, ਪਰ ਕੁਝ ਨੇ ਕਿਹਾ ਕਿ ਮੁਆਫੀ ਨਾਲ ਪੰਥ ਦੀ ਆਨ ਨੂੰ ਨੁਕਸਾਨ ਪਹੁੰਚੇਗਾ। ਫਰਾਖ਼ਦਿਲ ਸ. ਤੇਜਾ ਸਿੰਘ ਸਮੁੰਦਰੀ ਨੇ ਬਾਕੀ ਮੈਂਬਰਾਂ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਪੈਸਿਆਂ ਦੇ ਕਾਰਨ ਪੰਥ ਦੀ ਸਾਖ ਨੂੰ ਘਟਾਉਣ ਦੀ ਕਦਾਚਿਤ ਲੋੜ ਨਹੀਂ। ਉਨ੍ਹਾਂ ਪੈਸੇ ਭਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਇੱਥੋਂ ਤਕ ਕਿ ਉਨ੍ਹਾਂ ਆਪਣੇ ਦੋ ਮੁਰੱਬੇ ਨੀਲਾਮ ਕਰਨ ਦੀ ਵੀ ਸੋਚ ਲਈ।

ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਲਈ ਨਵੰਬਰ ੧੯੨੦ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਜੋ ਵੀ ਕਮੇਟੀਆਂ ਬਣਦੀਆਂ ਰਹੀਆਂ ਉਸ ਵਿਚ ਵੀ ਸ. ਤੇਜਾ ਸਿੰਘ ਸਮੁੰਦਰੀ ਦਾ ਨਾਂ ਮੋਹਰੀ ਮੈਂਬਰਾਂ ਵਿਚ ਸ਼ੁਮਾਰ ਹੁੰਦਾ ਹੈ। ਇਸ ਸਾਕੇ ਦਾ ਉਨ੍ਹਾਂ ਉੱਪਰ ਏਨਾ ਗਹਿਰਾ ਅਸਰ ਹੋਇਆ ਕਿ ਉਨ੍ਹਾਂ ਸਭ ਕੁਝ ਛੱਡ ਛਡਾ ਕੇ ਪੰਥਕ ਸੇਵਾ ਵਿਚ ਚੁੱਬੀ ਮਾਰ ਦਿੱਤੀ। ਖੇਤੀਬਾੜੀ ਦਾ ਕੰਮ ਪੁੱਤਰ ਨੂੰ ਸੌਂਪਣ ਉਪਰੰਤ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਅਤੇ ਮਰਯਾਦਾ ਨਾਲ ਚਲਾਉਣ ਲਈ ਬਣਾਈ ਗਈ ਸਬ-ਕਮੇਟੀ ਵਿਚ ਸ਼ਾਮਲ ਹੋ ਗਏ। ਸ. ਤੇਜਾ ਸਿੰਘ ਜੀ ਦੇ ਗੁਰੂ ਵਰੋਸੋਏ ਪਰਵਾਰ ਨੇ ਪੰਥਕ ਸੇਵਾ ਵਿਚ ਉਨ੍ਹਾਂ ਦਾ ਪੂਰਾ-ਪੂਰਾ ਸਾਥ ਹੀ ਨਹੀਂ ਦਿੱਤਾ, ਸਗੋਂ ਮਾਲੀ ਸਹਾਇਤਾ ਦੇ ਕੇ ਵੀ ਆਪਣੇ ਆਪ ਨੂੰ ਸਰਸ਼ਾਰ ਕਰਦੇ ਰਹੇ। ਉਹ ਪੰਥਕ ਕਾਰਜਾਂ ਵਿਚ ਏਨਾ ਮਸਰੂਫ ਰਹਿੰਦੇ ਸਨ ਕਿ ਮਹੀਨਿਆਂ ਬੱਧੀ ਪਰਵਾਰ ਕੋਲ ਵੀ ਨਹੀਂ ਜਾਂਦੇ ਸਨ। ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਉਨ੍ਹਾਂ ਉੱਥੇ ਹੀ ਡੇਰੇ ਲਾ ਲਏ। ਸ. ਤੇਜਾ ਸਿੰਘ ਸਮੁੰਦਰੀ ਜੀ ਦੀ ਚੁੰਬਕੀ ਸ਼ਖ਼ਸੀਅਤ ਦੁਆਰਾ ਗੁਰਦੁਆਰਿਆਂ ਦਾ ਪ੍ਰਬੰਧ ਹਾਸਲ ਕਰਨ ਪ੍ਰਥਾਇ ਗਿਆਨੀ ਹੀਰਾ ਸਿੰਘ ਦਰਦ ਜੀ ਉਨ੍ਹਾਂ ਦੇ ਸ਼ਖ਼ਸੀ ਗੁਣਾਂ ਦਾ ਵਰਣਨ ਬੜੇ ਸੂਖ਼ਮ ਢੰਗ ਨਾਲ ਕਰਦੇ ਹਨ:

"ਗੁਰਦਵਾਰੇ ਦੇ ਮਹੰਤਾਂ ਤੇ ਗਰੰਥੀਆਂ ਨਾਲ ਅਕਸਰ ਆਪ ਹੀ ਫੈਸਲੇ ਕਰਿਆ ਕਰਦੇ ਸਨ, ਆਪ ਅਜੇਹੇ ਪਰੇਮ ਭਾਵ ਨਾਲ ਪੇਸ਼ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਇਸ ਖੁੱਲ੍ਹ ਦਿਲੀ ਤੇ ਇਨਸਾਫ ਨਾਲ ਸੁਣ ਕੇ ਪੂਰਾ ਕਰਦੇ ਸਨ ਕਿ ਮਹੰਤ ਖੁਸ਼ੀ ੨ ਗੁਰਦ੍ਵਾਰੇ ਕਮੇਟੀ ਦੇ ਸਪੁਰਦ ਕਰਕੇ ਕਮੇਟੀ ਦੇ ਆਗਿਆਕਾਰ ਬਣ ਜਾਂਦੇ ਸਨ।"[੬]

ਚਾਬੀਆਂ ਦੇ ਮੋਰਚੇ ਵਿਚ ਵੀ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀ। ਜਦੋਂ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸ. ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਲਈਆਂ ਤਾਂ ਇਸ ਸੰਬੰਧੀ ਪੰਥ ਵਿਚ ਰੋਸ ਪਾਇਆ ਗਿਆ। ਇਸ ਦੇ ਸੰਬੰਧ ਵਿਚ ਨਵੰਬਰ ਵਿਚ ਅਜਨਾਲੇ ਹੋਈਆਂ ਗ੍ਰਿਫਤਾਰੀਆਂ ਵਿਚ ਸ. ਤੇਜਾ

ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਪੰਜ ਮਹੀਨੇ ਦੀ ਕੈਦ ਸੁਣਾਈ ਗਈ ਤਾਂ ਸਜ਼ਾ ਸੁਣਾਉਣ ਉਪਰੰਤ ਮੀਆਂਵਾਲੀ ਤੇ ਡੇਰਾ ਗਾਜ਼ੀਖਾਨ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ੧੯੨੨ ਈ. ਨੂੰ ਚਾਬੀਆਂ ਵਾਪਸ ਦੇਣ ਨਾਲ ਬਾਕੀ ਲੀਡਰਾਂ ਸਮੇਤ ਸ. ਤੇਜਾ ਸਿੰਘ ਜੀ ਜੇਲ੍ਹ ਤੋਂ ਬਾਹਰ ਆ ਗਏ।

ਅਕਸਰ ਹੀ ਕਿਸੇ ਵੀ ਬਿਖਮ ਅਤੇ ਉਲਝੇ ਕਾਰਜ ਨੂੰ ਸੁਲਝਾਉਣ ਲਈ ਆਪ ਜੀ ਨੂੰ ਜ਼ਿੰਮੇਵਾਰੀ ਦਿੱਤੀ ਜਾਂਦੀ। ਗੁਰਦੁਆਰਾ ਗੁਰੂ ਕਾ ਬਾਗ ਦੇ ਕੇਸ ਦਾ ਨਿਪਟਾਰਾ ਕਰਨ ਲਈ ਵੀ ਸ. ਤੇਜਾ ਸਿੰਘ ਸਮੁੰਦਰੀ ਦੀ ਡਿਊਟੀ ਲਗਾਈ ਗਈ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿਰਕੱਢ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਮੇਂ ਜੇਲ੍ਹ ਤੋਂ ਬਾਹਰ ਰਹਿ ਕੇ ਉਨ੍ਹਾਂ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ। ਹਰ ਰੋਜ਼ ਜਥਾ ਤਿਆਰ ਕਰ ਕੇ ਭੇਜਣਾ, ਬਾਹਰੋਂ ਆਏ ਸਿੰਘਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ, ਸਰਕਾਰ ਦੀਆਂ ਨੀਤੀਆਂ ਦਾ ਪਤਾ ਲਾਉਣਾ, ਜ਼ਖ਼ਮੀਆਂ ਦੀ ਦੇਖਭਾਲ ਆਦਿ ਕੰਮਾਂ ਦੀ ਜ਼ਿੰਮੇਵਾਰੀ ਸ. ਤੇਜਾ ਸਿੰਘ ਦੀ ਸੀ। ਜਦੋਂ ਅੰਮ੍ਰਿਤਸਰ ਨਿਵਾਸੀਆਂ ਨੇ ਜ਼ਖ਼ਮੀ ਸਿੰਘਾਂ ਲਈ ਲੋੜੀਦੀਆਂ ਵਸਤਾਂ, ਕੱਪੜੇ, ਬਿਸਤਰੇ, ਦਵਾਈਆਂ ਆਦਿ ਦਾ ਪ੍ਰਬੰਧ ਕੀਤਾ ਤਾਂ ਉਸ ਸਮੇਂ ਸ. ਤੇਜਾ ਸਿੰਘ ਨੇ ਮੋਰਚੇ ਦੀ ਜਿੱਤ ਦੀ ਭਵਿੱਖਬਾਣੀ ਕੀਤੀ। ਇਸ ਸਮਕਾਲ ਉਨ੍ਹਾਂ ਨੂੰ ਕਦੇ ਕਿਸੇ ਨੇ ਵਿਹਲੇ ਬੈਠੇ ਨਹੀਂ ਦੇਖਿਆ ਸੀ। ਉਨ੍ਹਾਂ ਦਿਨਾਂ ਵਿਚ ਹਰ ਪੱਖ ਤੋਂ ਚੇਤੰਨ ਹੋ ਕੇ ਚੱਲਣ ਦੀ ਲੋੜ ਸੀ। ਇਸ ਕਰਕੇ ਸ. ਤੇਜਾ ਸਿੰਘ ਨੇ ਸੂਚਨਾ ਪ੍ਰਸਾਰ ਤੇ ਅੰਦਰੂਨੀ ਗੱਲਾਂ ਦੀ ਟੋਹ ਰੱਖਣ ਵਾਲੇ ਅਦਾਰੇ ਕਾਇਮ ਕੀਤੇ ਸਨ। ਉਨ੍ਹਾਂ ਨੇ ਇਸ ਗੰਭੀਰ ਸਥਿਤੀ ਵਿਚ ਬਿਨਾਂ ਆਪਣੇ ਆਰਾਮ ਦੀ ਪਰਵਾਹ ਕਰਦਿਆਂ ਬਹੁਤ ਹੀ ਦੂਰ ਅੰਦੇਸ਼ੀ ਨਾਲ ਸਾਰੇ ਪ੍ਰਬੰਧ ਕੀਤੇ। ਇਸੇ ਸਮਕਾਲ ਹਰ ਪਲ, ਕਦੀ ਆਪ ਨੂੰ ਹਸਪਤਾਲ, ਕਦੀ ਲੰਗਰ, ਕਦੀ ਗੁਰੂ ਕੇ ਬਾਗ਼ ਦੇ ਜਥਿਆਂ ਨਾਲ ਵੇਖਿਆ ਗਿਆ। ਗੁਰੂ ਕੇ ਬਾਗ਼ ਦੇ ਮੋਰਚੇ ਦੌਰਾਨ ਆਪ ਨੇ ਜੇਲ੍ਹ ਤੋਂ ਬਾਹਰ ਰਹਿ ਕੇ ਜੋ ਪੰਥ ਪ੍ਰਤੀ ਅਪਣਾ ਫਰਜ਼ ਨਿਭਾਇਆ ਉਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਇਸ ਮੋਰਚੇ ਦੀ ਸਫ਼ਲਤਾ ਦਾ ਸਿਹਰਾ ਤੇਜਾ ਸਿੰਘ ਸਮੁੰਦਰੀ ਦੇ ਸਿਰ ਹੀ ਬੱਝਦਾ ਹੈ। ਉਨ੍ਹਾਂ ਦਾ ਸੁਭਾਅ ਹੀ ਸ਼ਾਂਤਮਈ ਤੇ ਠਰ੍ਹੰਮੇ ਨਾਲ ਗੱਲ ਕਰਨ ਵਾਲਾ ਸੀ। ਜਿਸ ਕਾਰਨ ਕੋਈ ਵੀ ਉਨ੍ਹਾਂ ਦੀ ਕਹਿਣੀ ਨੂੰ ਨਹੀਂ ਮੋੜਦਾ ਸੀ। ਉਨ੍ਹਾਂ ਦੇ ਗੱਲਬਾਤ ਕਰਨ ਦੇ ਅਕਰਸ਼ਕ ਢੰਗ ਸਦਕਾ ਹੀ ਕਈ ਮਹੰਤਾਂ ਨੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਸਪੁਰਦ ਕਰ ਦਿੱਤੇ ਸਨ। ਇੰਝ ਗੁਰਦੁਆਰਾ ਸੁਧਾਰ ਲਹਿਰ ਵਿਚ ਤੇਜਾ ਸਿੰਘ ਸਮੁੰਦਰੀ ਦਾ ਯੋਗਦਾਨ ਸ਼ਬਦਾਂ ਵਿਚ ਬਿਆਨ ਕਰਨ ਤੋਂ ਬਾਹਰ ਹੈ। ਗੁਰਦੁਆਰਾ ਸਾਹਿਬਾਨ ਨੂੰ ਅਜ਼ਾਦ ਕਰਵਾਉਣ ਦੇ ਮਨੋਰਥ ਬਾਰੇ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ:

"ਆਪ ਦੇ ਦਿਲ ਵਿਚ ਗੁਰਦੁਾਰਿਆਂ ਦਾ ਸੁਧਾਰ ਕਰਕੇ ਇਹਨਾਂ ਨੂੰ ਸਿਖ ਧਰਮ ਦਾ ਕੇਂਦ੍ਰ ਬਨਾਣ ਦੀ ਜ਼ਬਰਦਸਤ ਤੜਪ ਸੀ ਅਤੇ ਸਚੀ ਗੱਲ ਤਾਂ ਇਹ ਹੈ ਕਿ ਅਕਾਲੀ

ਲਹਿਰ ਵਿਚ ਸ. ਤੇਜਾ ਸਿੰਘ ਜੀ ਤੇ ਮਾ. ਤਾਰਾ ਸਿੰਘ ਜੀ ਦੋ ਸ਼ਖ਼ਸੀਅਤਾਂ ਅਜੇਹੀਆਂ ਸਨ ਜਿਸ ਨਾਲ ਅਕਾਲੀ ਲਹਿਰ ਦਾ ਐਨਾ ਫੈਲਾਉ ਹੋਇਆ। "[੭]

ਇੱਕ ਵਾਰ ਜਦੋਂ ਸਰਕਾਰ ਨੂੰ ਇਹ ਪਤਾ ਲੱਗਾ ਕਿ ਅਕਾਲੀਆਂ ਵਿਚ ਫੁੱਟ ਪੈ ਗਈ ਹੈ ਤਾਂ ਤੇਜਾ ਸਿੰਘ ਸਮੁੰਦਰੀ ਨੇ ਇਹ ਖ਼ਬਰ ਸੁਣਦਿਆਂ ਹੀ ਸ੍ਰੀ ਨਨਕਾਣਾ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਵਿਚ ਦਸ ਹਜ਼ਾਰ ਸਿੰਘਾਂ ਦਾ ਇਕ ਵੱਡਾ ਇਕੱਠ ਕਰ ਕੇ ਇਕਜੁੱਟਤਾ ਤੇ ਵਫ਼ਾਦਾਰੀ ਦਾ ਸਬੂਤ ਦਿੱਤਾ। ਇਸ ਪਿੱਛੋਂ ਸਰਕਾਰ ਵੱਲੋਂ ਸਮਝੌਤੇ ਦੀ ਨੀਤੀ ਧਾਰਨ ਕੀਤੀ ਗਈ। ਜਦੋਂ ਅਪ੍ਰੈਲ ੧੯੨੩ ਈ. ਨੂੰ ਵੈਸਾਖੀ ਤੋਂ ਦੋ ਦਿਨ ਪਹਿਲਾਂ ਹਿੰਦੂ ਮੁਸਲਿਮ ਫ਼ਸਾਦ ਸ਼ੁਰੂ ਹੋਏ ਤਾਂ ਫ਼ਸਾਦਾਂ ਦੇ ਰੁਕਣ ਤੋਂ ਬਾਅਦ ਉਨ੍ਹਾਂ ਦੇ ਆਪਸ ਵਿਚ ਸ਼ਾਂਤਮਈ ਸੰਬੰਧ ਪੈਦਾ ਕਰਨ ਲਈ ਹਿੰਦੂ ਮੁਸਲਮਾਨ ਨੇਤਾਵਾਂ ਦੀ ਬੁਲਾਈ ਗਈ ਕਾਨਫ਼ਰੰਸ ਦਾ ਪ੍ਰਧਾਨ ਸ. ਤੇਜਾ ਸਿੰਘ ਸਮੁੰਦਰੀ ਨੂੰ ਚੁਣਿਆ ਗਿਆ।

ਛਿਪੇ ਰਹਿਣ ਦੇ ਜਜ਼ਬੇ ਕਾਰਨ ਉਹ ਕਦੇ ਵੀ ਅਹੁਦੇ ਪਿੱਛੇ ਨਾ ਦੌੜੇ ਸਗੋਂ ਜੇਕਰ ਉਨ੍ਹਾਂ ਨੂੰ ਚੁਣਿਆ ਵੀ ਜਾਂਦਾ ਤਾਂ ਵੱਡਿਆਂ ਦਾ ਮਾਣ ਰੱਖਣ ਲਈ ਓਹ ਉਨ੍ਹਾਂ ਨੂੰ ਹੀ ਤਰਜੀਹ ਦਿੰਦੇ। ਜਦ ਜੁਲਾਈ ੧੯੨੩ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੂਜੀ ਚੋਣ ਸਮੇਂ ਪੰਥ ਨੇ ਉਨ੍ਹਾਂ ਨੂੰ ਸਰਬ-ਸੰਮਤੀ ਨਾਲ ਪ੍ਰਧਾਨ ਬਣਾਉਣ ਦੀ ਤਜਵੀਜ਼ ਰੱਖੀ ਪਰ ਉਹ ਸਹਿਮਤ ਨਾ ਹੋਏ। ਫਿਰ ਉਨ੍ਹਾਂ ਮੀਤ ਪ੍ਰਧਾਨ ਬਣਨਾ ਸਵੀਕਾਰ ਕਰ ਲਿਆ।

ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਾਰੇ ਜਾਣ ਦਾ ਵੀ ਉਨ੍ਹਾਂ ਵਿਰੋਧ ਕੀਤਾ। ਜੈਤੋ ਦੇ ਮੋਰਚੇ ਵਿਚ ਵੀ ਉਨ੍ਹਾਂ ਆਪਣਾ ਵਡਮੁੱਲਾ ਯੋਗਦਾਨ ਪਾਇਆ। ਸਰਕਾਰ ਦੁਆਰਾ ਅਕਤੂਬਰ ੧੯੨੩ ਈ. ਵਿਚ ਉਨ੍ਹਾਂ ਨੂੰ ਹੋਰ ੩੬ ਅਕਾਲੀ ਆਗੂਆਂ ਨਾਲ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਉੱਪਰ ਬਗਾਵਤ ਦਾ ਮੁਕੱਦਮਾ ਚਲਾਇਆ ਗਿਆ। ਪਹਿਲਾਂ ਅੰਮ੍ਰਿਤਸਰ ਜੇਲ੍ਹ ਵਿਚ ਅਤੇ ਬਾਅਦ ਵਿਚ ਸ਼ਾਹੀ ਕਿਲ੍ਹਾ ਲਾਹੌਰ ਵਿਚ ਕੈਦ ਕੀਤਾ ਗਿਆ। ਉਹ ਇਕ ਅਜਿਹੇ ਆਗੂ ਸਨ ਜਿਨ੍ਹਾਂ ਨੇ ਜੇਲ੍ਹ ਦੇ ਸਮੇਂ ਦੌਰਾਨ ਕਿਸੇ ਨਾਲ ਝਗੜਾ ਨਹੀਂ ਕੀਤਾ। ਜਦੋਂ ਉਹ ਸ਼ਾਹੀ ਕਿਲ੍ਹਾ ਲਾਹੌਰ ਵਿਚ ਕੈਦ ਸਨ ਤਾਂ ਉਨ੍ਹਾਂ ਦੇ ਲੜਕੇ ਸ. ਮਾਨ ਸਿੰਘ ਦਾ ਵਿਆਹ ਸੀ। ਪੰਥਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਛੁੱਟੀ ਲੈਣ ਤੋਂ ਮਨ੍ਹਾਂ ਕਰ ਦਿੱਤਾ ਤੇ ਵਿਆਹ ਵਿਚ ਸ਼ਾਮਲ ਨਾ ਹੋਏ। ਕਈ ਅਕਾਲੀ ਆਗੂ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਬਾਹਰ ਆ ਗਏ ਪਰ ਤੇਜਾ ਸਿੰਘ ਨੇ ਇਨ੍ਹਾਂ ਸ਼ਰਤਾਂ ਨੂੰ ਠੋਕਰ ਮਾਰ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਸਾਥੀਆਂ ਸਮੇਤ ਸੈਂਟਰਲ ਜੇਲ੍ਹ ਲਾਹੌਰ ਵਿਚ ਤਬਦੀਲ ਕਰ ਦਿੱਤਾ ਗਿਆ। ਇਨ੍ਹਾਂ ਸਮੇਤ ੧੪ ਸਾਥੀ ਹੀ ਅੰਦਰ ਰਹਿ ਗਏ। ਸ. ਤੇਜਾ ਸਿੰਘ ਸਮੁੰਦਰੀ ਆਪਣੇ ਫੈਸਲੇ ਉੱਪਰ ਦ੍ਰਿੜ੍ਹ ਸਨ ਕਿ ਉਹ ਕਿਸੇ ਵੀ ਹਾਲਤ ਵਿਚ ਸਰਕਾਰ ਦੇ ਫੈਸਲੇ ਨੂੰ ਨਹੀਂ ਮੰਨਣਗੇ।

੧੭ ਜੁਲਾਈ, ੧੯੨੬ ਈ. ਨੂੰ ਉਨ੍ਹਾਂ ਨੇ ਅਦਾਲਤ ਵਿਚ ਮੁਕੱਦਮੇ ਦੇ ਗਵਾਹਾਂ ਨਾਲ ਪੂਰੀ ਗੱਲਬਾਤ ਕੀਤੀ। ਇਸ ਸਮੇਂ ਤਾਂ ਉਹ ਪੂਰੀ ਤਰ੍ਹਾਂ ਤੰਦਰੁਸਤ ਸਨ, ਪਰ

ਅਚਾਨਕ ਹੀ ਉਨ੍ਹਾਂ ਦੀ ਖੱਬੀ ਬਾਂਹ ਵਾਲੇ ਪਾਸੇ ਛਾਤੀ ਵਿਚ ਤਕਲੀਫ ਹੋਈ ਤੇ ਉਹ ਮੰਜੇ ਉੱਪਰ ਲੇਟ ਗਏ। ਡਾਕਟਰ ਦੇ ਚੈੱਕ ਕਰਨ 'ਤੇ ਪਤਾ ਲੱਗਾ ਕਿ ਉਹ ਅਕਾਲ ਚਲਾਣਾ ਕਰ ਚੁੱਕੇ ਹਨ। ਇੰਝ ਆਪ ਜੀ *ਜਨ ਪਰਉਪਕਾਰੀ ਆਏ* ਦੇ ਮਹਾਂਵਾਕ ਨੂੰ ਪੂਰਾ ਕਰਦੇ ਹੋਏ ਬਿਨਾਂ ਕਿਸੇ ਤੋਂ ਸੇਵਾ ਕਰਵਾਏ ੧੭ ਜੁਲਾਈ, ੧੯੨੬ ਈ. ਨੂੰ ਪੰਜ ਤੱਤਾਂ ਵਿਚ ਵਿਲੀਨ ਹੋ ਗਏ। ਇਸ ਸਮੇਂ ਉਨ੍ਹਾਂ ਦੀ ਉਮਰ ਲੱਗਭਗ ਸਾਢੇ ੪੫ ਸਾਲ ਸੀ। ਗਿਆਨੀ ਹੀਰਾ ਸਿੰਘ ਦਰਦ ਉਨ੍ਹਾਂ ਦੇ ਅਕਾਲ ਚਲਾਣੇ ਸੰਬੰਧੀ ਆਪਣੇ ਵਲਵਲਿਆਂ ਨੂੰ ਇੰਝ ਬਿਆਨ ਕਰਦੇ ਹਨ:

*ਸਾਵਣ ਦੂਈ ਨੂੰ ਜੇਹਲ ਲਾਹੌਰ ਅੰਦਰ, ਤਾਰਾ ਤੇਜ ਵਾਲਾ ਸਾਡਾ ਡੁਬ ਗਿਆ!*
*ਜਿਥੇ ਜਿਥੇ ਏ ਕਹਿਰ ਦੀ ਖਬਰ ਪੌਂਚੀ, ਕੰਡਾ ਕਿਕਰ ਦਾ ਕਾਲਜੇ ਚੁਬ ਗਿਆ!*
*ਸਾਗਰ ਗ਼ਮਾਂ ਦਾ ਉਛਲਿਆ ਤੋੜ ਕੰਢੇ, ਕੋਈ ਰੁੜ੍ਹ ਚਲਿਆ ਕੋਈ ਡੁੱਬ ਗਿਆ!*
*ਹਾਇ! ਹਾਇ!! ਕਰਕੇ ਕਹਿੰਦੇ ਦਰਦ ਵਾਲੇ, ਪੰਥਕ ਬੇੜਾ ਬਰੇਤੇ ਵਿਚ ਖੁਬ ਗਿਆ!*

ਉਨ੍ਹਾਂ ਦੀ ਅਰਥੀ ਮਾਸਟਰ ਤਾਰਾ ਸਿੰਘ, ਸ. ਭਾਗ ਸਿੰਘ ਵਕੀਲ, ਸ. ਸਰਮੁੱਖ ਸਿੰਘ ਝਬਾਲ, ਸ. ਗੋਪਾਲ ਸਿੰਘ ਕੌਮੀ ਤੇ ਹੋਰ ਸਾਥੀ ਜੇਲ੍ਹ ਦੇ ਦਰਵਾਜ਼ੇ ਤਕ ਲਿਆਏ। ਉਨ੍ਹਾਂ ਦੀ ਮ੍ਰਿਤਕ ਦੇਹ ਗੁਰਦੁਆਰਾ ਪਿਪਲੀ ਸਾਹਿਬ ਸ੍ਰੀ ਅੰਮ੍ਰਿਤਸਰ ਲੱਗਭਗ ਦੋ ਕੁ ਵਜੇ ਪਹੁੰਚੀ। ਉਨ੍ਹਾਂ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਲਈ ਦੂਰ-ਦੁਰਾਡੇ ਤੋਂ ਸੰਗਤ ਪਹੁੰਚੀ। ਉਨ੍ਹਾਂ ਦੀ ਮ੍ਰਿਤਕ ਦੇਹ ਸੰਬੰਧੀ ਜਲੂਸ ਹਾਲ ਬਜ਼ਾਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਬਾਬਾ ਅਟੱਲ ਰਾਏ, ਗੁਰਦੁਆਰਾ ਰਾਮਸਰ ਸਾਹਿਬ, ਸ਼ਹੀਦ ਗੰਜ, ਬਾਬਾ ਦੀਪ ਸਿੰਘ ਤੋਂ ਹੁੰਦਾ ਹੋਇਆ ਛੇ ਵਜੇ ਦੇ ਕਰੀਬ ਚਾਟੀਵਿੰਡ ਦਰਵਾਜੇ ਦੇ ਬਾਹਰ ਸ਼ਮਸ਼ਾਨਘਾਟ ਪਹੁੰਚਾ। ਉਨ੍ਹਾਂ ਦੇ ਅੰਤਮ ਸਸਕਾਰ ਸਮੇਂ ਮੌਜੂਦ ਹਰੇਕ ਵਿਅਕਤੀ ਦੀਆਂ ਅੱਖਾਂ ਨਮ ਸਨ। ਉਨ੍ਹਾਂ ਦੀ ਧਰਮ ਮਾਤਾ ਮਾਈ ਰਾਧਾ ਅਕਾਲ ਚਲਾਣੇ ਦੀ ਖ਼ਬਰ ਮਿਲਦੇ ਸਾਰ ਹੀ ਅੰਮ੍ਰਿਤਸਰ ਪਹੁੰਚੀ, ਪਰ ਉਸ ਸਮੇਂ ਤਕ ਸਸਕਾਰ ਹੋ ਚੁੱਕਾ ਸੀ। ਅਖੀਰਲੀ ਵਾਰ ਆਪਣੇ ਪੁੱਤਰ ਦੇ ਦਰਸ਼ਨ ਨਾ ਕਰ ਸਕਣ ਕਰਕੇ ਉਹ ਵਿਆਕੁਲ ਫਿਰਦੀ ਰਹੀ। ਅੰਤ ਉਹ ਵੀ ਆਪਣੇ ਧਰਮੀ ਪੁੱਤਰ ਤੋਂ ਕੁਝ ਸਮਾਂ ਬਾਅਦ ਅਕਾਲ ਚਲਾਣਾ ਕਰ ਗਈ। ਜਦ ਮਹਾਰਾਜਾ ਰਿਪੁਦਮਨ ਸਿੰਘ ਨੂੰ ਸ. ਤੇਜਾ ਸਿੰਘ ਸਮੁੰਦਰੀ ਦੇ ਅਕਾਲ ਚਲਾਣੇ ਦੀ ਖ਼ਬਰ ਦੇਰ ਨਾਲ ਮਿਲੀ ਤਾਂ ਉਹ ਕਾਫੀ ਸਮਾਂ ਪ੍ਰੇਮ ਦੇ ਅੱਥਰੂ ਵਹਾਉਂਦੇ ਰਹੇ। ਜਦੋਂ ਸਰਕਾਰ ਨੇ ਸਤੰਬਰ ੧੯੨੬ ਈ. ਨੂੰ ਬਾਕੀ ਅਕਾਲੀ ਲੀਡਰਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਤਾਂ ਅਕਾਲੀ ਆਗੂਆਂ ਦੁਆਰਾ ਗਰੁੱਪ ਫ਼ੋਟੋ ਕੀਤੀ ਗਈ ਜਿਸ ਵਿਚ ਸ. ਤੇਜਾ ਸਿੰਘ ਦੀ ਕੁਰਬਾਨੀ ਨੂੰ ਨਾ ਵਿਸਾਰਦੇ ਹੋਏ ਉਨ੍ਹਾਂ ਦੀ ਫ਼ੋਟੋ ਕੁਰਸੀ ਉੱਪਰ ਰੱਖ ਕੇ ਗਰੁੱਪ ਫ਼ੋਟੋ ਖਿਚਵਾਈ ਗਈ। ਇਹ ਹੈ ਪੰਥ ਦਰਦੀਆਂ ਦੀ ਆਪਣੇ ਮਿੱਤਰ ਪਿਆਰਿਆਂ ਲਈ ਸਨੇਹ ਦੀ ਅਨੋਖੀ ਮਿਸਾਲ।

੨ ਅਕਤੂਬਰ, ੧੯੨੬ ਈ. ਨੂੰ ਜਦੋਂ ਸੈਂਟਰਲ ਗੁਰਦੁਆਰਾ ਬੋਰਡ ਦੇ ਪ੍ਰਧਾਨ ਵਜੋਂ ਅਹੁਦੇਦਾਰ ਚੁਣਨ ਸੰਬੰਧੀ ਇਕੱਤ੍ਰਤਾ ਹੋਈ ਤਾਂ ਇਸ ਤੋਂ ਪਹਿਲਾਂ ਸ. ਤੇਜਾ ਸਿੰਘ ਸਮੁੰਦਰੀ ਜੀ ਦੇ ਅਕਾਲ ਚਲਾਣੇ ਸੰਬੰਧੀ ਸ਼ੋਕ ਮਤਾ ਪੇਸ਼ ਕੀਤਾ ਗਿਆ।[੮]

ਸਿੱਖ ਪੰਥ ਦੇ ਲਈ ਆਪਣਾ ਸਾਰਾ ਜੀਵਨ ਨਿਸ਼ਾਵਰ ਕਰਨ ਵਾਲੇ ਇਸ ਮਹਾਨ ਆਗੂ ਦੇ ਨਾਂ 'ਤੇ ਸਮੁੰਦਰੀ ਹਾਲ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਨਾਂ ਸ. ਤੇਜਾ ਸਿੰਘ ਸਮੁੰਦਰੀ ਹਾਲ ਰੱਖਿਆ ਗਿਆ। ਮੌਜੂਦਾ ਸਮੇਂ ਇਸ ਹਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਹਿਮ ਇਕੱਤ੍ਰਤਾਵਾਂ, ਜਨਰਲ ਇਜਲਾਸ, ਬਜਟ ਇਜਲਾਸ ਸ਼ੋਕ ਸਮਾਗਮ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਦਿਵਸ ਆਦਿਕ ਅਹਿਮ ਸਮਾਗਮ ਕੀਤੇ ਜਾਂਦੇ ਹਨ। ਹਾਲ ਵਿਚ ਪ੍ਰਵੇਸ਼ ਕਰਦਿਆਂ ਹੀ ਉਨ੍ਹਾਂ ਦੀ ਯਾਦ ਫਿਰ ਤੋਂ ਤਾਜ਼ਾ ਹੋ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਚ ਮੌਜੂਦ ਇਹ ਹਾਲ ਹਮੇਸ਼ਾ ਹੀ ਸਮੁੰਦਰੀ ਜੀ ਦੀ ਸਿਮ੍ਰਤੀ ਨੂੰ ਯਾਦਗਾਰ ਵਜੋਂ ਸੰਭਾਲ ਕੇ ਰੱਖੇਗਾ ਅਤੇ ਰੱਖ ਰਿਹਾ ਹੈ।

ਸ. ਤੇਜਾ ਸਿੰਘ ਸਮੁੰਦਰੀ ਜੀ ਦਾ ਲਾਸਾਨੀ ਪੰਥਕ ਅਤੇ ਸ਼ਖ਼ਸੀ ਜੀਵਨ ਸਿੱਖ ਲੋਕਾਈ ਲਈ ਰਾਹ-ਦਸੇਰਾ ਹੈ। ਸਾਨੂੰ ਉਨ੍ਹਾਂ ਦੇ ਪਰਉਪਕਾਰੀ ਜੀਵਨ ਤੋਂ ਸਿੱਖਿਆ ਲੈ ਕੇ ਪੰਥਕ ਕਾਰਜਾਂ ਲਈ ਕਾਰਜਸ਼ੀਲ ਰਹਿਣਾ ਚਾਹੀਦਾ ਹੈ।

ਹਵਾਲੇ ਟਿੱਪਣੀਆਂ


੧. ਪਿਆਰ ਸਿੰਘ, *ਤੇਜਾ ਸਿੰਘ ਸਮੁੰਦ੍ਰੀ*, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ. ੧੯੭੫, ਪੰਨਾ ੯.

੨. ਉਹੀ, ਪੰਨਾ ੨੧

੩. *ਉਹੀ*, ਪੰਨਾ ੧੨.

੪. ਗਿਆਨੀ ਹੀਰਾ ਸਿੰਘ ਦਰਦ, *'ਸ੍ਰਦਾਰ ਤੇਜਾ ਸਿੰਘ ਜੀ ਸਮੁੰਦਰੀ ਦੀ ਜੀਵਨ ਕਥਾ!', ਫੁਲਵਾੜੀ*, ਜਿਲਦ ਦੂਜੀ, ਅੰਕ ੧੦, ਅਗਸਤ ੧੯੨੬, ਪੰਨਾ ੮੪੦.

੫. *ਉਹੀ*

੬. *ਉਹੀ*, ਪੰਨਾ ੮੪੩

੭. *ਉਹੀ.*

੮. ਰੂਪ ਸਿੰਘ, *ਪੰਥ ਸੇਵਕ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਮਾਰਚ ੨੦੧੦, ਪੰਨਾ ੫੧.

# ਪੁਸਤਕ 'ਗੁਰੂ ਤੇਗ ਬਹਾਦਰ ਜੀ ਦੀ ਬਾਣੀ' ਕ੍ਰਿਤ ਡਾ. ਸੁਰਿੰਦਰ ਸਿੰਘ ਅੰਤਰਝਾਤ

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਾਰਾ ਜੀਵਨ ਲਾਸਾਨੀ ਹੈ। ਸ਼ਹਾਦਤ ਕਿਸੇ ਬਹੁਤ ਉੱਚੇ ਉਦੇਸ਼ ਵਾਸਤੇ ਕਿਸੇ ਮਹਾਂਪੁਰਸ਼ ਦੁਆਰਾ ਆਪਣੀ ਜ਼ਿੰਦਗੀ ਨੂੰ ਵਾਰਨ ਦਾ ਨਾਂ ਹੈ। ਆਪਣੇ ਨਿੱਜ ਧਰਮ ਵਾਸਤੇ ਸ਼ਹੀਦੀਆਂ ਕਾਫੀ ਹੋਈਆਂ ਪਰੰਤੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੂਜੇ ਦੇ ਧਰਮ ਦੀ ਰੱਖਿਆ ਵਾਸਤੇ ਦਿੱਤੀ ਹੋਣ ਕਰ ਕੇ ਵਿਲੱਖਣਤਮ ਹੈ।

ਨੌਵੇਂ ਗੁਰੂ ਜੀ ਉਚਤਮ ਕੋਟੀ ਦੇ ਮਨੋਵਿਗਿਆਨੀ ਹੋਏ ਹਨ। ਉਨ੍ਹਾਂ ਦਾ ਕੁੱਲ ਜੀਵਨ ਨਿੱਜ ਤੋਂ ਅਸਲੋਂ ਉਚੇਰਾ ਅਤੇ ਦੂਜੇ ਦੇ ਲਈ ਉਚਤਮ ਖ਼ਿਆਲ ਰੱਖਣ ਦਾ ਸੂਚਕ ਹੈ। ਨਿੱਜਤਵ ਦੇ ਖ਼ਿਆਲ ਦੇ ਅੰਸ਼ਮਾਤਰ ਤੋਂ ਵੀ ਨਿਰਲੇਪ ਹਨ ਗੁਰੂ ਜੀ। ਪ੍ਰਭੂ ਹੁਕਮ ਹੀ ਵਰਤਦਾ ਹੈ, ਦਾ ਖਿਆਲ ਆਪ 'ਚ ਪ੍ਰਪੱਕ ਰਿਹਾ। ਪਿਤਾ ਗੁਰੂ ਜੀ ਨੇ ਗੁਰਿਆਈ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਬਖ਼ਸ਼ ਦਿੱਤੀ। ਆਪ ਜੀ ਨੇ ੨੧ ਵਰ੍ਹੇ ਬਾਬੇ ਬਕਾਲੇ 'ਚ ਵੀ ਪੂਰਨ ਸ਼ਾਂਤਚਿਤ ਪ੍ਰਭੂ-ਚਿੰਤਨ 'ਚ ਬਿਤਾਏ ਜੋ ਕਿ ਇਕ ਲੰਬਾ ਅਰਸਾ ਹੈ। ਜਦੋਂ ਅਠਵੇਂ ਪਾਤਸ਼ਾਹ ਨੇ ਜੋਤੀ-ਜੋਤਿ ਸਮਾਉਣ ਤੋਂ ਪੂਰਵ 'ਬਾਬਾ ਬਕਾਲੇ' ਬਚਨ ਕਰ ਦਿੱਤਾ ਤਦ ਹੀ ਸਿੱਖ ਸੰਗਤ ਦੀ ਰੂਹਾਨੀ ਅਗਵਾਈ ਵਾਸਤੇ ਅੱਗੇ ਆਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਵਦੀ ੫ ਸੰਮਤ ੧੬੭੮ ਬਿਕ੍ਰਮੀ (੧ ਅਪ੍ਰੈਲ, ੧੬੨੧) ਦਾ ਹੈ। ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਛੇਵੇਂ ਪਾਤਸ਼ਾਹ ਜੀ ਦੇ ਗ੍ਰਹਿ ਗੁਰੂ ਕੇ ਮਹਿਲ ਮਾਤਾ ਨਾਨਕੀ ਜੀ ਦੀ ਕੁੱਖੋਂ। ਬਾਬਾ ਬੁੱਢਾ ਜੀ ਦਾ ਸਹਿਜ ਬਚਨ ਹੋਇਆ ਵੱਡੇ ਭਾਗਾਂ ਵਾਲਾ ਹੋਵੇਗਾ ਤੇ ਦੇਸ਼-ਕੌਮ ਦਾ ਰੱਖਿਅਕ। ਭਾਸ਼ਾਵਾਂ ਦੀ ਸਿਖਲਾਈ ੪ ਵਰ੍ਹੇ ਦੀ ਬਾਲ ਉਮਰੇ ਅਤੇ ਧਰਮ-ਦਰਸ਼ਨ-ਇਤਿਹਾਸ ਦੀ ਪੜ੍ਹਾਈ ਵੀ ਨਾਲ ਹੀ। ਥੋੜੇ ਵੱਡੇ ਹੋਣ 'ਤੇ ਸ਼ਸਤਰ ਵਿੱਦਿਆ ਵੀ। ਸਿੱਟਾ: ੧੪ ਵਰ੍ਹਿਆਂ ਦੀ ਕਿਸ਼ੋਰ ਉਮਰ 'ਚ ਕਰਤਾਰਪੁਰ ਦੀ ੧੬੩੪ ਈ. 'ਚ ਹੋਈ ਮੁਗਲਾਂ ਵਿਰੁੱਧ ਲੜਾਈ 'ਚ ਤੇਗ਼ ਦੇ ਜ਼ੌਹਰ ਦਿਖਾ ਪਿਤਾ ਗੁਰੂ ਜੀ ਤੋਂ ਪਾਇਆ ਤਿਆਗ ਮੱਲ ਦੀ ਜਗ੍ਹਾ 'ਤੇਗ ਬਹਾਦਰ' ਦਾ ਖ਼ਿਤਾਬ ਰੂਪ ਮਾਨ ਕੀਤਾ।

ਗੁਰੂ ਜੀ ਦਾ ਸੰਯੋਗ ਜ਼ਿਲ੍ਹਾ ਜਲੰਧਰ ਦੇ ਪਿੰਡ ਕਰਤਾਰਪੁਰ ਦੇ ਸ੍ਰੀ ਲਾਲ ਚੰਦ ਖੱਤਰੀ ਤੇ ਅਤਿ ਸੁਲੱਖਣੀ ਮਾਂ-ਜਾਈ ਦੀ ਪੂਰਨ ਆਗਿਆਕਾਰ, ਸੁੰਦਰ ਅਤੇ ਧੀਰਜ ਜਿਹੇ ਅਨੇਕਾਂ ਗੁਣਾਂ ਨਾਲ ਸੁਸੱਜਿਤ ਸਪੁੱਤਰੀ ਨਾਲ ਹੋਈ। ਇਹ ਗੁਣਾਂ ਨਾਲ ਗੁਣਾਂ ਦੇ

**੫, ਹੰਸਲੀ ਕਵਾਟਰਜ਼, ਨਿਊ ਤਹਿਸੀਲਪੁਰਾ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. +੯੧੯੮੭੨੭-੩੫੧੧੧*

ਸੰਯੋਗ ਦੇ ਮਿਲ ਕੇ ਕਈ ਗੁਣਾਂ ਨਿਰਮਲ ਹੋ ਜਾਣ ਵਾਲਾ ਸੰਭਾਵੀ ਸੰਯੋਗ ਸੀ। ਪਤੀ-ਪਤਨੀ ਦੀ ਪੂਰਨ ਇਕਸੁਰਤਾ ਅਤੇ ਹਰ ਰਜ਼ਾ 'ਚ ਰਾਜ਼ੀ ਰਹਿਣ ਦੀ ਅਜਿਹੀ ਉਦਾਹਰਨ ਵਿਲੱਖਣਤਮ ਹੀ ਹੁੰਦੀ ਹੈ। ਦਰਅਸਲ ਦੋਨੋਂ ਰੂਹਾਂ ਹੀ ਪ੍ਰਭੂ-ਭਗਤੀ 'ਚ ਪੂਰਨ ਇਕਰਸ ਤੇ ਇਕਸੁਰ ਰਹਿੰਦੀਆਂ। ਗੁਰੂ-ਪਰਵਾਰ ਦੀ ਰਿਹਾਇਸ਼ ੧੬੩੪ ਈ. ਤੋਂ ੧੬੪੪ ਈ. ਤਕ ਕਰਤਾਰਪੁਰ ਤੋਂ ਕੀਰਤਪੁਰ ਪਰਵਰਤਿਤ ਹੋ ਜਾਣ ਕਰਕੇ ਇਹ ਸਮਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਹੀ ਗੁਜ਼ਾਰਿਆ। ਇੱਥੋਂ ਹੀ ਆਪ ਸਮੇਂ-ਸਮੇਂ ਬਕਾਲੇ ਅਤੇ ਕਰਤਾਰਪੁਰ ਜਾਂਦੇ ਰਹੇ। ਛੇਵੇਂ ਗੁਰੂ ਤੋਂ ਗੁਣਵਾਨ ਬਾਬਾ ਗੁਰਦਿੱਤਾ ਜੀ ਨੂੰ ਗੁਰਿਆਈ ਹਾਸਲ ਹੋਣ ਦੀ ਆਸ ਸੀ, ਪਰੰਤੂ ਗੁਰਿਆਈ ਬਾਬਾ ਜੀ ਦੇ ਛੋਟੇ ਪੁੱਤਰ ਸ੍ਰੀ ਹਰਿਰਾਇ ਜੀ ਨੂੰ ਹਾਸਲ ਹੋਈ। 'ਸਿੱਖ ਇਤਿਹਾਸ' ਅਨੁਸਾਰ ਇਕ ਵਾਰ ਬੀਬੀ ਨਾਨਕੀ ਜੀ ਨੂੰ ਆਪਣੇ ਸਪੁੱਤਰ ਦੀ ਭਾਵੀ ਤਕਦੀਰ ਨੂੰ ਮਨ 'ਚ ਰੱਖਣ ਤੇ ਗੁਰੂ ਸਾਹਿਬ ਨੇ ਯੋਗ ਵਕਤ ਆਉਣ 'ਤੇ ਹਾਸਲ ਹੋਣ ਦੀ ਧਰਵਾਸ ਰੂਪ ਆਸ ਬੰਧਾਈ ਸੀ। ਸੰਨ ੧੬੪੪ 'ਚ ਛੇਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਮਗਰੋਂ ਮਾਤਾ ਨਾਨਕੀ ਸਪੁੱਤਰ-ਨੂੰਹ ਸਹਿਤ ਆਪਣੇ ਪੇਕੇ ਬਕਾਲੇ ਆ ਗਏ। ਇੱਥੇ ਇਹ ਪਰਵਾਰ ਇਵੇਂ ਰਹਿਆ ਜਿਵੇਂ ਜਲ 'ਚ ਜਲ ਸਮੋ ਜਾਂਦਾ ਹੈ। ਸ੍ਰੀ ਗੁਰੂ ਹਰਿਰਾਇ ਜੀ ਤੋਂ ਮਗਰੋਂ ਉਨ੍ਹਾਂ ਦੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਹਾਸਲ ਹੋਈ ਅਤੇ ਉਨ੍ਹਾਂ ਦੇ ਬਾਲ-ਉਮਰ 'ਚ ਅਕਾਲ ਦੇ ਦੇਸ਼ ਗਮਨ ਕਰ ਜਾਣ ਮਗਰੋਂ ਉਨ੍ਹਾਂ ਦੇ ਕੀਤੇ ਪਾਵਨ ਬਚਨ 'ਬਾਬਾ ਬਕਾਲੇ' ਦੇ ਅਨੁਰੂਪ ਸ੍ਰੀ ਤੇਗ ਬਹਾਦਰ ਜੀ ਨੂੰ ਪਰਮਾਤਮਾ ਦੁਆਰਾ ਹਰ ਵੱਡੀ ਤੇ ਮਹੱਤਵਪੂਰਨ ਘਟਨਾ ਦੀ ਰਹੱਸਮਈ ਵਿਉਂਤਬੰਦੀ ਹੁੰਦੀ ਹੈ।

ਜਿਹਲਮ ਨਿਵਾਸੀ ਸਮੁੰਦਰੀ ਰਸਤੇ ਵੱਡੇ ਪੱਧਰ ਦਾ ਵਪਾਰਕ ਕਾਰਜ ਕਰਨ ਵਾਲਾ ਵਪਾਰੀ ਕੁਦਰਤ ਦੀ ਕਰਣੀਂ ਗੁਰੂ ਨਾਨਕ ਦੇ ਦਰ 'ਤੇ ਅਰਦਾਸ ਕਰਨ ਨਾਲ ਸਮੁੰਦਰੀ ਤੂਫਾਨ 'ਚ ਫਸੇ ਆਪਣੇ ਜਹਾਜ਼ ਦੇ ਸੁਰੱਖਿਅਤ ਨਿਕਲ ਆਉਣ ਕਰਕੇ ਸ਼ੁਕਰਾਨੇ ਵਜੋਂ ੫੦੦ ਮੋਹਰਾਂ ਭੇਟ ਕਰਨ ਬਕਾਲੇ ਪਹੁੰਚਿਆ ਤਾਂ ਉਹ ਗੁਰੂ ਜੀ ਨੂੰ ਗੁਰੂ ਨਾਨਕ ਘਰ ਦੇ ਅਸਲ ਵਾਰਸ ਦੇ ਤੌਰ 'ਤੇ ਪ੍ਰਗਟ ਕਰਨ ਦਾ ਸਾਧਨ ਬਣਿਆ। ਧੀਰ ਮੱਲ ਨੇ ਗੁਰੂ ਜੀ ਦੇ ਪ੍ਰਗਟ ਹੋਣ 'ਤੇ ਬੌਖਲਾਹਟ 'ਚ ਸੱਚ ਦੀ ਰੂਹਾਨੀ ਮੂਰਤ ਨੂੰ ਜਾਨ ਤੋਂ ਖ਼ਤਮ ਕਰਨ ਦੀ ਸਾਜ਼ਿਸ਼ ਕੀਤੀ। ਗੁਰੂ ਸਾਹਿਬ ਅੰਮ੍ਰਿਤਸਰ ਗਏ, ਉੱਥੇ ਵੀ ਪੀਰ ਮੱਲ ਦੇ ਟੁਕੜਬੋਚ ਪੁਜਾਰੀਆਂ ਦੇ ਘੁਮੰਡੀ ਵਿਹਾਰ ਨੂੰ ਸਹਿ ਕੇ ਗੁਰੂ ਸਾਹਿਬ ਵੇਖੇ-ਡਿੱਠੇ ਖੇਤਰ 'ਚ ਸੰਨ ੧੬੬੫ 'ਚ 'ਚੱਕ ਨਾਨਕੀ' ਵਸਾ ਕਰ ਕੇ ਸਮੂਹ ਹਿੰਦੋਸਤਾਨੀਆਂ ਨੂੰ ਸੱਚਾ ਵਿਹਾਰ-ਕਿਰਦਾਰ ਸਿਰਜਣ ਦਾ ਮਿਸ਼ਨ ਚਲਾਉਂਦੇ ਰਹੇ। ਪਰਵਾਰ ਪਟਨਾ ਵਿਖੇ ਛੱਡ ਕੇ ਅਗਲੀ ਪਚਾਰ ਯਾਤਰਾ ਲਈ ਚਲੇ ਗਏ ਸਨ। ਸੰਨ ੧੬੬੬ 'ਚ ਬਾਲ ਗੋਬਿੰਦ ਰਾਏ ਦੇ ਪ੍ਰਗਟ ਹੋਣ ਦਾ ਸ਼ੁਭ ਸਮਾਚਾਰ ਗੁਰੂ ਜੀ ਨੂੰ ਮਿਸ਼ਨ 'ਤੇ ਚੱਲਦਿਆਂ

ਹੋਇਆਂ ਹੀ ਮਿਲਿਆ। ਫਿਰ ਮਈ ੧੬੬੭ 'ਚ ਹੀ ਪਟਨੇ ਉਹ ਵੀ ਥੋੜੇ ਸਮੇਂ ਲਈ ਹੀ ਆ ਸਕੇ। ਪਰਵਾਰ ਨੂੰ ਧੀਰਜ ਦੇ ਕੇ ਆਪ ਪੰਜਾਬ ਆ ਗਏ ਅਤੇ ਜੂਨ ੧੬੭੦ 'ਚ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਪਰਵਾਰ ਬੁਲਾ ਲਿਆ। ਵਿਆਪਕ ਤੌਰ 'ਤੇ ਹਿੰਦੋਸਤਾਨ 'ਚ ਵਿਚਰ ਕੇ ਗੁਰੂ ਜੀ ਨੇ ਤਤਕਾਲੀ ਕੱਟੜ ਇਸਲਾਮੀ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਲੋਕਾਈ ਨੂੰ ਡੂੰਘਾ ਹੌਂਸਲਾ ਤੇ ਸਾਹਸ ਬਖ਼ਸ਼ਿਆ। ਹਕੂਮਤੀ ਸਖ਼ਤੀ ਦਾ ਹੀ ਸਵਾਲ ਅਤੇ ਖ਼ਤਰੇ 'ਚ ਪਏ ਹੋਏ ਆਪਣੇ ਧਰਮ (ਹਿੰਦੂ ਧਰਮ) ਦੀ ਬੇਪਤੀ ਰੋਕਣ ਤੇ ਬਚਾਉਣ ਦੀ ਗੁਹਾਰ ਲੈ ਕੇ ਅਨੰਦਪੁਰ ਸਾਹਿਬ ਆਏ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਪੁੱਜੇ ਕਸ਼ਮੀਰੀ ਪੰਡਿਤਾਂ ਦੇ ਵਫ਼ਦ ਨੂੰ ਬਾਦਸ਼ਾਹ ਕੋਲ ਉਨ੍ਹਾਂ ਦੀ ਸਥਿਤੀ 'ਤੇ ਰਹਿਮ ਕਰਕੇ ਆਪਣੀ ਧਾਰਮਿਕ ਸੁਤੰਤਰਤਾ ਬਚਾਉਣ ਦੇ ਸਵਾਲ ਉੱਪਰ ਗੁਰੂ ਜੀ ਨੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ ਸੰਗ-ਸਾਥ 'ਚ ਜਾ ਕੇ ਔਰੰਗਜ਼ੇਬ ਨੂੰ ਅੱਤਿਆਚਾਰ ਦੀ ਹਨੇਰੀ ਰੋਕਣ ਲਈ ਕਹਿਣ ਦੀ ਅਪੂਰਵ ਜ਼ੁਰਅਤ ਕੀਤੀ, ਪਰੰਤੂ ਇਸ ਬਦਲੇ ਗੁਰੂ ਜੀ ਨੂੰ ਆਪਣੇ ਸੀਸ ਦਾ ਬਲਿਦਾਨ ਦੇਣਾ ਪਿਆ ਅਤੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਤਿੰਨੇ ਸਿੱਖ ਸਾਥੀ ਸਿਰੇ ਦੇ ਸਿਖਰਲੇ ਤਸੀਹਿਆਂ ਸਹਿਤ ਸ਼ਹੀਦ ਹੁੰਦੇ ਵੇਖੇ। ਸਿਰੜੀ ਸਿੱਖ ਸੂਰਮੇ ਭਾਈ ਜੈਤਾ ਜੀ ਜਿਵੇਂ-ਕਿਵੇਂ ਬਚਦੇ ਬਚਾਉਂਦੇ, ਹਿਮਾਲਾ ਪਰਬਤ ਜਿੰਨਾ ਹੌਂਸਲਾ ਧਾਰ ਕੇ ਗੁਰੂ ਜੀ ਦੇ ਸੀਸ ਦਾ ਅਪਮਾਨ ਹੋਣੋਂ ਬਚਾ ਕੇ ਅਨੰਦਪੁਰ ਸਾਹਿਬ ਆ ਪੁੱਜੇ ਅਤੇ ਧਨਵਾਨ ਪਰ ਸੱਚੇ ਸਿੱਖ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਜੀ ਦੀ ਦੇਹ ਦਾ ਅੰਤਿਮ ਸਸਕਾਰ ਆਪਣਾ ਘਰ ਹੀ ਅਗਨ ਭੇਟ ਕਰ ਕੇ ਕੀਤਾ। ਭਾਵੇਂ ਸ੍ਰੀ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਆਯੂ ਸਿਰਫ਼ ਨੌਂ ਵਰ੍ਹੇ ਸੀ ਪਰੰਤੂ ਉਨ੍ਹਾਂ ਨੂੰ ਡੂੰਘਾ ਅਹਿਸਾਸ ਸੀ ਕਿ ਭਾਈ ਜੈਤਾ ਜੀ ਕਿੰਨਾ ਵੱਡੇ ਹੌਂਸਲੇ ਵਾਲਾ ਕਾਰਜ ਕਰ ਕੇ ਪੁੱਜੇ। ਸਿੱਖਾਂ ਦੀ ਆਨ, ਅਣਖ ਤੇ ਸਵੈਮਾਣ ਬਚ ਗਿਆ ਸੀ। ਗੁਰੂ ਜੀ ਨੇ ਮਗਰੋਂ ਆਪਣੇ ਜੀਵਨ ਉੱਪਰ 'ਬਚਿਤ੍ਰ ਨਾਟਕ' ਲਿਖਦਿਆਂ ਗੁਰੂ ਪਿਤਾ ਜੀ ਬਾਰੇ ਯਾਦਗਾਰੀ ਕਥਨ ਕੀਤਾ :

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥*
*ਕੀਨੋ ਬਡੋ ਕਲੂ ਮਹਿ ਸਾਕਾ ॥*

ਉਕਤ ਅਤਿ ਵਿਆਪਕ ਵਿਸ਼ੇ ਨੂੰ ਗੁਰਸਿੱਖ ਵਿਦਵਾਨ ਲੇਖਕ ਡਾ. ਸੁਰਿੰਦਰ ਸਿੰਘ ਨੇ ਸਿਰਫ਼ ਦਸ ਸਫਿਆਂ 'ਚ ਜੋ ਕਿ ਉਨ੍ਹਾਂ ਦੀ ਕੁੱਜੇ ਨੂੰ ਸਮੁੰਦਰ 'ਚ ਬਿਆਨ ਕੀਤਾ ਹੈ, ਬੰਦ ਕਰਨ ਦੀ ਸਮਰੱਥਾ ਵਾਲੀ ਸ਼ੈਲੀ ਦਾ ਹੀ ਕਮਾਲ ਕਿਹਾ ਜਾ ਸਕਦਾ ਹੈ। ਇਸ ਪਹਿਲੇ ਕਾਂਡ ਦਾ ਸਿਰਲੇਖ ਹੈ: 'ਗੁਰੂ ਤੇਗ ਬਹਾਦਰ ਦਾ ਜੀਵਨ'। ਇਸੇ ਕਾਂਡ ਦੇ ਅੰਤ 'ਚ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਦਾ ਰਾਗਾਂ ਅਨੁਸਾਰ ਵਿਵਰਣ ਹੈ। ਵੱਖ-ਵੱਖ ਰਾਗਾਂ 'ਚ ੫੯ ਸ਼ਬਦ ਹਨ ਅਤੇ ਇਕ ਥਾਂ ੫੭ ਸਲੋਕ।

ਪੁਸਤਕ ਦਾ ਦੂਸਰਾ ਕਾਂਡ: 'ਗੁਰੂ ਤੇਗ ਬਹਾਦਰ ਜੀ ਦਾ ਜੀਵਨ ਦਰਸ਼ਨ' ਹੈ, ਪੰਨਾ ਨੰ: ੨੦ ਤੋਂ ੨੯ ਦੇ ੧੦ ਪੰਨਿਆਂ 'ਚ ਗੁਰੂ ਜੀ ਦਾ ਮਹਾਨ ਤੇ ਡੂੰਘਾ ਫ਼ਲਸਫ਼ਾ ਬਿਆਨ ਕੀਤਾ ਹੈ। ਗੁਰੂ ਸਾਹਿਬ ਸਮੁੱਚੀ ਬਾਣੀ 'ਚ ਜੀਵਨ ਦਰਸ਼ਨ ਹੀ ਪ੍ਰਸਤੁਤ ਕਰਦੇ ਹਨ। ਇਹ ਜੀਵਨ ਫ਼ਲਸਫ਼ਾ ਹੈ ਕਿ ਸੰਸਾਰ ਨਾਸ਼ਮਾਨ ਹੈ ਪਰੰਤੂ ਇਸ ਦਾ ਇਹ ਅਰਥ ਨਹੀਂ ਕਿ ਅਸੀਂ ਨਿਰਾਸ਼ ਹੋ ਕਰਕੇ ਆਚਰਣਕ ਹਾਰ ਮੰਨ ਲਈਏ। ਮਿਲਿਆ ਸੀਮਿਤ ਜੀਵਨ ਬੇਹੱਦ ਕੀਮਤੀ ਹੈ। ਮੌਤ ਦੇ ਭੈਅ 'ਚ ਜੀਣਾ ਕੋਈ ਜੀਣਾ ਨਹੀਂ ਹੁੰਦਾ। ਇਸ ਸੰਦਰਭ 'ਚ ਲੇਖਕ ਨੇ ਗੁਰੂ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਸਲੋਕ :

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਪਾਠਕਾਂ ਦੇ ਧਿਆਨ-ਗੋਚਰੇ ਕੀਤਾ ਹੈ। ਵਿਦਵਾਨ ਲੇਖਕ ਨੇ ਗੁਰੂ ਜੀ ਦੀ ਵਿਚਾਰਧਾਰਾ ਦੇ ਤਿੰਨ ਪੱਖਾਂ ਨੂੰ ਵਿਸ਼ੇਸ਼ ਬਲ ਸਹਿਤ ਸਾਡੇ ਧਿਆਨ ਗੋਚਰੇ ਲਿਆਂਦਾ ਹੈ। ਉਹ ਤਿੰਨ ਪੱਖ ਹਨ:-

(ੳ) ਅਧਿਆਤਮਿਕ
(ਅ) ਜਗਤ ਸੰਬੰਧੀ
(ੲ) ਜੀਵਆਤਮਾ ਸੰਬੰਧੀ

ਇਨ੍ਹਾਂ ਤਿੰਨਾਂ ਹੀ ਪੱਖਾਂ ਨੂੰ ਲੋੜੀਂਦੇ ਵਿਸਥਾਰ ਸਹਿਤ ਕੁਝ ਕੁ ਜ਼ਿਕਰਯੋਗ ਵਿਦਵਾਨਾਂ ਦੇ ਵਿਚਾਰਾਂ ਦਾ ਸਹਾਰਾ ਲੈ ਕੇ ਪ੍ਰਮਾਣਿਤ ਕਰਨ ਦਾ ਸਫ਼ਲ ਜਤਨ ਕੀਤਾ ਹੈ। ਲੋੜੀਂਦੀਆਂ ਪਾਵਨ ਪੰਕਤੀਆਂ ਗੁਰੂ ਬਾਣੀ 'ਚੋਂ ਪ੍ਰਸਤੁਤ ਕਰ ਕੇ ਵਾਸਤਵਿਕਤਾ ਨੂੰ ਪੇਸ਼ ਕਰਨ ਦੀ ਚੇਸ਼ਟਾ ਕੀਤੀ ਹੈ।

ਤੀਸਰਾ ਅਤੇ ਚੌਥਾ ਕਾਂਡ: 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਦਾਚਾਰਕ ਜੀਵਨ-ਜਾਚ' ਅਤੇ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਮੌਤ ਦਾ ਪ੍ਰਗਟਾਵਾ' 'ਚ ਗੁਰੂ ਸਾਹਿਬ ਦੀ ਬਾਣੀ 'ਚ ਸਦਾਚਾਰਕ ਪੱਖ ਜੋ ਕਿ ਮਨੁੱਖੀ ਜੀਵਨ ਦਾ ਹਕੀਕੀ ਤੌਰ 'ਤੇ ਸਭ ਤੋਂ ਵੱਧ ਮਹੱਤਵਪੂਰਨ ਪੱਖ ਹੁੰਦਾ ਹੈ, ਉਸ ਬਾਰੇ ਦੱਸਿਆ ਹੀ ਨਹੀਂ ਸਗੋਂ ਡੂੰਘੀ ਸ਼ਿੱਦਤ ਨਾਲ ਆਪਣੇ ਪਾਠਕਾਂ ਦੇ ਮਨ ਨੂੰ ਝੰਜੋੜਨ ਤੇ ਸਦਾਚਾਰ ਨੂੰ ਗੁਰੂ ਉਪਦੇਸ਼ ਦੇ ਚਾਨਣ 'ਚ ਅਪਣਾਉਣ ਦੀ ਚੇਸ਼ਟਾ ਵੀ ਕੀਤੀ ਹੈ, ਜਿਵੇਂ :

*ਸਾਧੋ ਮਨ ਕਾ ਮਾਨੁ ਤਿਆਗਉ ॥*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)*

ਅਤੇ ਸੰਸਾਰ ਦੀ ਅਸਥਿਰਤਾ, ਸਰੀਰ ਦੀ ਸੀਮਿਤ ਅਧਿਮਕ ਸੀਮਾ ਅਤੇ ਮੌਤ ਦੀ ਅਟੱਲਤਾ ਦਾ ਵੀ ਡੂੰਘਾ ਅਹਿਸਾਸ ਕਰਾਉਣ ਦਾ ਸੰਕਲਪੀ ਯਤਨ ਕੀਤਾ ਹੈ, ਜਿਵੇਂ :

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

ਵਿਸਤ੍ਰਿਤ ਵਿਚਾਰ ਸਹਿਤ ਲੇਖ: 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ ਭਾਵਨਾ' ਪੰਜਾਬੀ ਭਾਸ਼ਾ ਅਤੇ ਸਾਹਿਤ ਇਤਿਹਾਸ ਦੇ ਖੋਜੀਆਂ ਦੀ ਖੋਜ 'ਤੇ ਆਧਾਰਿਤ ੨੧ ਪੰਨਿਆਂ 'ਚ ੫੬ ਖੋਜਾਤਮਿਕ ਪੁਸ਼ਟੀਆਂ ਸਹਿਤ ਲੇਖਕ ਦੀ ਵਸੀਹ ਵਿਆਪਕ ਪਹੁੰਚ ਅਧਿਐਨ ਦ੍ਰਿਸ਼ਟੀ ਦਾ ਅਹਿਸਾਸ ਕਰਾਉਂਦਾ ਹੈ। ਕਾਰਨ? ਵੈਰਾਗ ਆਪਣੇ ਆਪ 'ਚ ਅਤਿ ਡੂੰਘੇਰਾ ਦਾਰਸ਼ਨਿਕ ਵਿਸ਼ਾ ਹੈ। ਇਸ ਦੇ ਵਿਭਿੰਨ ਪਾਸਾਰਾਂ ਨੂੰ ਪ੍ਰਸੰਗਾਂ ਹਵਾਲਿਆਂ ਸਹਿਤ ਦਰਸਾਉਣ ਦੀ ਪਹੁੰਚ ਅਪਣਾਉਣ ਕਰਕੇ ਵੀ ਇਹ ਵੱਡ-ਆਕਾਰੀ ਹੋਇਆ ਹੈ। ਗੁਰਬਾਣੀ ਖੋਜੀਆਂ ਨੇ ਪੁਸਤਕੀ ਵਿਚਾਰ ਦੇ ਰੂਪ 'ਚ ਇਸ ਨੂੰ ਬਹੁਤਾ ਨਹੀਂ ਗੌਲਿਆ। ਇਵੇਂ ਹੀ 'ਮਨੋਵਿਗਿਆਨ, ਧਰਮ ਅਤੇ ਗੁਰਬਾਣੀ ਅੰਤਰ ਸੰਬੰਧ' ਲੇਖ ਵੀ ਅਤਿਅੰਤ ਡੂੰਘੇਰੀ ਖੋਜ ਤੇ ਅਨੁਭਵ ਨੂੰ ਸਮੋਂਦਾ ਹੋਇਆ ਇਨ੍ਹਾਂ ਅਤਿ ਵਸੀਹ ਤੇ ਡੂੰਘੇ ਬਹੁਪੱਖੀ ਵਿਸ਼ਿਆਂ ਸਬੰਧੀ ਪ੍ਰਮਾਣਿਕ ਹਵਾਲਿਆਂ ਨਾਲ ਬਹੁਤ ਕੁਝ ਦੱਸਦਾ ਹੋਇਆ ਅਭਿਲਾਸ਼ੀ ਖੋਜੀ-ਜਨਾਂ ਵਾਸਤੇ ਕਈ ਨਵੇਂ ਹੱਦ-ਬੰਨੇ ਦ੍ਰਿਸ਼ਟੀਗੋਚਰ ਕਰਦਾ ਜਾਪਦਾ ਹੈ। ਮਨੋਵਿਗਿਆਨਕ ਪਹੁੰਚ ਦਰਅਸਲ ਆਪਣੇ ਆਪ 'ਚ ਪੂਰੀ ਤਰ੍ਹਾਂ ਵਾਜਿਬ ਹੁੰਦੀ ਹੋਈ ਸਾਨੂੰ ਸਹੀ ਸਿੱਟਿਆਂ 'ਤੇ ਲੈ ਜਾ ਸਕਦੀ ਹੈ। ਧਰਮ ਅਧਿਐਨ ਲਈ ਸੁਝਾਈ ਗਈ ਮਨੋਵਿਗਿਆਨਕ ਵਿਧੀ ਸੱਚੀਂ ਸਭ ਤੋਂ ਵੱਧ ਕਾਰਗਰ ਹੋ ਸਕਦੀ ਹੈ। '. . . ਮਨ ਦਾ ਸੰਕਲਪ' '. . . ਸਿਮਰਨ ਦਾ ਸੰਕਲਪ' ਅਤੇ '. . . ਬਾਣੀ ਵਿਚ ਮੁਕਤੀ ਦਾ ਸੰਕਲਪ' ਦੇ ਅੰਤਲੇ ਹਿੱਸੇ 'ਚ ਤਿੰਨੇ ਲੇਖ ਲਏ ਗਏ ਵਿਸ਼ਿਆਂ ਨਾਲ ਪੂਰਾ-ਪੂਰਾ ਇਨਸਾਫ਼ ਕਰਦੇ ਹੋਏ ਪਾਠਕਾਂ ਨੂੰ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦੀ ਡੂੰਘੀ ਥੀਮ ਮੁਖੀ ਤਹਿ ਤਕ ਲੈ ਜਾਂਦੇ ਹੋਏ ਗੁਰਬਾਣੀ ਦਾ ਸਵੈ-ਅਧਿਐਨ ਕਰਨ ਲਈ ਪਾਠਕਾਂ ਦਾ ਮਨ ਤਿਆਰ ਕਰਦੇ ਜਾਪਦੇ ਹਨ। ਕੁੱਲ ਮਿਲਾ ਕੇ ਵਿਦਵਾਨ ਖੋਜੀ ਦੀ ਨੌਵੇਂ ਗੁਰੂ ਜੀ ਦੇ ਵਚਿੱਤਰਤਮ ਜੀਵਨ ਅਤੇ ਅਸਲੋਂ ਵਿਲੱਖਣ ਡੂੰਘੇਰੀ ਬਾਣੀ ਉੱਪਰ ਇੱਕ ਡੂੰਘੀ ਖੋਜ ਦੀ ਲਖਾਇਕ ਪੁਸਤਕ ਹੈ, ਜੋ ਸਾਧਾਰਨ ਪਾਠਕਾਂ ਦੀ ਵੀ ਸਮਝ ਦੀ ਪਕੜ 'ਚ ਆਉਣਯੋਗ ਹੈ ਅਤੇ ਵਿਦਵਾਨ ਹਲਕਿਆਂ 'ਚ ਵੀ ਭਰਪੂਰ ਉਪਯੋਗੀ ਜਤਨ ਹੈ। ■

# ਵਿਦਵਤਾ ਦੇ ਅੰਬਰਾਂ ਦਾ ਸੂਰਜ. . .
## ਭਾਈ ਕਾਨ੍ਹ ਸਿੰਘ ਨਾਭਾ

*-ਸ. ਸਤਿਨਾਮ ਸਿੰਘ ਕੋਮਲ**

*ਰਿਆਸਤ ਪਟਿਆਲਾ ਦਾ 'ਸਬਜ ਬਨੇਰਾ' ਪਿੰਡ ਇੱਕ,*
*ਉੱਥੋਂ ਦਾ ਨਰਾਇਣ ਸਿੰਘ ਗੁਰਸਿੱਖ ਹੋਇਆ ਹੈ।*
*ਸਿਰੜੀ ਹੈ ਸਿਦਕੀ ਹੈ, ਸ਼ਰਧਾ 'ਚ ਰਿਦਾ ਭਿੱਜਾ,*
*ਵਾਹਿਗੁਰੂ ਦਾ ਨਾਮ ਉਸ ਸਾਹਾਂ 'ਚ ਪਰੋਇਆ ਹੈ।*
*ਹਰਿ ਕੌਰ ਸਿੰਘਣੀ, ਦਇਆ ਦੀ ਮੂਰਤੀ ਹੈ,*
*ਗੁਰਾਂ ਕੋਲੋਂ ਜਿਸ ਨੇ ਕੁਝ ਨਾ ਲਕੋਇਆ ਹੈ।*
*ਨਿੱਕਾ ਜਿੰਨਾ 'ਕਾਨ੍ਹ' ਦੇ ਗੁਰਾਂ ਨੇ ਨਿਵਾਜਿਆ ਹੈ,*
*ਇੱਕ ਇੱਕ ਗੁਣ ਉਸ 'ਕਾਨ੍ਹ' 'ਚ ਸਮੋਇਆ ਹੈ।*

*ਰਸੀਏ ਨਾਮ ਦੇ ਬਾਬਾ ਅਜੈਪਾਲ ਸਿੰਘ,*
*ਰਹਿ ਕੇ ਵਿਚ ਨਾਭੇ ਗੁਰਮਤਿ ਪ੍ਰਚਾਰਦੇ।*
*ਮਾਣ ਤਾਣ ਬਹੁਤ ਸਰਕਾਰੇ ਦਰਬਾਰੇ ਹੈ ਸੀ,*
*ਆਮ ਲੋਕਾਂ ਵਿਚ ਵੀ ਪਾਤਰ ਸਤਿਕਾਰ ਦੇ।*
*ਭਾਈ ਜੀ ਨਰਾਇਣ ਸਿੰਘ ਡੇਰਾ ਪ੍ਰਮੁੱਖ ਓਥੇ,*
*ਤਪਦਿਆਂ ਹਿਰਦਿਆਂ ਨੂੰ ਬਾਣੀ ਸੰਗ ਠਾਰਦੇ।*
*ਅਸੀਸਾਂ ਥੀਂ ਨਿਵਾਜਿਆ ਮਲੂਕ ਜਿਹੇ 'ਕਾਨ੍ਹ' ਤਾਂਈਂ,*
*ਵਿਦਵਾਨ ਸਿਰਮੌਰ ਤਾਂ ਹੀ ਬਣੇ ਸੰਸਾਰ ਦੇ।*

*ਪੜ੍ਹਿਆ, ਲਿਖਿਆ, ਸਿੱਖਿਆ ਜੋ ਡੇਰੇ ਉਸ,*
*ਵਿਦਵਤਾ ਦੇ ਸੋਮੇ, ਵਿਦਵਾਨਾਂ ਤਾਈਂ ਮੋਹਿਆ ਹੈ।*
*ਸਿਖਾਇਆ ਰਾਜ ਕਰਨਾ ਤਖਤਾਂ ਦੇ ਵਾਰਸਾਂ ਨੂੰ,*
*ਐਸਾ ਕੋਈ ਤਾਜ ਨਾ ਜੋ ਸਿਰ ਓਹਦੇ ਸੋਹਿਆ ਹੈ।*
*ਜੱਜ, ਵਕੀਲ, ਡੀ.ਸੀ. ਮੰਤਰੀ ਵਿਦੇਸ਼ ਦਾ ਵੀ,*
*ਬਣ ਗਿਆ ਸੋਨਾ ਜੇ ਲੋਹੇ ਨੂੰ ਵੀ ਛੋਹਿਆ ਹੈ।*
*ਦੂਰ ਅੰਦੇਸ਼ ਗੁਰੂ ਦਾ ਪਿਆਰਾ ਸਿੱਖ,*
*ਹਾਣੀ ਬਣ ਕੌਮ ਦੀ ਨਬਜ਼ ਨੂੰ ਵੀ ਟੋਹਿਆ ਹੈ।*

*ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਵਿਚ,*

*#੨੪੮, ਅਰਬਨ ਅਸਟੇਟ, ਫੇਜ਼-੧, ਫੋਕਲ ਪੁਆਇੰਟ, ਲੁਧਿਆਣਾ-੧੪੧੦੧੦; ਮੋ. +੯੧੯੮੭੨੬੦੯੯੨੧*

*ਸਾਹਿਤ ਦੇ ਪਿੜ ਵਿਚ ਮੱਲਾਂ ਉਸ ਮਾਰੀਆਂ।*
*ਲਿਖ 'ਹਮ ਹਿੰਦੂ ਨਹੀਂ' ਵੱਖਰੀ ਪਛਾਣ ਦਿੱਤੀ,*
*ਸਿੱਖੀ ਦੀ ਵਿਰੋਧੀ ਜੋ ਤਾਕਤਾਂ ਵੰਗਾਰੀਆਂ।*
*ਤਿੰਨ ਦਰਜਨ ਪੁਸਤਕਾਂ, ਝੋਲੀ ਪਾਈਆਂ ਕੌਮ ਦੀ ਨੇ,*
*ਰਾਜਿਆਂ ਵੀ ਪਾਲੀਆਂ ਸੀ ਓਸ ਸੰਗ ਯਾਰੀਆਂ।*
*ਪੰਦਰਾਂ ਸਾਲ ਦੀ ਤਪੱਸਿਆ 'ਮਹਾਨ ਕੋਸ਼',*
*ਏਹੋ ਜਿਹਾ ਕੋਸ਼ ਨਾ ਲਿਖਿਆ ਲਿਖਾਰੀਆਂ।*

*ਵਿਦਿਆ ਤੋਂ ਕੋਰਾ ਕੋਈ ਰਹਿ ਨਾ ਜਾਏ ਗੁਰਸਿੱਖ,*
*ਖਾਲਸਾ ਕਾਲਜ ਜਹੀਆਂ ਸੰਸਥਾ ਬਣਾਈਆਂ ਨੇ।*
*ਬ੍ਰਹਮਣਵਾਦ ਤਜ, ਰੱਦ ਕੀਤੇ ਕਰਮ ਕਾਂਡ,*
*ਮੂਰਤੀਆਂ ਸਭ ਹਰਿਮੰਦਰ 'ਚੋਂ ਹਟਾਈਆਂ ਨੇ।*
*ਜੀਵਨ ਜਾਚ ਸਾਨੂੰ ਬਾਣੀ ਹੈ ਦੱਸਦੀ ਕੀ,*
*ਹਾਣੀ ਬਣੋ ਸਮੇਂ ਦੇ, ਸਾਨੂੰ ਇਹ ਸਿਖਾਈਆਂ ਨੇ।*
*ਖੋਜ ਭਰਪੂਰ ਤੇ ਸੀ ਸਮਿਆਂ ਨੂੰ ਲੋੜ ਜੀਹਦੀ,*
*ਏਹੋ ਜਹੀਆਂ ਰਚਨਾ ਉਹਨਾਂ ਨੇ ਰਚਾਈਆਂ ਨੇ।*

*ਆਧੁਨਿਕ ਸਾਹਿਤ ਦਾ ਪਿਤਾਮਾ ਭਾਈ ਕਾਨ੍ਹ ਸਿੰਘ,*
*ਬੇ ਅਥਾਹ ਜੀਹਦੇ ਕੋਲ ਸ਼ਬਦ ਭੰਡਾਰ ਸੀ।*
*ਪਰਾਏ ਨੂੰ ਵੀ ਆਪਣਾ ਬਣਾਉਣ ਦੀ ਸੀ ਕਲਾ ਕੋਲ,*
*ਮੈਕਾਲਫ ਵੀ ਤਾਂ ਹੀ ਰੱਜ ਦੇਂਦਾ ਸਤਿਕਾਰ ਸੀ।*
*'ਆਨੰਦ ਮੈਰਿਜ ਐਕਟ' ਵੀ, ਉਨ੍ਹਾਂ ਦਾ ਵਿਓਂਤਿਆ ਸੀ,*
*ਨਾਲ ਰਲਾਈ ਉਨ੍ਹਾਂ ਨਾਭਾ ਸਰਕਾਰ ਸੀ।*
*ਫਰੀਦਕੋਟੀ ਟੀਕੇ ਦੀ ਕੀਤੀ ਸੀ ਸੁਧਾਈ ਮੁੜ,*
*ਧਰਮ ਪ੍ਰਚਾਰਕਾਂ ਦਾ ਉੱਘਾ ਸਲਾਹਕਾਰ ਸੀ।*

*ਕਲਮ ਦਾ ਧਨੀ ਤੇ ਹੈ ਸੀ ਸਿਰਮੌਰ ਖੋਜੀ,*
*ਸਾਰੀ ਉਮਰ ਆਪਣੀ ਕੌਮ ਲੇਖੇ ਲਾ ਗਿਆ।*
*ਕੱਚ ਘਰੜ ਗਿਆਨੀਆਂ, ਕੱਟੜ ਵਿਰੋਧੀਆਂ ਨੂੰ,*
*ਸੁਣਿਆ ਨਾ ਹੋਊ ਜੋ ਕੁਝ ਹੈ ਸੁਣਾ ਗਿਆ।*
*ਮਾਣ ਮੱਤਾ ਪੁੱਤ ਉਹ, ਪੰਜਾਬੀ ਮਾਂ ਬੋਲੀ ਦਾ ਸੀ,*
*ਧਰਤ 'ਤੇ ਖਲੋਅ ਹੱਥ ਅੰਬਰਾਂ ਨੂੰ ਲਾ ਗਿਆ।*
*ਭਰਮਾਂ ਭੁਲੇਖਿਆਂ ਨੂੰ ਦਿੱਤਾ ਕਰ ਦੂਰ 'ਕੋਮਲ',*
*ਵਿਦਵਤਾ ਦੇ ਅੰਬਰੀਂ ਸੂਰਜ ਬਣ ਛਾ ਗਿਆ।* ■

# ਧੁਰ ਕੀ ਬਾਣੀ

*-ਸ. ਰਣਧੀਰ ਸਿੰਘ**

*ਸਤਿਗੁਰ ਜੀ ਦੇ ਕੋਲ ਸ਼ਕਾਇਤਾਂ ਪਹੁੰਚੀ ਸੰਗਤ ਲੈ ਕੇ ਜੀ,*
*ਪਿਰਥੀਆ ਕੋਝੀਆਂ ਚਾਲਾਂ ਚੱਲਦਾ ਵਿਚ ਈਰਖਾ ਪੈ ਕੇ ਜੀ,*
*ਸਤਿਗੁਰ ਜੀ ਕੋਈ ਵਰਤੋ ਹੀਲਾ ਨੱਥ ਪਾਈਏ ਇਸ ਢਾਣੀ ਨੂੰ।*

*ਮਿਹਰਬਾਨ ਹੈ ਪੁੱਤ ਓਸਦਾ ਵੱਖਰਾ ਗ੍ਰੰਥ ਬਣਾ ਰਿਹਾ ਏ,*
*ਨਾਮ ਗੁਰੂ ਨਾਨਕ* ਦਾ ਲੈ ਕੇ ਬਹੁਤ ਭੁਲੇਖਾ ਪਾ ਰਿਹਾ ਏ,*
*ਭਰਮ ਮਿਟਾ ਕੇ ਸਾਰੇ ਸਤਿਗੁਰ ਤਾਰੋ ਖਲਕ ਨਿਮਾਣੀ ਨੂੰ।*

*ਰਾਮਸਰ ਸਰੋਵਰ ਕੰਢੇ ਸਤਿਗੁਰ ਆਸਣ ਲਾਇਆ ਏ,*
*ਲਿਖਣ ਭਾਈ ਗੁਰਦਾਸ ਦੇ ਤਾਈਂ ਸਤਿਗੁਰ ਨਾਲ ਬਿਠਾਇਆ ਏ,*
*ਭਵਸਾਗਰ 'ਚੋਂ ਤਰਣਗੇ ਪੜ੍ਹਕੇ ਚਹੁੰ ਰਤਨਾਂ ਦੀ ਖਾਣੀ ਨੂੰ।*

*ਸੈਂਚੀਆਂ ਵਿੱਚੋਂ ਕੱਢ ਕੇ ਬਾਣੀ ਆਦਿ ਗ੍ਰੰਥ ਬਣਾਇਆ ਏ,*
*ਭਗਤਾਂ ਤੇ ਭੱਟਾਂ ਦੇ ਤਾਈਂ ਸਤਿਗੁਰ ਮਾਣ ਦਿਵਾਇਆ ਏ,*
*ਰਣਧੀਰ ਸਿੰਘਾ! ਏ ਗੁਰ ਕੀ ਬਾਣੀ ਤਾਰੂ ਹਰ ਇਕ ਪ੍ਰਾਣੀ ਨੂੰ।* ■

*ਮਿਹਰਬਾਨ 'ਨਾਨਕ' ਛਾਪ ਹੇਠ ਕੱਚੀ ਬਾਣੀ ਦੀ ਰਚਨਾ ਕਰ ਰਿਹਾ ਸੀ।

*ਗਾਈਡ, ਸੂਚਨਾ ਕੇਂਦਰ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ; ਮੋ. +੯੧੯੮੦੩੮-੫੦੭੭੩

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਜੀ ਦੇ ੪੦੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਆਨਲਾਈਨ ਪ੍ਰਸ਼ਨੋਤਰੀ ਮੁਕਾਬਲੇ ਜਾਰੀ

ਸ੍ਰੀ ਅੰਮ੍ਰਿਤਸਰ, ੪ ਜੁਲਾਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੪੦੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਦੇ ਆਨਲਾਈਨ ਪ੍ਰਸ਼ਨੋਤਰੀ ਮੁਕਾਬਲੇ ਸ਼ੁਰੂ ਕੀਤੇ ਗਏ ਹਨ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਤਹਿਤ ਜ਼ੋਨ ਪੱਧਰ ਦੇ ਮੁਕਾਬਲੇ ਮੁਕੰਮਲ ਕਰਨ ਮਗਰੋਂ ਹੁਣ ਜ਼ਿਲ੍ਹਾ ਪੱਧਰੀ ਮੁਕਾਬਲੇ ਜਾਰੀ ਹਨ, ਜਿਨ੍ਹਾਂ ਵਿੱਚੋਂ ਮੈਰਿਟ ਵਿਚ ਆਉਣ ਵਾਲੇ ਬੱਚਿਆਂ ਨੂੰ ਪੰਜਾਬ ਪੱਧਰੀ ਮੁਕਾਬਲਿਆਂ ਵਿਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਿਰਦੇਸ਼ਾਂ ਅਨੁਸਾਰ ਆਨਲਾਈਨ ਧਰਮ ਪ੍ਰਚਾਰ ਲਹਿਰ ਤੇਜ਼ੀ ਨਾਲ ਅੱਗੇ ਵਧਾਈ ਜਾ ਰਹੀ ਹੈ। ਵਿਸ਼ਵ ਮਹਾਂਮਾਰੀ ਕੋਰੋਨਾ ਵਾਇਰਸ ਦੇ ਚੱਲਦਿਆਂ ਵੱਡੇ ਸੰਗਤੀ ਇਕੱਠ ਨਹੀਂ ਕੀਤੇ ਜਾ ਸਕਦੇ ਸਨ, ਜਿਸ ਕਰਕੇ ਆਨਲਾਈਨ ਵਿਧੀ ਅਪਣਾਈ ਗਈ ਹੈ। ਸ. ਮਨਜੀਤ ਸਿੰਘ ਨੇ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਹਰ ਸਾਲ ਧਰਮ ਪ੍ਰਚਾਰ ਕਮੇਟੀ ਵੱਲੋਂ ਸਮਰ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਇਸ ਵਾਰ ਇਹ ਕੈਂਪ ਇੰਟਰਨੈੱਟ ਦੇ ਮਾਧਿਅਮ ਦੁਆਰਾ ਲਗਾਏ ਗਏ ਹਨ। ਬੀਤੇ ਮਹੀਨੇ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਅੰਦਰ ਸਕੂਲੀ ਬੱਚਿਆਂ ਅਤੇ ਸੰਗਤ ਨੂੰ ਨਿੱਤਨੇਮ ਦੀ ਸੰਥਿਆ ਦਿੱਤੀ ਗਈ। ਧਰਮ ਪ੍ਰਚਾਰ ਕਮੇਟੀ ਦੇ ਮੁੱਖ ਦਫ਼ਤਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਪ੍ਰਚਾਰਕ ਭਾਈ ਪ੍ਰਮਿੰਦਰ ਸਿੰਘ, ਹੈੱਡ ਗ੍ਰੰਥੀ ਭਾਈ ਸੁਰਜੀਤ ਸਿੰਘ ਸਭਰਾ ਗੁਰਬਾਣੀ ਦੇ ਸ਼ੁੱਧ ਉਚਾਰਨ ਬਾਰੇ ਜਾਣਕਾਰੀ ਦਿੰਦੇ ਰਹੇ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਤੇ ਸਿੱਖ ਵਿਦਵਾਨ ਡਾ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸ. ਤੇਜਿੰਦਰਪਾਲ ਸਿੰਘ ਲਾਡਵਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਵਿਦਿਆਰਥੀਆਂ ਨੂੰ ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਦਿੱਤੀ ਗਈ। ਇਨ੍ਹਾਂ ਕੈਂਪਾਂ ਦੌਰਾਨ ਬੜੂ ਸਾਹਿਬ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਵੀ ਵੱਡੇ ਪੱਧਰ ’ਤੇ ਹਿੱਸਾ ਲਿਆ। ਸ. ਮਨਜੀਤ ਸਿੰਘ ਨੇ ਦੱਸਿਆ ਕਿ ਅਗਲੇ ਪੜਾਅ ਤਹਿਤ ਪ੍ਰਸ਼ਨੋਤਰੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਸਰੋਕਾਰਾਂ ਨਾਲ ਸੰਬੰਧਿਤ

ਤਿਆਰੀ ਕਰਵਾ ਕੇ ਪ੍ਰਸ਼ਨੋਤਰੀ ਮੁਕਾਬਲੇ ਚੱਲ ਰਹੇ ਹਨ। ਇਨ੍ਹਾਂ ਮੁਕਾਬਲਿਆਂ ਦੌਰਾਨ ਜ਼ੋਨ ਪੱਧਰ ਤੋਂ ਚੁਣੇ ਜਾਣ ਵਾਲੇ ਬੱਚੇ ਜ਼ਿਲ੍ਹਾ ਮੁਕਾਬਲਿਆਂ ਵਿਚ ਹਿੱਸਾ ਲੈ ਰਹੇ ਹਨ ਅਤੇ ਅਖ਼ੀਰ ਵਿਚ ਪੰਜਾਬ ਪੱਧਰੀ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜ਼ਿਲ੍ਹਾ ਅਤੇ ਜ਼ੋਨ ਪੱਧਰੀ ਮੁਕਾਬਲਿਆਂ 'ਚੋਂ ਪਹਿਲੇ ਸਥਾਨ 'ਤੇ ਰਹੇ ਬੱਚਿਆਂ ਨੂੰ ਵੀ ਇਨਾਮ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਕਾਰਜ ਲਈ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਲਗਾਤਾਰ ਕਾਰਜਸ਼ੀਲ ਹਨ ਅਤੇ ਸੰਗਤ ਵੱਲੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ।

## ਮਲੇਰਕੋਟਲੇ ਦੇ ਮੁਸਲਿਮ ਭਾਈਚਾਰੇ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ੩੩੦ ਕੁਇੰਟਲ ਕਣਕ ਭੇਟ

ਸ੍ਰੀ ਅੰਮ੍ਰਿਤਸਰ, ੧੦ ਜੁਲਾਈ : ਸਿੱਖ ਮੁਸਲਿਮ ਭਾਈਚਾਰਕ ਸਾਂਝ ਦੀ ਮਿਸਾਲ ਪੇਸ਼ ਕਰਦਿਆਂ ਮਲੇਰਕੋਟਲੇ ਦੇ ਮੁਸਲਮਾਨ ਭਾਈਚਾਰੇ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ੩੩੦ ਕੁਇੰਟਲ ਕਣਕ ਭੇਟ ਕਰ ਕੇ ਗੁਰੂ-ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ। 'ਸਿੱਖ ਮੁਸਲਿਮ ਸਾਂਝਾਂ' ਦੇ ਮੁਖੀ ਡਾ. ਨਸੀਰ ਅਖ਼ਤਰ ਦੀ ਅਗਵਾਈ ਵਿਚ ਪੁੱਜੇ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਗੁਰੂ ਕਾ ਲੰਗਰ ਵੀ ਛਕਿਆ। ਕਣਕ ਭੇਟ ਕਰਨ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੁਖਤਾਰ ਸਿੰਘ ਤੇ ਵਧੀਕ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਨਸੀਰ ਅਖ਼ਤਰ ਨੇ ਕਿਹਾ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੈ। ਉਨ੍ਹਾਂ ਕਿਹਾ ਕਿ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਵਰਤਮਾਨ ਸਮੇਂ ਦੀ ਹੋਰ ਵੀ ਵੱਡੀ ਲੋੜ ਹੈ। ਉਨ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਮਹਾਨਤਾ ਨੂੰ ਵਡਿਆਉਂਦਿਆਂ ਕਿਹਾ ਕਿ ਇੱਥੋਂ ਬਿਨਾਂ ਭੇਦ-ਭਾਵ ਦੇ ਹਰ ਵਰਗ ਦੇ ਲੋਕਾਂ ਨੂੰ ਪਰਸ਼ਾਦਾ ਛਕਾਇਆ ਜਾਂਦਾ ਹੈ। ਇਹ ਗੁਰੂ-ਦਰਬਾਰ ਦੀ ਵਡਿਆਈ ਹੈ। ਉਨ੍ਹਾਂ ਕਿਹਾ ਕਿ ਸਾਡੀ ਖ਼ੁਸ਼ਕਿਸਮਤੀ ਹੈ ਕਿ ਇਸ ਵਿਸ਼ਾਲ ਗੁਰੂ ਕੇ ਲੰਗਰ ਲਈ ਤਿਲ-ਫੁਲ ਭੇਟ ਕਰ ਸਕੇ ਹਾਂ। ਉਨ੍ਹਾਂ ਦੱਸਿਆ ਕਿ ਇਹ ਕਣਕ ਮਲੇਰਕੋਟਲੇ ਵੱਸਦੇ ਸਮੂਹ ਮੁਸਲਿਮ ਭਾਈਚਾਰੇ ਵੱਲੋਂ ਰਲ-ਮਿਲ ਕੇ ਇਕੱਠੀ ਕੀਤੀ ਗਈ ਹੈ। ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਮਲੇਰਕੋਟਲੇ ਤੋਂ ਪੁੱਜੇ ਮੁਸਲਿਮ ਭਾਈਚਾਰੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਜਨਾਬ ਅਨਵਰ ਖਾਨ, ਸ਼ਬੀਰ ਖਾਨ, ਮੁਹੰਮਦ ਅਰਫਾਨ, ਮੁਹੰਮਦ ਲਿਆਕਤ, ਮੁਹੰਮਦ ਅਖਤਰ, ਸਾਦਕ ਅਲੀ, ਮੁਹੰਮਦ ਹਨੀਫ ਆਦਿ ਮੌਜੂਦ ਸਨ।

# ਪਾਕਿਸਤਾਨ ਰੇਲ ਹਾਦਸੇ ਦੌਰਾਨ ਮਾਰੇ ਗਏ ਸਿੱਖਾਂ ਨਮਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਂਜਲੀ ਸਮਾਗਮ

## ਭਾਈ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

ਸ੍ਰੀ ਅੰਮ੍ਰਿਤਸਰ, ੧੨ ਜੁਲਾਈ : ਬੀਤੇ ਦਿਨੀਂ ਪਾਕਿਸਤਾਨ ਅੰਦਰ ਰੇਲ-ਬੱਸ ਹਾਦਸੇ ਦੌਰਾਨ ਮਾਰੇ ਗਏ ਸਿੱਖਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸ਼ਰਧਾਂਜਲੀ ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਹਾਦਸੇ ਦੌਰਾਨ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਸ ਦੁਖਮਈ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤ ਪਰਵਾਰਾਂ ਨਾਲ ਹਮਦਰਦੀ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮ੍ਰਿਤਕ ਸਿੱਖਾਂ ਦੇ ਪਰਵਾਰਾਂ ਨੂੰ ੧-੧ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ, ਜਿਸ ਨੂੰ ਭੇਜਣ ਲਈ ਜਲਦ ਕਾਰਵਾਈ ਕੀਤੀ ਜਾਵੇਗੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ ਦੀ ਕਰੰਸੀ ਅਨੁਸਾਰ ਇਹ ਰਾਸ਼ੀ ਲੱਗਭਗ ਦੁਗਣੀ ਬਣੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਵੀ ਪੀੜਤ ਸਿੱਖ ਪਰਵਾਰਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰ ਦੋਸ਼ੀ ਰੇਲਵੇ ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਵੀ ਕਰੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਤ੍ਰਿੰਗ ਮੈਂਬਰ ਬੀਬੀ ਕੁਲਦੀਪ ਕੌਰ ਟੌਹੜਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ (ਬਾਠ), ਨਿੱਜੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਪਰਮਜੀਤ ਸਿੰਘ ਸਰੋਆ, ਮੈਨੇਜਰ ਸ. ਮੁਖਤਾਰ ਸਿੰਘ (ਚੀਮਾ), ਮੀਤ ਸਕੱਤਰ ਸ. ਹਰਜਿੰਦਰ ਸਿੰਘ ਕੈਰੋਂਵਾਲ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਸਤਿੰਦਰ ਸਿੰਘ, ਸ. ਹਰਜੀਤ ਸਿੰਘ ਲਾਲੂ ਘੁੰਮਣ, ਸ. ਸੁਲੱਖਣ ਸਿੰਘ ਭੰਗਾਲੀ, ਸ. ਤੇਜਿੰਦਰ ਸਿੰਘ ਪੱਡਾ, ਸ. ਗੁਰਮੀਤ ਸਿੰਘ ਬੁੱਟਰ, ਵਧੀਕ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ ਆਦਿ ਮੌਜੂਦ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਵੱਲੋਂ ਸੁਨੀਲ ਜਾਖੜ ਨੂੰ ਕਰਾਰਾ ਜਵਾਬ

## ਜਥੇਦਾਰ ਸਾਹਿਬ ਨੂੰ ਨਸੀਹਤ ਦੇਣ ਤੋਂ ਪਹਿਲਾਂ ਕਾਂਗਰਸ ਆਗੂ ਦਿੱਲੀ ਦੀਆਂ ਕੰਧਾਂ ਦੀ ਹੂਕ ਸੁਣਨ- ਭਾਈ ਰਜਿੰਦਰ ਸਿੰਘ ਮਹਿਤਾ

## ਕਿਹਾ, ਕਾਂਗਰਸ ਦੀਆਂ ਕਰਤੂਤਾਂ ਨੇ ਸਿੱਖਾਂ ਨੂੰ ਸਿਧਾਂਤਕ, ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਤੌਰ 'ਤੇ ਤਬਾਹ ਕੀਤਾ

ਸ੍ਰੀ ਅੰਮ੍ਰਿਤਸਰ, ੧੭ ਜੁਲਾਈ : ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਇੱਕ ਟੀਵੀ ਚੈਨਲ ਨਾਲ ਗੱਲਬਾਤ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਨਸੀਹਤ ਦੇਣ ਦਾ ਸਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਹੈ ਕਿ ਜਾਖੜ ਸਮੇਤ ਕਾਂਗਰਸ ਦਾ ਕੋਈ ਵੀ ਆਗੂ ਪੰਥ ਜਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਗੱਲ ਕਰਨ ਦਾ ਹੱਕ ਨਹੀਂ ਰੱਖਦਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਆਗੂ ਪਹਿਲਾਂ ਆਪਣੇ ਅੰਦਰ ਝਾਤੀ ਮਾਰਨ। ਭਾਈ ਰਜਿੰਦਰ ਸਿੰਘ ਮਹਿਤਾ ਨੇ ਜਾਖੜ ਨੂੰ ਕਰਾਰਾ ਜਵਾਬ ਦਿੰਦਿਆਂ ਆਖਿਆ ਕਿ ਤੁਸੀਂ ਤੇ ਤੁਹਾਡੀ ਪਾਰਟੀ ਨੇ ਤਾਂ ਹਮੇਸ਼ਾਂ ਹੀ ਸਿੱਖਾਂ ਦਾ ਵਿਨਾਸ਼ ਕੀਤਾ, ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਿਆ ਅਤੇ ਇੱਕ ਦਹਾਕੇ ਤੋਂ ਵੱਧ ਪੰਜਾਬ ਦੀ ਧਰਤੀ 'ਤੇ ਰੱਜ ਕੇ ਖ਼ੂਨ ਦੀ ਹੋਲੀ ਖੇਡੀ। ਦਿੱਲੀ, ਕਾਨ੍ਹਪੁਰ, ਬੁਕਾਰੋ ਆਦਿ ਥਾਵਾਂ ਦਾ ਸਿੱਖ ਕਤਲ-ਏ-ਆਮ ਅਤੇ ਜੂਨ ੧੯੮੪ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤਾ ਗਿਆ ਹਮਲਾ ਤੁਹਾਡੀ ਹੀ ਪਾਰਟੀ ਦਾ ਕਰੂਰ ਕਾਰਾ ਹੈ। ਅੱਜ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦੀ ਗੱਲ ਕਿਸ ਮੂੰਹ ਨਾਲ ਕਰ ਰਹੇ ਹੋ? ਸਚਾਈ ਤਾਂ ਇਹ ਹੈ ਕਿ ਤੁਹਾਡੀਆਂ ਕਰਤੂਤਾਂ ਕਰਕੇ ਤੁਹਾਡੇ ਲਈ ਚੱਪਣੀ ਵਿਚ ਨੱਕ ਡੋਬ ਕੇ ਮਰਨ ਤੋਂ ਬਿਨਾਂ ਹੁਣ ਹੋਰ ਕੋਈ ਚਾਰਾ ਨਹੀਂ ਹੈ।

ਭਾਈ ਰਜਿੰਦਰ ਸਿੰਘ ਮਹਿਤਾ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਕੌਮ ਦਾ ਪ੍ਰਭੂ-ਸੱਤਾ ਸੰਪੰਨ ਸਰਬ ਉੱਚ ਅਸਥਾਨ ਹੈ। ਇਸ ਨੇ ਹਮੇਸ਼ਾ ਕੌਮ ਨੂੰ ਸਮੇਂ ਸਮੇਂ ਅਗਵਾਈ ਦਿੱਤੀ ਹੈ। ਇਸ ਦੇ ਮਾਣਯੋਗ ਜਥੇਦਾਰ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੰਥ ਦੀ ਅਗਾਵਈ ਕਿਵੇਂ ਕਰਨੀ ਹੈ ਅਤੇ ਪੰਥ-ਵਿਰੋਧੀ ਸ਼ਕਤੀਆਂ ਵੱਲੋਂ ਕੀਤੇ ਜਾਂਦੇ ਹਮਲਿਆਂ ਤੇ ਸਾਜ਼ਿਸ਼ਾਂ ਦਾ ਜਵਾਬ ਕਿਵੇਂ ਦੇਣਾ ਹੈ। ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਜਾਖੜ ਜੀ, ਘੱਟ ਗਿਣਤੀਆਂ ਦਾ ਫਿਕਰ ਛੱਡਣ ਲਈ ਜਥੇਦਾਰ ਸਾਹਿਬ ਨੂੰ ਕਹਿਣ ਤੋਂ ਪਹਿਲਾਂ ਆਪਣੀ ਪਾਰਟੀ ਦੇ ਪਿਛੋਕੜ ਵੱਲ ਝਾਤੀ ਮਾਰੋ ਕਿ ਤੁਸੀਂ ਕਿਵੇਂ ਵੋਟ ਦੀ ਖਾਤਰ

ਘੱਟ ਗਿਣਤੀਆਂ ਨੂੰ ਦਬਾਇਆ। ਜੇਕਰ ਅੱਜ ਸਿੱਖਾਂ ਅੰਦਰ ਕੋਈ ਬੇਗਾਨਗੀ ਦੀ ਭਾਵਨਾ ਦਾ ਅਹਿਸਾਸ ਪਨਪ ਰਿਹਾ ਹੈ ਤਾਂ ਉਸ ਦੀ ਦੋਸ਼ੀ ਕਾਂਗਰਸ ਹੈ। ਵੱਖਵਾਦੀ ਭਾਵਨਾ ਤੇ ਰੈਫਰੈਂਡਮ ੨੦੨੦ ਵਰਗੇ ਵਿਚਾਰ ਵੀ ਤੁਹਾਡੇ ਕਾਲੇ ਕਾਰਨਾਮਿਆਂ ਦੀ ਦੇਣ ਹਨ। ਕਿਉਂਕਿ ਦੇਸ਼ ਦੇ ਅਜ਼ਾਦ ਹੋਣ ਤੋਂ ਲੈ ਕੇ ਹੁਣ ਤਕ ਕਾਂਗਰਸ ਦੀ ਨੀਅਤ ਪੰਜਾਬ ਤੇ ਸਿੱਖ ਮਾਰੂ ਰਹੀ, ਜਿਸ ਕਾਰਨ ਸਿੱਖਾਂ ਅੰਦਰ ਬੇਗਾਨਗੀ ਪੈਦਾ ਹੁੰਦੀ ਰਹੀ ਹੈ। ਉਨ੍ਹਾਂ ਕਿਹਾ ਕਿ 'ਯਿਹ ਘਰ ਸਭ ਤੁਮ੍ਹਾਰੇ ਬਸਾਏ ਹੂਏ ਹੈਂ' ਦੀ ਕਹਾਵਤ ਤੁਹਾਡੇ 'ਤੇ ਠੀਕ ਢੁਕਦੀ ਹੈ।

ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਕਾਂਗਰਸ ਦੀਆਂ ਕਰਤੂਤਾਂ ਨੇ ਸਿੱਖਾਂ ਨੂੰ ਸੈਂਕੜੇ ਸਾਲ ਪਿੱਛੇ ਸੁੱਟਿਆ ਹੈ। ਜਾਖੜ ਜੀ ਸਿਧਾਂਤਕ, ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਤਬਾਹੀ ਤੁਸੀਂ ਹੀ ਕੀਤੀ ਹੈ। ਭਾਰਤ ਦੇ ਅਮਨ-ਚੈਨ ਨੂੰ ਕਾਂਗਰਸ ਨੇ ਹੀ ਲਾਂਬੂ ਲਾਇਆ। ਤੁਸੀਂ ਹਮੇਸ਼ਾ ਘੱਟ ਗਿਣਤੀ ਸਿੱਖਾਂ ਦੀ ਹੋਂਦ-ਹਸਤੀ ਖਤਮ ਕਰਨ ਦੇ ਮਨਸੂਬੇ ਬਣਾਉਂਦੇ ਰਹੇ। ਜੇਕਰ ਏਨੇ ਹੀ ਪੰਥ ਦੇ ਹਮਦਰਦ ਹੋ ਤਾਂ ਪਹਿਲਾਂ ਸਿੱਖ ਕਤਲ-ਏ-ਆਮ ਦੀ ਮੁਆਫੀ ਮੰਗੋ। ਉਨ੍ਹਾਂ ਕਿਹਾ ਕਿ ਬੇਦੋਸ਼ੇ ਮਾਰੇ ਗਏ ਸਿੱਖਾਂ ਦੀ ਆਤਮਾ ਤੁਹਾਨੂੰ ਕਦੇ ਮੁਆਫ ਨਹੀਂ ਕਰੇਗੀ। ਅੱਜ ਵੀ ਦਿੱਲੀ ਦੀਆਂ ਗਲੀਆਂ ਤੁਹਾਨੂੰ ਲਾਹਨਤਾਂ ਪਾ ਰਹੀਆਂ ਹਨ। ਜਾਖੜ ਜੀ, ਜੇਕਰ ਤੁਹਾਡੀ ਥੋੜੀ ਵੀ ਜ਼ਮੀਰ ਜਿਊਂਦੀ ਹੈ ਤਾਂ ਦਿੱਲੀ ਦੀਆਂ ਉਨ੍ਹਾਂ ਗਲੀਆਂ ਤੇ ਮੁਹੱਲਿਆਂ ਦੀਆਂ ਕੰਧਾਂ ਦੀ ਹੂਕ ਨੂੰ ਕੰਨ ਲਾ ਕੇ ਸੁਣੋ। ਭਾਈ ਮਹਿਤਾ ਨੇ ਸੁਨੀਲ ਜਾਖੜ ਨੂੰ ਸਖ਼ਤ ਸ਼ਬਦਾਂ ਵਿਚ ਚਿਤਾਵਨੀ ਦਿੰਦਿਆਂ ਕਿਹਾ ਕਿ ਆਪਣੀ ਜ਼ੁਬਾਨ ਨੂੰ ਲਗਾਮ ਪਾਓ, ਆਪਣੇ ਸ਼ਬਦਾਂ ਦੀ ਤੁਰੰਤ ਮੁਆਫ਼ੀ ਮੰਗੋ ਅਤੇ ਅੱਗੇ ਤੋਂ ਅਜਿਹੇ ਵਿਵਾਦਤ ਬਿਆਨ ਦੇ ਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਨਾ ਕਰੋ।

## ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਨਲਾਈਨ ਗੱਤਕਾ ਮੁਕਾਬਲਿਆਂ ਦੌਰਾਨ ਜੇਤੂ ਰਹੀਆਂ ਟੀਮਾਂ ਨੂੰ ਕੀਤਾ ਸਨਮਾਨਿਤ

ਸ੍ਰੀ ਅੰਮ੍ਰਿਤਸਰ, ੨੧ ਜੁਲਾਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਸਤਰ ਵਿੱਦਿਆ ਗੱਤਕਾ ਨੂੰ ਪ੍ਰਫੁੱਲਿਤ ਕਰਨ ਲਈ ਆਨਲਾਈਨ ਗੱਤਕਾ ਮੁਕਾਬਲੇ ਕਰਵਾਉਣ ਦਾ ਵਿਲੱਖਣ ਉਪਰਾਲਾ ਕੀਤਾ ਗਿਆ ਹੈ। ਇਸ ਤਹਿਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਕਰਵਾਏ ਗਏ ਗੱਤਕਾ ਮੁਕਾਬਲਿਆਂ ਦੌਰਾਨ ਬੇਹਤਰ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਗੱਤਕਾ ਟੀਮਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਨਮਾਨਿਤ ਕੀਤਾ। ਪਹਿਲੇ ਸਥਾਨ

’ਤੇ ਰਹੇ ਬਾਬਾ ਬਿਧੀ ਚੰਦ ਗੱਤਕਾ ਅਖਾੜਾ ਸ੍ਰੀ ਅੰਮ੍ਰਿਤਸਰ ਨੂੰ ੫੧੦੦ ਰੁਪਏ, ਦੂਜੇ ਸਥਾਨ ’ਤੇ ਰਹੇ ਨਿਰਵੈਰ ਖ਼ਾਲਸਾ ਗੱਤਕਾ ਅਖਾੜਾ ਰਾਜਪੁਰਾ ਨੂੰ ੩੧੦੦ ਰੁਪਏ ਅਤੇ ਤੀਜੇ ਸਥਾਨ ’ਤੇ ਆਈ ਦਸਮੇਸ਼ ਗੱਤਕਾ ਅਕੈਡਮੀ ਤਲਵੰਡੀ ਸਾਬੋ (ਬਠਿੰਡਾ) ਦੀ ਟੀਮ ਨੂੰ ੨੧੦੦ ਰੁਪਏ ਦਾ ਇਨਾਮ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਜੇਤੂ ਗੱਤਕਾ ਟੀਮਾਂ ਨੂੰ ਸਨਮਾਨਿਤ ਕਰਨ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਮਾਰਸ਼ਲ ਆਰਟ ਗੱਤਕਾ ਸਿੱਖ ਕੌਮ ਦੀ ਵਿਰਾਸਤ ਹੈ। ਇਹ ਪ੍ਰੰਪਰਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਚੱਲਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੱਤਕੇ ਨੂੰ ਨੌਜੁਆਨੀ ਵਿਚ ਹੋਰ ਉਭਾਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਵਰਤਮਾਨ ਸਮੇਂ ਕੋਰੋਨਾ ਮਹਾਂਮਾਰੀ ਕਾਰਨ ਗੱਤਕੇ ਦੇ ਆਨਲਾਈਨ ਮੁਕਾਬਲੇ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ੬-੬ ਮੈਂਬਰਾਂ ’ਤੇ ਆਧਾਰਿਤ ਵੱਖ-ਵੱਖ ਟੀਮਾਂ ਨੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੋਂ ਗੱਤਕਾ ਪ੍ਰਦਰਸ਼ਨ ਵਿਚ ਭਾਗ ਲਿਆ। ਇਸ ਵਿਚ ਜੇਤੂ ਰਹੀਆਂ ਟੀਮਾਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ ਹਨ ਅਤੇ ਇਸ ਤੋਂ ਇਲਾਵਾ ਭਾਗ ਲੈਣ ਵਾਲੀਆਂ ਟੀਮਾਂ ਦੀ ਵੀ ਹੌਂਸਲਾ ਅਫ਼ਜ਼ਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਵੀ ਗੱਤਕਾ ਸਿਖਲਾਈ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਛੁੱਟੀ ਸਮੇਂ ਇੱਕ ਘੰਟੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਗੱਤਕਾ ਕੋਚ ਮੁਲਾਜ਼ਮਾਂ ਨੂੰ ਗੱਤਕਾ ਸਿਖਲਾਈ ਦੇਣਗੇ। ਇਸ ਮੌਕੇ ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਧਾਮੀ, ਅੰਤ੍ਰਿੰਗ ਮੈਂਬਰ ਸ. ਭੁਪਿੰਦਰ ਸਿੰਘ ਅਸੰਧ, ਸਕੱਤਰ ਸ. ਮਨਜੀਤ ਸਿੰਘ ਬਾਠ, ਨਿੱਜੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਗੁਰਮੀਤ ਸਿੰਘ ਬੁੱਟਰ, ਸ. ਸਿਮਰਜੀਤ ਸਿੰਘ ਕੰਗ, ਸ. ਹਰਜੀਤ ਸਿੰਘ ਲਾਲੂਘੁੰਮਣ, ਸ. ਦਰਸ਼ਨ ਸਿੰਘ ਪੀ.ਏ., ਗੱਤਕਾ ਕੋਚ ਸ. ਸੁਪ੍ਰੀਤ ਸਿੰਘ ਆਦਿ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਮਲੇਰਕੋਟਲਾ ਵਿਖੇ ਗੁਰਮਤਿ ਸਮਾਗਮ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਜਥੇ. ਜੈਪਾਲ ਸਿੰਘ ਮੰਡੀਆਂ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਮਲੇਰਕੋਟਲਾ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ੫੧ ਦਿਨਾ ਗੁਰਬਾਣੀ ਦੇ ਜਾਪ, ਸ੍ਰੀ ਸੁਖਮਨੀ ਸਾਹਿਬ ਦੇ ਜਾਪ, ਕਥਾ ਅਤੇ ਕੀਰਤਨ ਦਰਬਾਰ, ਸਮੂਹ ਸੰਗਤ ਦੇ ਸਹਿਯੋਗ ਨਾਲ ਅਰੰਭ ਕਰ ਕੇ ੦੨ ਜਨਵਰੀ, ੨੦੨੦ ਨੂੰ ਸੰਪੂਰਨ ਕੀਤੇ ਗਏ। ਇਸ ਸੰਬੰਧ ਵਿਚ ੦੧ ਜਨਵਰੀ, ੨੦੨੦ ਨੂੰ ਨਗਰ ਕੀਰਤਨ ਸਜਾਇਆ ਗਿਆ ਅਤੇ ੦੨ ਜਨਵਰੀ, ੨੦੨੦ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦਿਨ ਦੇ ਦੀਵਾਨ ਸਜਾਏ ਗਏ, ਜਿਸ ਵਿਚ ਗਿਆਨੀ ਅਵਤਾਰ ਸਿੰਘ ਹੈੱਡ ਗ੍ਰੰਥੀ, ਗੁਰਦੁਆਰਾ ਸਿੰਘ ਸਭਾ ਮਲੇਰਕੋਟਲਾ, ਭਾਈ ਜਗਜੀਤ ਸਿੰਘ, ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ, ਭਾਈ ਸੁਖਵੀਰ ਸਿੰਘ ਫਲੌਂਡ ਅਤੇ ਭਾਈ ਚਰਨਪ੍ਰੀਤ ਸਿੰਘ ਮਾਹੋਰਾਣਾ, ਪ੍ਰਚਾਰਕ, ਨੇ ਗੁਰੂ ਜਸ ਸਰਵਣ ਕਰਾ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਸ. ਜਗਦੀਸ਼ ਸਿੰਘ, ਪ੍ਰਧਾਨ, ਗੁਰਦੁਆਰਾ ਸਿੰਘ ਸਭਾ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ।

## ਕਸਬਾ ਅਜਨਾਲਾ ਵਿਖੇ ਗੁਰਮਤਿ ਸਮਾਗਮ

ਭਾਈ ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਕੀਰਤਨ ਦਰਬਾਰ ਸੁਸਾਇਟੀ, ਅਜਨਾਲਾ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਕਸਬਾ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਸਾਲਾਨਾ ਗੁਰਮਤਿ ਸਮਾਗਮ ੨੨ ਅਤੇ ੨੩ ਫਰਵਰੀ, ੨੦੨੦ ਨੂੰ ਕਰਵਾਇਆ ਗਿਆ। ਇਸ ਸਮਾਗਮ ਵਿਚ ਭਾਈ ਤ੍ਰਿਲੋਚਨ ਸਿੰਘ, ਗਿਆਨੀ ਖੜਕ ਸਿੰਘ ਪਠਾਨਕੋਟ, ਭਾਈ ਗੁਰਚਰਨ ਸਿੰਘ ਬੀ. ਏ. ਅਤੇ ਭਾਈ ਮਨਬੀਰ ਸਿੰਘ ਬੀ. ਏ. ਦੇ ਢਾਡੀ ਜਥਿਆਂ ਤੋਂ ਇਲਾਵਾ ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਜਥਾ ਅਜਨਾਲਾ, ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ ਲੁਧਿਆਣਾ ਅਤੇ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ੨੨ ਫਰਵਰੀ ਨੂੰ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸੰਗਤ ਨੂੰ ਗੁਰ-ਇਤਿਹਾਸ ਅਤੇ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਇਸ ਤਹਿਤ ੨੩ ਫਰਵਰੀ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰ ਕੇ ੭੦ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ■